Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA




Vol. 19, Issue- 891, 29 Jan to 04 Feb., 2026, Ph: 916-320-9444, E-mail: punjabmailusa@yahoo.com, Web: punjabmailusa.com

# ਅਮਰੀਕਾ 'ਚ ਰਾਜਨੀਤਿਕ ਸ਼ਰਣ ਵਾਲਿਆਂ 'ਤੇ ਡਿੱਗੀ ਗਾਜ਼

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਟਰੰਪ ਪ੍ਰਸ਼ਾਸਨ ਵੱਲੋਂ ਪਿਛਲੇ ਦਿਨੀਂ ਇਹ ਐਲਾਨ ਕੀਤਾ ਗਿਆ ਸੀ ਕਿ ਅਮਰੀਕਾ ਵਿਚ ਰਾਜਨੀਤਿਕ ਸ਼ਰਣ 'ਤੇ ਅਸਥਾਈ ਪਾਬੰਦੀ ਲਾ ਦਿੱਤੀ ਜਾਵੇਗੀ, ਜਿਸ ਦਾ ਅਸਰ ਹੁਣ ਦੇਖਣ ਨੂੰ ਮਿਲ ਰਿਹਾ ਹੈ। ਯੂ.ਐੱਸ. ਸਿਟੀਜ਼ਨਸ਼ਿਪ ਅਤੇ ਇਮੀਗ੍ਰੇਸ਼ਨ ਵਿਭਾਗ ਵੱਲੋਂ ਸਾਲ 2025 ਦੇ ਅਖੀਰ ਵਿਚ ਇਹ ਐਲਾਨ ਕੀਤਾ ਗਿਆ ਸੀ ਕਿ ਅਮਰੀਕਾ ਵਿਚ ਰਾਜਨੀਤਿਕ ਸ਼ਰਣ ਬੰਦ ਕਰ ਦਿੱਤੀ ਜਾਵੇਗੀ। ਇਸ ਦੌਰਾਨ ਲੰਬਿਤ ਅਤੇ ਨਵੀਆਂ ਸ਼ਰਣ ਅਰਜ਼ੀਆਂ (Form I-589) ਨੂੰ ਰੋਕ ਦਿੱਤਾ ਗਿਆ ਹੈ।

2023 'ਚ ਬਾਇਡਨ ਪ੍ਰਸ਼ਾਸਨ ਦੀਆਂ ਨੀਤੀਆਂ ਕਾਰਨ ਵੱਡੀ




ਗਿਣਤੀ ਵਿਚ ਲੋਕ ਬਾਰਡਰ ਟੱਪ ਕੇ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਪਹੁੰਚੇ ਸਨ। ਇਸ ਦੌਰਾਨ ਇੰਟਰਵਿਊਜ਼ ਤਾਂ ਜਾਰੀ ਹਨ, ਪਰ ਅਸਾਇਲਮ ਕੇਸਾਂ ਦੇ ਪਾਸ ਪ੍ਰਤੀਸ਼ਤ ਨਾਂਹ ਦੇ ਬਰਾਬਰ ਹੈ।

ਪਿਛਲੇ ਸਮੇਂ ਦੌਰਾਨ ਰਾਜਨੀਤਿਕ ਸ਼ਰਣ ਦਾ ਸਮਰਥਨ ਕਰਨ ਵਾਲੇ ਕੁੱਝ ਜੱਜਾਂ ਨੂੰ ਰਾਸ਼ਟਰਪਤੀ ਟਰੰਪ ਵੱਲੋਂ ਬਰਖਾਸਤ ਕਰ ਦਿੱਤਾ ਗਿਆ ਸੀ। ਅਜਿਹਾ ਪਹਿਲੀ ਵਾਰ ਹੋਇਆ ਕਿ ਕਿਸੇ ਰਾਸ਼ਟਰਪਤੀ ਨੇ ਵੱਡੀ ਗਿਣਤੀ ਵਿਚ ਜੱਜਾਂ ਨੂੰ ਬਰਖਾਸਤ ਕੀਤਾ ਹੈ।

ਜ਼ਿਕਰਯੋਗ ਹੈ ਕਿ ਬਾਹਰੋਂ ਅਮਰੀਕਾ 'ਚ ਆਉਣ ਵਾਲੇ ਬਹੁਤ ਸਾਰੇ ਲੋਕ ਇਥੇ ਪੱਕੇ ਹੋਣ ਲਈ ਰਾਜਨੀਤਿਕ ਸ਼ਰਣ ਲੈਣ ਦਾ ਸਹਾਰਾ ਲੈਂਦੇ ਸੀ, ਜੋ ਨਸਲ, ਧਰਮ, ਰਾਜਨੀਤਿਕ ਰਾਏ, ਕੌਮੀਅਤ ਜਾਂ ਕਿਸੇ ਖਾਸ ਸਮਾਜਿਕ ਸਮੂਹ ਵਿਚ ਮੈਂਬਰਸ਼ਿਪ ਕਾਰਨ ਆਪਣੇ ਦੇਸ਼ ਵਿਚ ਜਾਣ ਦਾ ਖਤਰਾ ਦੱਸ ਕੇ ਇੱਥੇ ਸ਼ਰਣ ਲਈ ਅਪਲਾਈ ਕਰਦੇ ਸਨ, ਜਿਸ ਦੇ ਲਈ ਅਮਰੀਕਾ ਪਹੁੰਚਣ ਦੇ ਇੱਕ ਸਾਲ ਦੇ ਵਿਚ-ਵਿਚ (Form I-589) ਦਾਇਰ ਕਰਦੇ ਸਨ। ਉਨ੍ਹਾਂ ਨੂੰ ਤਿਆਰੀ ਕਰਨ ਲਈ ਇੱਕ ਵਕੀਲ ਦੀ ਜ਼ਰੂਰਤ ਹੁੰਦੀ ਹੈ। ਇਹ ਕੇਸ ਪਾਸ ਕਰਾਉਣ ਲਈ ਜੱਜ ਸਾਹਮਣੇ ਆਪਣੇ ਨਾਲ ਹੋਈਆਂ ਵਧੀਕੀਆਂ ਬਾਰੇ ਸਬੂਤਾਂ ਸਮੇਤ ਦੱਸਣਾ ਪੈਂਦਾ ਹੈ। ਅਰਜ਼ੀਕਰਤਾ ਆਪਣੇ ਨਾਲ ਆਪਣੇ ਜੀਵਨਸਾਥੀ ਅਤੇ 21 ਸਾਲ ਤੋਂ ਘੱਟ ਉਮਰ ਦੇ ਅਣਵਿਆਹੇ ਬੱਚਿਆਂ ਨੂੰ ਵੀ ਪੱਕੇ ਕਰਾ ਸਕਦੇ ਸਨ।

ਇਹ ਪਾਬੰਦੀਆਂ ਅਸਥਾਈ ਤੌਰ 'ਤੇ ਹਨ। ਆਉਣ ਵਾਲੇ ਸਮੇਂ ਵਿਚ ਪ੍ਰਸ਼ਾਸਨ ਵੱਲੋਂ ਇਸ 'ਤੇ ਦੁਬਾਰਾ ਵਿਚਾਰ ਵੀ ਕੀਤਾ ਜਾ ਸਕਦਾ ਹੈ।

## ਅਮਰੀਕੀ ਜੱਜ ਮਿਨੀਸੋਟਾ 'ਚ ਇਮੀਗ੍ਰੇਸ਼ਨ ਕਾਰਵਾਈਆਂ ਨੂੰ ਰੋਕਣ 'ਤੇ ਕਰ ਰਹੇ ਨੇ ਵਿਚਾਰ




ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- 26 ਜਨਵਰੀ ਨੂੰ ਇੱਕ ਅਮਰੀਕੀ ਜੱਜ ਨੇ ਮਿਨੀਸੋਟਾ ਰਾਜ ਦੀ ਇੱਕ ਬੇਨਤੀ 'ਤੇ ਵਿਚਾਰ ਕੀਤਾ ਕਿ ਟਰੰਪ ਪ੍ਰਸ਼ਾਸਨ ਦੇ ਇਮੀਗ੍ਰੇਸ਼ਨ ਕਰੈਕਡਾਊਨ ਨੂੰ ਅਸਥਾਈ ਤੌਰ 'ਤੇ ਰੋਕਿਆ ਜਾਵੇ। ਇਹ ਸੁਣਵਾਈ ਪਿਛਲੇ ਹਫ਼ਤੇ ਇੱਕ ਘਟਨਾ ਤੋਂ ਬਾਅਦ ਹੋਈ, ਜਿਸ ਵਿਚ ਇੱਕ ਹੋਰ ਅਮਰੀਕੀ ਨਾਗਰਿਕ ਦੀ ਮੌਤ ਹੋ ਗਈ ਸੀ, ਜਿਸ ਕਾਰਨ ਰਾਜ ਵਿਚ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਹੋਏ ਸਨ।

ਮਿਨੀਸੋਟਾ ਦੇ ਗਵਰਨਰ ਐਂਡਰਿਊ ਕੁਓਮੋ ਦੇ ਵਕੀਲਾਂ ਨੇ ਅਮਰੀਕੀ ਜ਼ਿਲ੍ਹਾ ਜੱਜ ਕੈਥਰੀਨ ਮੇਨਡੇਜ਼ ਨੂੰ ਰਾਜ ਵਿਚ ਭੇਜੇ ਗਏ ਲਗਭਗ 3,000 ਇਮੀਗ੍ਰੇਸ਼ਨ ਏਜੰਟਾਂ ਦੀ ਤਾਇਨਾਤੀ ਨੂੰ ਤੁਰੰਤ ਮੁਅੱਤਲ ਕਰਨ ਲਈ ਕਿਹਾ। ਉਨ੍ਹਾਂ ਦਾ ਦੋਸ਼ ਹੈ ਕਿ ਇਹ ਕਾਰਵਾਈਆਂ ਹਿੰਸਕ ਅਤੇ ਗੈਰ-ਕਾਨੂੰਨੀ ਹਨ ਅਤੇ ਜਨਤਕ ਸੁਰੱਖਿਆ ਨੂੰ ਖਤਰੇ ਵਿਚ ਪਾਉਂਦੀਆਂ ਹਨ। ਸਟੇਟ ਅਟਾਰਨੀ ਜਨਰਲ ਦਫ਼ਤਰ ਦੇ ਵਕੀਲ ਬ੍ਰਾਇਨ ਕਾਰਟਰ ਨੇ ਕਿਹਾ ਕਿ ਪ੍ਰਸ਼ਾਸਨ ਕਾਨੂੰਨ ਦਾ ਸਤਿਕਾਰ ਕਰਨ ਦੀ ਬਜਾਏ ਸੜਕਾਂ 'ਤੇ ਸਥਿਤੀ ਨੂੰ ਹੋਰ ਵਿਗਾੜ ਰਿਹਾ ਹੈ।

ਹਾਲਾਂਕਿ, ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਨਿਯੁਕਤ ਜੱਜ ਮੇਨਡੇਜ਼ – ਰਾਜ ਦੀ ਦਲੀਲ 'ਤੇ ਸ਼ੱਕੀ ਦਿਖਾਈ ਦਿੱਤੇ, ਉਨ੍ਹਾਂ ਕਿਹਾ ਕਿ ਇਹ ਨਿਰਧਾਰਤ ਕਰਨਾ ਮੁਸ਼ਕਲ ਹੈ ਕਿ ਸੰਘੀ ਸਰਕਾਰ ਕਦੋਂ ਆਪਣੀਆਂ ਸੀਮਾਵਾਂ ਨੂੰ ਪਾਰ ਕਰਦੀ ਹੈ। ਟਰੰਪ ਪ੍ਰਸ਼ਾਸਨ ਨੇ ਅਦਾਲਤ ਨੂੰ ਦੱਸਿਆ ਕਿ ਰਾਜ ਦੀ ਮੰਗ "ਬਹੁਤ ਹੀ ਅਵਿਵਹਾਰਕ" ਸੀ ਅਤੇ ਸੰਘੀ ਕਾਨੂੰਨ ਨੂੰ ਕਮਜ਼ੋਰ ਕਰੇਗੀ। ਸੁਣਵਾਈ ਕਈ ਘੰਟਿਆਂ ਤੱਕ ਚੱਲਣ ਦੀ ਉਮੀਦ ਹੈ, ਜਿਸ ਤੋਂ ਬਾਅਦ ਫੈਸਲਾ ਲਿਆ ਜਾ ਸਕਦਾ ਹੈ। ਇਸ ਕਦਮ ਨੇ ਕੜਾਕੇ ਦੀ ਠੰਢ ਵਿਚ ਵੀ ਵਿਆਪਕ ਵਿਰੋਧ ਪ੍ਰਦਰਸ਼ਨ ਕੀਤੇ ਅਤੇ ਰਾਜ ਦੇ ਡੈਮੋਕ੍ਰੇਟਿਕ ਨੇਤਾਵਾਂ ਵੱਲੋਂ ਤਿੱਖੀ ਆਲੋਚਨਾ ਕੀਤੀ ਗਈ। 25 ਜਨਵਰੀ ਨੂੰ, ਮਿਨੀਸੋਟਾ ਦੀਆਂ 60 ਵੱਡੀਆਂ ਕੰਪਨੀਆਂ – ਜਿਵੇਂ ਕਿ ਟਾਰਗੇਟ, 3ਐੱਮ, ਯੂਨਾਈਟਿਡਹੈਲਥ ਅਤੇ ਯੂ.ਐੱਸ. ਬੈਂਕੋਰਪ ਨੇ ਰਾਜ ਅਤੇ ਸੰਘੀ ਸਰਕਾਰਾਂ ਵਿਚਕਾਰ ਤਣਾਅ ਘਟਾਉਣ ਦੀ ਮੰਗ ਕੀਤੀ।

ਇਸ ਦੌਰਾਨ, ਗਵਰਨਰ ਲਈ ਇੱਕ ਪ੍ਰਮੁੱਖ ਰਿਪਬਲਿਕਨ ਉਮੀਦਵਾਰ, ਕ੍ਰਿਸ ਮੈਡੇਲ, 26 ਜਨਵਰੀ ਨੂੰ ਦੌੜ ਤੋਂ ਪਿੱਛੇ ਹਟ ਗਏ। ਉਨ੍ਹਾਂ ਕਿਹਾ ਕਿ ਇਮੀਗ੍ਰੇਸ਼ਨ ਕਾਰਵਾਈ ਬਹੁਤ ਜ਼ਿਆਦਾ ਵਧ ਗਈ ਹੈ ਅਤੇ ਕਿਸੇ ਵੀ ਰਿਪਬਲਿਕਨ ਲਈ ਜਿੱਤਣਾ ਮੁਸ਼ਕਲ ਬਣਾ ਦਿੱਤਾ ਹੈ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਕਿ ਉਹ ਵ੍ਹਾਈਟ ਹਾਊਸ ਦੇ ਸਰਹੱਦੀ ਸੁਰੱਖਿਆ ਮੁਖੀ ਟੌਮ ਹੋਮਨ ਨੂੰ ਮਿਨੀਸੋਟਾ ਭੇਜਣਗੇ। ਇਹ ਫੈਸਲਾ 37 ਸਾਲਾ ਨਰਸ ਐਲੇਕਸ ਪ੍ਰੈਟੀ ਦੀ ਮੌਤ ਤੋਂ ਬਾਅਦ ਲਿਆ ਗਿਆ ਹੈ, ਜਿਸ ਨੂੰ 24 ਜਨਵਰੀ ਨੂੰ ਮਿਨੀਆਪੋਲਿਸ ਵਿਚ ਇਮੀਗ੍ਰੇਸ਼ਨ ਏਜੰਟਾਂ ਨੇ ਗੋਲੀ ਮਾਰ ਦਿੱਤੀ ਸੀ।

## 2026 'ਚ ਅਮਰੀਕਾ ਗਲਤ ਦਿਸ਼ਾ ਵੱਲ ਜਾ ਰਿਹੈ: ਸਰਵੇਖਣ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਦਸੰਬਰ 2025 'ਚ ਕੀਤੇ ਗਏ ਇੱਕ ਰਾਸ਼ਟਰੀ ਸਰਵੇਖਣ ਅਨੁਸਾਰ, 10 ਵਿਚੋਂ 6 ਏਸ਼ੀਆਈ ਅਮਰੀਕੀ, ਮੂਲ ਹਵਾਈਅਨ ਅਤੇ ਪ੍ਰਸ਼ਾਂਤ ਟਾਪੂ ਵਾਸੀ (ਏ.ਏ.ਪੀ.ਆਈ.) ਬਾਲਗ ਮੰਨਦੇ ਹਨ ਕਿ ਸੰਯੁਕਤ ਰਾਜ ਅਮਰੀਕਾ 2026 'ਚ ਗਲਤ ਦਿਸ਼ਾ ਵੱਲ ਜਾ ਰਿਹਾ ਹੈ। ਇਹ ਸਰਵੇਖਣ ਐਸੋਸੀਏਟਿਡ ਪ੍ਰੈੱਸ-ਐੱਨ.ਓ.ਆਰ.ਸੀ. ਸੈਂਟਰ ਅਤੇ ਏ.ਏ.ਪੀ.ਆਈ. ਡੇਟਾ ਦੁਆਰਾ ਕੀਤਾ ਗਿਆ ਸੀ। ਸਰਵੇਖਣ 'ਚ ਪਾਇਆ ਗਿਆ ਕਿ ਲੋਕਾਂ ਦੀਆਂ ਮੁੱਖ ਚਿੰਤਾਵਾਂ ਮਹਿੰਗਾਈ, ਸਿਹਤ ਸੰਭਾਲ ਲਾਗਤਾਂ ਅਤੇ ਇਮੀਗ੍ਰੇਸ਼ਨ ਸਨ।

ਸਰਵੇਖਣ ਅਨੁਸਾਰ, ਲਗਭਗ 60 ਪ੍ਰਤੀਸ਼ਤ ਏ.ਏ.ਪੀ.ਆਈ. ਬਾਲਗ ਮੰਨਦੇ ਹਨ ਕਿ 2026 'ਚ



ਦੇਸ਼ ਦੀ ਸਥਿਤੀ ਹੋਰ ਵਿਗੜ ਜਾਵੇਗੀ, ਜਦੋਂਕਿ 58 ਪ੍ਰਤੀਸ਼ਤ ਨੂੰ ਡਰ ਹੈ ਕਿ ਦੇਸ਼ ਦੀ ਆਰਥਿਕਤਾ ਵੀ ਵਿਗੜ ਜਾਵੇਗੀ। 49 ਪ੍ਰਤੀਸ਼ਤ ਨੇ ਮਹਿੰਗਾਈ ਅਤੇ ਰੋਜ਼ਾਨਾ ਖਰਚਿਆਂ ਨੂੰ ਸਰਕਾਰ ਦੀ ਪ੍ਰਮੁੱਖ ਤਰਜੀਹ ਦੱਸਿਆ। ਕੁੱਲ ਮਿਲਾ ਕੇ, 72 ਪ੍ਰਤੀਸ਼ਤ ਨੇ ਕਿਸੇ ਨਾ ਕਿਸੇ ਕਿਸਮ ਦੀ ਆਰਥਿਕ ਚਿੰਤਾ ਦੀ ਰਿਪੋਰਟ ਕੀਤੀ ਅਤੇ 42 ਪ੍ਰਤੀਸ਼ਤ ਨੇ ਆਪਣੀ ਨਿੱਜੀ ਵਿੱਤੀ ਸਥਿਤੀ ਨੂੰ ਚਿੰਤਾ ਦਾ ਕਾਰਨ ਦੱਸਿਆ।

■ ਬਾਕੀ ਖਬਰ ਸਫਾ 6 'ਤੇ

## ਜਹਾਜ਼ ਹਾਦਸੇ 'ਚ ਮਹਾਰਾਸ਼ਟਰ ਦੇ ਉੱਪ ਮੁੱਖ ਮੰਤਰੀ ਅਜੀਤ ਪਵਾਰ ਸਮੇਤ 5 ਲੋਕਾਂ ਦੀ ਮੌਤ

### 8.45 ਵਜੇ ਸਵੇਰੇ ਬਾਰਾਮਤੀ 'ਚ ਲੈਂਡਿੰਗ ਦੌਰਾਨ ਹਾਦਸੇ ਦਾ ਹੋਇਆ ਸ਼ਿਕਾਰ



ਮੁੰਬਈ, (ਪੰਜਾਬ ਮੇਲ)- ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਦਾ ਜਹਾਜ਼ ਹਾਦਸੇ 'ਚ ਦੇਹਾਂਤ ਹੋ ਗਿਆ ਹੈ। ਮੁੰਬਈ ਤੋਂ ਬਾਰਾਮਤੀ ਲਈ ਰਵਾਨਾ ਹੋਏ ਅਜੀਤ ਪਵਾਰ ਦਾ ਜਹਾਜ਼ 8.45 'ਤੇ ਬਾਰਾਮਤੀ 'ਚ ਲੈਂਡਿੰਗ ਦੌਰਾਨ ਹਾਦਸੇ ਦਾ ਸ਼ਿਕਾਰ ਹੋਇਆ। ਡੀ.ਜੀ.ਸੀ.ਏ. ਨੇ ਦੱਸਿਆ ਕਿ ਹਾਦਸੇ 'ਚ ਮੌਜੂਦ ਸਾਰੇ ਲੋਕਾਂ ਦੀ ਮੌਤ ਹੋ ਗਈ ਹੈ। ਮੀਡੀਆ ਰਿਪੋਰਟਾਂ ਅਨੁਸਾਰ ਬੁੱਧਵਾਰ ਸਵੇਰੇ ਜਦੋਂ ਇਹ ਹਾਦਸਾ ਹੋਇਆ, ਤਾਂ ਅਜੀਤ ਪਵਾਰ ਜ਼ਿਲ੍ਹਾ ਪ੍ਰੀਸ਼ਦ ਚੋਣ ਪ੍ਰਚਾਰ ਲਈ ਮੁੰਬਈ ਤੋਂ ਬਾਰਾਮਤੀ ਜਾ ਰਹੇ ਸਨ।



ਜਾਣਕਾਰੀ ਮੁਤਾਬਕ ਇਹ ਇਕ ਪ੍ਰਾਈਵੇਟ ਜੈੱਟ ਸੀ ਅਤੇ ਤਸਵੀਰਾਂ 'ਚ ਦਿਖਾਇਆ ਜਾ ਰਿਹਾ ਹੈ ਕਿ ਜਹਾਜ਼ ਦਾ ਅਗਲਾ ਹਿੱਸਾ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਿਆ ਹੈ। ਵੱਡੀ ਗਿਣਤੀ 'ਚ ਪੁਲਿਸ ਅਧਿਕਾਰੀ ਅਤੇ ਸੁਰੱਖਿਆ ਏਜੰਸੀਆਂ ਮੌਕੇ 'ਤੇ ਪਹੁੰਚ ਗਈਆਂ ਤੇ ਸਥਿਤੀ ਦਾ ਮੁਲਾਂਕਣ ਕਰ ਰਹੀਆਂ ਹਨ। ਲੋਅ ਵਿਜੀਬਿਲਟੀ ਕਾਰਨ ਇਹ ਹਾਦਸਾ ਵਾਪਰਿਆ ਦੱਸਿਆ ਜਾ ਰਿਹਾ ਹੈ। ਅਜੀਤ ਪਵਾਰ ਦੇ ਨਾਲ ਉਨ੍ਹਾਂ ਦੇ ਨਿੱਜੀ ਸਹਾਇਕ, ਸੁਰੱਖਿਆ ਕਰਮਚਾਰੀ ਅਤੇ ਜਹਾਜ਼ ਸਟਾਫ ਵੀ ਜਹਾਜ਼ ਵਿਚ ਮੌਜੂਦ ਸਨ।

ਜ਼ਿਕਰਯੋਗ ਹੈ ਕਿ ਅਜੀਤ ਪਵਾਰ 1991 'ਚ ਬਾਰਾਮਤੀ ਸੰਸਦੀ ਖੇਤਰ ਤੋਂ ਲੋਕ ਸਭਾ ਲਈ ਚੁਣੇ ਗਏ ਸਨ। ਇਸ ਤੋਂ ਇਲਾਵਾ ਉਹ ਬਾਰਾਮਤੀ ਵਿਧਾਨ ਸਭਾ ਤੋਂ 7 ਵਾਰ ਮਹਾਰਾਸ਼ਟਰ ਵਿਧਾਨ ਸਭਾ ਲਈ ਚੁਣੇ ਗਏ। ਉਨ੍ਹਾਂ ਨੇ ਪਹਿਲੀ ਵਾਰ 1991 ਦੀ ਉਪ ਚੋਣ 'ਚ ਜਿੱਤ ਹਾਸਲ ਕੀਤੀ ਅਤੇ ਉਸ ਤੋਂ ਬਾਅਦ 1995, 1999, 2004, 2009 ਅਤੇ 2014 'ਚ ਲਗਾਤਾਰ ਪੰਜ ਕਾਰਜਕਾਲ ਲਈ ਇਸ ਨੂੰ ਬਰਕਰਾਰ ਰੱਖਿਆ।

ਅਜੀਤ ਪਵਾਰ ਮਹਾਰਾਸ਼ਟਰ ਦੇ ਦਿੱਗਜ ਨੇਤਾ ਸਨ ਅਤੇ ਉਹ ਐੱਨ.ਸੀ.ਪੀ. ਦੇ ਮੁਖੀ ਵੀ ਸਨ। ਸਿਰਫ 13 ਸਾਲਾਂ 'ਚ ਉਨ੍ਹਾਂ ਨੇ 5 ਵਾਰ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। 10 ਨਵੰਬਰ 2010 ਨੂੰ ਪਹਿਲੀ ਵਾਰ ਅਜੀਤ ਪਵਾਰ ਨੇ ਉਪ ਮੁੱਖ ਮੰਤਰੀ ਦੇ ਤੌਰ 'ਤੇ ਸਹੁੰ ਚੁੱਕੀ ਸੀ। ਇਸ ਦੌਰਾਨ ਰਾਜ ਦੇ ਮੁੱਖ ਮੰਤਰੀ ਪ੍ਰਿਥਵੀਰਾਜ ਚੌਹਾਨ ਸੀ। ਇਸ ਤੋਂ ਬਾਅਦ 25 ਅਕਤੂਬਰ 2012 ਨੂੰ ਉਨ੍ਹਾਂ ਨੇ ਦੂਜੀ ਵਾਰ ਸਹੁੰ ਚੁੱਕੀ ਸੀ। ਇਸ ਮੌਕੇ ਵੀ ਰਾਜ ਦੇ ਮੁੱਖ ਮੰਤਰੀ ਪ੍ਰਿਥਵੀਰਾਜ ਚੌਹਾਨ ਸਨ।

## ਅਮਰੀਕਾ 'ਚ ਬਰਫ਼ੀਲੇ ਤੂਫ਼ਾਨ ਕਾਰਨ 50 ਤੋਂ ਵੱਧ ਲੋਕਾਂ ਦੀ ਮੌਤ; ਹਵਾਈ ਉਡਾਣਾਂ ਰੱਦ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ ਭਾਰੀ ਠੰਡ ਅਤੇ ਬਰਫ਼ੀਲੇ ਤੂਫਾਨਾਂ ਨੇ ਭਾਰੀ ਤਬਾਹੀ ਮਚਾਈ ਹੈ। 23 ਜਨਵਰੀ ਤੋਂ ਸ਼ੁਰੂ ਹੋਏ ਇਸ ਸ਼ਕਤੀਸ਼ਾਲੀ ਸਰਦੀਆਂ ਦੇ ਤੂਫਾਨ ਕਾਰਨ ਹੁਣ ਤੱਕ 14 ਰਾਜਾਂ ਵਿਚ 50 ਦੇ ਕਰੀਬ ਲੋਕਾਂ ਦੀ ਮੌਤ ਹੋ ਗਈ ਹੈ। ਸਥਾਨਕ ਅਧਿਕਾਰੀਆਂ ਅਤੇ ਮੀਡੀਆ ਰਿਪੋਰਟਾਂ ਅਨੁਸਾਰ, ਦੇਸ਼ ਦੇ ਮੱਧ ਅਤੇ ਪੂਰਬੀ ਹਿੱਸਿਆਂ ਵਿਚ ਭਾਰੀ ਬਰਫ਼ਬਾਰੀ ਅਤੇ ਜ਼ੀਰੋ ਤੋਂ ਹੇਠਾਂ ਤਾਪਮਾਨ ਨੇ ਜਨਜੀਵਨ ਨੂੰ ਠੱਪ ਕਰ ਕੇ ਰੱਖ ਦਿੱਤਾ ਹੈ। ਹੋਮਲੈਂਡ ਸਕਿਓਰਿਟੀ ਸੈਕਟਰੀ ਕ੍ਰਿਸਟੀ ਨੋਏਮ ਨੇ ਕਿਹਾ ਕਿ ਫੈਡਰਲ ਐਮਰਜੈਂਸੀ ਮੈਨੇਜਮੈਂਟ ਏਜੰਸੀ ਨੇ ਕਈ ਰਾਜਾਂ 'ਚ ਜ਼ਰੂਰੀ ਸਪਲਾਈ, ਕਰਮਚਾਰੀ ਤੇ ਖੋਜ ਤੇ ਬਚਾਅ ਟੀਮਾਂ ਤਾਇਨਾਤ ਕੀਤੀਆਂ ਹਨ। ਨੋਏਮ ਨੇ ਕਿਹਾ ਕਿ ਅਸੀਂ ਸਿਰਫ ਸਾਰਿਆਂ ਨੂੰ ਘਰ ਰਹਿਣ ਲਈ ਕਹਿ ਰਹੇ ਹਾਂ। ਅਮਰੀਕਾ 'ਚ ਬਰਫ਼ੀਲੇ ਤੂਫਾਨ ਕਾਰਨ 13 ਹਜ਼ਾਰ ਉਡਾਣਾਂ ਰੱਦ ਹੋ ਗਈਆਂ ਹਨ।

23 ਜਨਵਰੀ ਨੂੰ ਸ਼ੁਰੂ ਹੋਇਆ ਇਹ ਤੂਫਾਨ ਹਫਤੇ




ਦੇ ਅੰਤ ਵਿਚ ਇੱਕ ਵੱਡੇ ਖੇਤਰ ਵਿਚ ਫੈਲ ਗਿਆ। ਸੜਕਾਂ 'ਤੇ ਬਰਫ਼ਬਾਰੀ ਨੇ ਆਵਾਜਾਈ ਨੂੰ ਠੱਪ ਕਰ ਦਿੱਤਾ, ਹਜ਼ਾਰਾਂ ਉਡਾਣਾਂ ਨੂੰ ਰੱਦ ਕਰਨ ਲਈ ਮਜਬੂਰ ਕਰ ਦਿੱਤਾ ਅਤੇ ਬਿਜਲੀ ਸਪਲਾਈ ਵਿਚ ਵਿਘਨ ਵੀ ਪਿਆ। 26 ਜਨਵਰੀ ਤੱਕ ਬਰਫ਼ਬਾਰੀ ਘੱਟ ਗਈ, ਪਰ ਇੱਕ ਗੰਭੀਰ ਠੰਢੀ ਲਹਿਰ ਬਣੀ ਰਹੀ, ਜੋ ਲੰਬੇ ਸਮੇਂ ਤੱਕ ਜਾਰੀ ਰਹਿਣ ਦੀ ਉਮੀਦ ਹੈ।

■ ਬਾਕੀ ਖਬਰ ਸਫਾ 6 'ਤੇ

## ਗੈਰ ਕਾਨੂੰਨੀ ਲੋਕਾਂ ਨੂੰ ਰੱਖਣ 'ਤੇ ਮਾਲਕ ਮਕਾਨਾਂ ਦੀ ਆਵੇਗੀ ਸ਼ਾਮਤ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਯੂ.ਐੱਸ. ਡਿਪਾਰਟਮੈਂਟ ਆਫ ਹਾਊਸਿੰਗ ਐਂਡ ਅਰਬਨ ਡਿਵੈਲਪਮੈਂਟ ਵਿਭਾਗ ਨੇ ਦੇਸ਼ ਵਿਆਪੀ ਨਾਗਰਿਕਤਾ ਜਾਂਚ ਦੇ ਆਦੇਸ਼ ਦਿੱਤੇ ਹਨ, ਜਿਸ ਨਾਲ ਇਥੇ ਵੱਡੀ ਗਿਣਤੀ ਵਿਚ ਗੈਰ ਕਾਨੂੰਨੀ ਕਿਰਾਏਦਾਰਾਂ ਬਾਰੇ ਪਤਾ ਲਗਾਇਆ ਜਾ ਸਕੇਗਾ। ਅਮਰੀਕਾ ਦੇ ਹਾਊਸਿੰਗ ਅਤੇ ਸ਼ਹਿਰੀ ਵਿਕਾਸ ਵਿਭਾਗ ਨੇ ਦੇਸ਼ ਭਰ ਦੇ ਜਨਤਕ ਰਿਹਾਇਸ਼ੀ ਮਾਲਕਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਕਿਰਾਏਦਾਰਾਂ ਦੀ ਨਾਗਰਿਕਤਾ ਅਤੇ ਯੋਗਤਾ ਦੀ ਤੁਰੰਤ ਪੁਸ਼ਟੀ ਕਰਨ ਕਿਉਂਕਿ ਗ੍ਰਹਿ ਸੁਰੱਖਿਆ ਵਿਭਾਗ ਵੱਲੋਂ ਇਸ ਸੰਬੰਧੀ ਬਹੁਤ ਸਾਰੀਆਂ ਸੂਚਨਾਵਾਂ ਪਾਈਆਂ ਜਾ ਰਹੀਆਂ ਹਨ ਕਿ ਮਾਲਕ ਮਕਾਨ ਗੈਰ ਕਾਨੂੰਨੀ ਲੋਕਾਂ ਨੂੰ ਪਨਾਹ ਦੇ ਰਹੇ ਹਨ। ਹੁਣ ਤੱਕ ਹੋਏ ਸਰਵੇ ਵਿਚ ਲਗਭਗ 2 ਲੱਖ ਕਿਰਾਏਦਾਰਾਂ ਦੇ ਰਿਕਾਰਡਾਂ ਦੀ ਪਛਾਣ ਕੀਤੀ ਜਾ ਚੁੱਕੀ ਹੈ।

■ ਬਾਕੀ ਖਬਰ ਸਫਾ 6 'ਤੇ

ਪੰਜਾਬ ਮੇਲ USA


ਮਹਾਨ ਸੂਰਬੀਰ ਜਰਨੈਲ
ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਦੀਆਂ
ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਵੱਲੋਂ
ਸਮੂਹ ਜਗਤ ਨੂੰ ਬਹੁਤ ਬਹੁਤ ਵਧਾਈਆਂ
Randhir Singh Nijjar
CAMP LOGISTICS
TRANSPORATATION & BROKERAGE INC
9365, Miko Circle, Elk Grove, CA 95624
ਰਣਧੀਰ ਸਿੰਘ ਧੀਰਾ ਨਿੱਜਰ (ਖੇਡ ਪ੍ਰਮੋਟਰ)

# ਕੇਂਦਰ ਵੱਲੋਂ 131 ਪਦਮ ਪੁਰਸਕਾਰਾਂ ਦਾ ਐਲਾਨ

**■ ਅਦਾਕਾਰ ਧਰਮਿੰਦਰ ਤੇ ਕੇਰਲਾ ਦੇ ਸਾਬਕਾ ਮੁੱਖ ਮੰਤਰੀ ਅਛੂਤਾਨੰਦਨ ਨੂੰ ਪਦਮ ਵਿਭੂਸ਼ਣ**



ਧਰਮਿੰਦਰ (ਪਦਮ ਵਿਭੂਸ਼ਣ) | ਵੀ ਐੱਸ ਅਛੂਤਾਨੰਦਨ (ਪਦਮ ਵਿਭੂਸ਼ਣ) | ਸ਼ਿਬੂ ਸੋਰੇਨ (ਪਦਮ ਭੂਸ਼ਣ)



ਸੰਤ ਨਿਰੰਜਣ ਦਾਸ (ਪਦਮ ਸ੍ਰੀ) | ਹਰਮਨਪ੍ਰੀਤ ਕੌਰ (ਪਦਮ ਸ੍ਰੀ) | ਬਲਦੇਵ ਸਿੰਘ (ਪਦਮ ਸ੍ਰੀ)

**ਨਵੀਂ ਦਿੱਲੀ, (ਪੰਜਾਬ ਮੇਲ)**- ਕੇਂਦਰੀ ਗ੍ਰਿਹ ਮੰਤਰਾਲੇ ਨੇ ਸਾਲ 2026 ਲਈ 131 ਪਦਮ ਪੁਰਸਕਾਰਾਂ ਦਾ ਐਲਾਨ ਕੀਤਾ ਹੈ। ਇਨ੍ਹਾਂ 'ਚ ਪੰਜ ਪਦਮ ਵਿਭੂਸ਼ਣ, 13 ਪਦਮ ਭੂਸ਼ਣ ਅਤੇ 113 ਪਦਮ ਸ੍ਰੀ ਸ਼ਾਮਲ ਹਨ। ਅਦਾਕਾਰ ਧਰਮਿੰਦਰ ਅਤੇ ਕੇਰਲਾ ਦੇ ਸਾਬਕਾ ਮੁੱਖ ਮੰਤਰੀ ਤੇ ਉੱਘੇ ਖੱਬੇ ਪੱਖੀ ਆਗੂ ਵੀ.ਐੱਸ. ਅਛੂਤਾਨੰਦਨ ਨੂੰ ਮਰਨ ਉਪਰੰਤ ਪਦਮ ਵਿਭੂਸ਼ਣ ਦੇਣ ਦਾ ਐਲਾਨ ਕੀਤਾ ਗਿਆ ਹੈ। ਸੁਪਰੀਮ ਕੋਰਟ ਦੇ ਸਾਬਕਾ ਜੱਜ ਕੇ ਟੀ ਥੌਮਸ, ਹਿੰਦੁਸਤਾਨੀ ਸ਼ਾਸਤਰੀ ਸੰਗੀਤਕਾਰ ਤੇ ਵਾਇਲਨ ਵਾਦਕ ਐੱਨ ਰਾਜਮ ਅਤੇ ਉੱਘੇ ਮਲਿਆਲਮ ਪੱਤਰਕਾਰ ਪੀ ਨਰਾਇਣਨ ਨੂੰ ਵੀ ਪਦਮ ਵਿਭੂਸ਼ਣ ਮਿਲੇਗਾ।

ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਮੋਗੇ ਦੀ ਹਰਮਨਪ੍ਰੀਤ ਕੌਰ, ਸੰਤ ਨਿਰੰਜਣ ਦਾਸ, ਬਲਦੇਵ ਸਿੰਘ ਅਤੇ ਸਾਬਕਾ ਡੀ.ਆਈ.ਜੀ. ਇੰਦਰਜੀਤ ਸਿੰਘ ਸਿੱਧੂ (ਚੰਡੀਗੜ੍ਹ) ਨੂੰ ਪਦਮ ਸ੍ਰੀ ਦੇਣ ਦਾ ਐਲਾਨ ਕੀਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ ਪਿੱਠਵਰਤੀ ਗਾਇਕਾ ਅਲਕਾ ਯਾਗਨਿਕ, ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਭਗਤ ਸਿੰਘ ਕੋਸ਼ਿਆਰੀ, ਅਦਾਕਾਰ ਮਮੂਤੀ ਅਤੇ ਬੈਂਕਰ ਉਦੇ ਕੋਟਕ ਨੂੰ ਪਦਮ ਭੂਸ਼ਣ ਮਿਲੇਗਾ। ਐਡ ਗੁਰੂ ਪਿਯੂਸ਼ ਪਾਂਡੇ, ਜੇ.ਐੱਮ.ਐੱਮ. ਬਾਨੀ ਸ਼ਿਬੂ ਸੋਰੇਨ ਅਤੇ ਭਾਜਪਾ ਆਗੂ ਵੀ.ਕੇ. ਮਲਹੋਤਰਾ ਨੂੰ ਮਰਨ ਉਪਰੰਤ ਪਦਮ ਭੂਸ਼ਣ ਜਦਕਿ ਅਦਾਕਾਰ ਤੇ ਕਾਮੇਡੀਅਨ ਸਤੀਸ਼ ਸ਼ਾਹ ਨੂੰ ਪਦਮ ਸ੍ਰੀ ਦੇਣ ਦਾ ਐਲਾਨ ਕੀਤਾ ਗਿਆ ਹੈ।

ਪਦਮ ਪੁਰਸਕਾਰਾਂ 'ਚੋਂ 90 ਹਸਤੀਆਂ ਮਹਿਲਾਵਾਂ ਹਨ ਅਤੇ ਸੂਚੀ 'ਚ ਵਿਦੇਸ਼ੀਆਂ, ਐੱਨ.ਆਰ.ਆਈ., ਪੀ.ਆਈ.ਓ. ਅਤੇ ਓ.ਸੀ.ਆਈ. ਦੇ ਵਰਗ 'ਚੋਂ ਛੇ ਨਾਮ ਸ਼ਾਮਲ ਹਨ; 16 ਨੂੰ ਮਰਨ ਉਪਰੰਤ ਪੁਰਸਕਾਰ ਦਿੱਤਾ ਗਿਆ ਹੈ।

ਟੈਨਿਸ ਖਿਡਾਰੀ ਰਹੇ ਵਿਜੇ ਅੰਮ੍ਰਿਤਰਾਜ, ਕ੍ਰਿਕਟਰ ਰੋਹਿਤ ਸ਼ਰਮਾ ਅਤੇ ਹਾਕੀ ਖਿਡਾਰਨ ਸਵਿਤਾ ਪੂਨੀਆ ਨੂੰ ਪਦਮ ਸ੍ਰੀ ਮਿਲੇਗਾ। ਮੰਤਰਾਲੇ ਨੇ ਕਿਹਾ ਕਿ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਵੀ ਸੀ ਐੱਮ ਜਗਦੀਸ਼ ਕੁਮਾਰ, ਪ੍ਰਸਾਰ ਭਾਰਤੀ ਦੇ ਸੀ.ਈ.ਓ. ਸ਼ਸ਼ੀ ਸ਼ੇਖਰ ਵੇਂਪਤੀ ਅਤੇ ਅਦਾਕਾਰ ਆਰ ਮਾਧਵਨ ਤੇ ਪ੍ਰਸਨਜੀਤ ਚੈਟਰਜੀ ਦੇ ਨਾਮ ਵੀ ਪਦਮ ਸ੍ਰੀ ਹਾਸਲ ਕਰਨ ਵਾਲਿਆਂ 'ਚ ਸ਼ਾਮਲ ਹਨ।

## ਕੰਗਨਾ ਰਣੌਤ ਖਿਲਾਫ ਮਾਣਹਾਨੀ ਮਾਮਲੇ ਦੀ ਸੁਣਵਾਈ 10 ਫਰਵਰੀ ਤੱਕ ਮੁਲਤਵੀ



**ਬਠਿੰਡਾ, (ਪੰਜਾਬ ਮੇਲ)**- ਅਦਾਕਾਰਾ ਅਤੇ ਸੰਸਦ ਮੈਂਬਰ ਕੰਗਨਾ ਰਣੌਤ ਖ਼ਿਲਾਫ਼ ਬਜ਼ੁਰਗ ਕਿਸਾਨ ਮਹਿਲਾ ਮਹਿੰਦਰ ਕੌਰ ਵੱਲੋਂ ਦਾਇਰ ਮਾਣਹਾਨੀ ਮਾਮਲੇ ਵਿਚ ਅਦਾਲਤ ਨੇ ਅਗਲੀ ਸੁਣਵਾਈ ਲਈ 10 ਫਰਵਰੀ ਦੀ ਤਰੀਕ ਤੈਅ ਕੀਤੀ ਹੈ। ਸੁਣਵਾਈ ਦੌਰਾਨ ਕੰਗਨਾ ਰਣੌਤ ਵਰਚੁਅਲ ਤੌਰ 'ਤੇ ਅਦਾਲਤ ਵਿਚ ਪੇਸ਼ ਹੋਈ।

ਇਸ ਦੌਰਾਨ ਮਹਿੰਦਰ ਕੌਰ ਦੇ ਵਕੀਲ ਵੱਲੋਂ ਅਦਾਲਤ ਵਿਚ ਇੱਕ ਅਹਿਮ ਅਰਜ਼ੀ ਦਾਇਰ ਕੀਤੀ ਗਈ, ਜਿਸ ਵਿਚ ਕੰਗਨਾ ਰਣੌਤ ਦਾ ਪਾਸਪੋਰਟ ਜ਼ਬਤ ਕਰਨ ਦੀ ਮੰਗ ਕੀਤੀ ਗਈ। ਵਕੀਲ ਨੇ ਦਲੀਲ ਦਿੱਤੀ ਕਿ ਉਨ੍ਹਾਂ ਨੂੰ ਖਦਸ਼ਾ ਹੈ ਕਿ ਕੰਗਨਾ ਰਣੌਤ ਮਾਮਲੇ ਤੋਂ ਬਚਣ ਲਈ ਦੇਸ਼ ਤੋਂ ਬਾਹਰ ਜਾ ਸਕਦੀ ਹੈ, ਜਿਸ ਨਾਲ ਨਿਆਂ ਪ੍ਰਕਿਰਿਆ ਪ੍ਰਭਾਵਿਤ ਹੋ ਸਕਦੀ ਹੈ।

ਕਾਰਵਾਈ ਦੌਰਾਨ ਮਾਮਲੇ ਨਾਲ ਸੰਬੰਧਿਤ ਅਡੀਸ਼ਨਲ ਐਵੀਡੈਂਸ ਦੇ ਤੌਰ 'ਤੇ ਮਹਿੰਦਰ ਕੌਰ ਵੱਲੋਂ ਦੋ ਗਵਾਹ ਅਦਾਲਤ ਵਿਚ ਪੇਸ਼ ਕੀਤੇ ਗਏ। ਇਨ੍ਹਾਂ ਵਿਚ ਸੁਰਜੀਤ ਸਿੰਘ ਫੂਲ, ਜੋ ਕਿ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਪ੍ਰਧਾਨ ਹਨ ਅਤੇ ਇੱਕ ਹੋਰ ਕਿਸਾਨ ਨੇਤਾ ਸ਼ਾਮਲ ਸਨ। ਦੋਹਾਂ ਗਵਾਹਾਂ ਨੇ ਅਦਾਲਤ ਵਿਚ ਆਪਣੇ ਬਿਆਨ ਦਰਜ ਕਰਵਾਏ।

# ਗੈਂਗਸਟਰ ਗੋਲਡੀ ਬਰਾੜ ਦੇ ਮਾਤਾ-ਪਿਤਾ ਦਾ 30 ਜਨਵਰੀ ਤੱਕ ਰਿਮਾਂਡ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਗੈਂਗਸਟਰ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ ਦੇ ਪਿਤਾ ਸ਼ਮਸ਼ੇਰ ਸਿੰਘ ਅਤੇ ਮਾਤਾ ਪ੍ਰਿਤਪਾਲ ਕੌਰ ਨੂੰ ਸ੍ਰੀ ਮੁਕਤਸਰ ਸਾਹਿਬ ਪੁਲਿਸ ਵੱਲੋਂ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਦੋਵਾਂ ਨੂੰ ਸ੍ਰੀ ਮੁਕਤਸਰ ਸਾਹਿਬ ਦੇ ਥਾਣਾ ਸਦਰ 'ਚ ਦਰਜ ਰੰਗਦਾਰੀ ਅਤੇ ਜਾਨੋਂ ਮਾਰਨ ਦੀ ਧਮਕੀ ਦੇ ਇਕ ਕੇਸ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। 26 ਜਨਵਰੀ ਨੂੰ ਦੋਵਾਂ ਨੂੰ ਸ੍ਰੀ ਮੁਕਤਸਰ ਸਾਹਿਬ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ, ਜਿੱਥੇ ਉਨ੍ਹਾਂ ਦਾ ਇਕ ਦਿਨ ਦਾ ਰਿਮਾਂਡ ਮਿਲਿਆ ਸੀ, ਜੋ 27 ਜਨਵਰੀ ਨੂੰ ਖਤਮ ਹੋ ਗਿਆ। ਇਸ ਤੋਂ ਬਾਅਦ ਉਨ੍ਹਾਂ ਨੂੰ ਮੁੜ ਮੰਗਲਵਾਰ ਦੀ ਦੇਰ ਸ਼ਾਮ ਸੀ.ਜੇ.ਐੱਮ. ਨੀਰਜ ਕੁਮਾਰ ਸਿੰਗਲਾ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿੱਥੋਂ ਪੁਲਿਸ ਨੂੰ 30 ਜਨਵਰੀ ਤੱਕ ਦਾ ਰਿਮਾਂਡ ਮਿਲਿਆ।

ਦੱਸਿਆ ਜਾ ਰਿਹਾ ਹੈ ਕਿ ਗੋਲਡੀ ਬਰਾੜ ਦੇ ਪਿਤਾ ਸ਼ਮਸ਼ੇਰ ਸਿੰਘ ਪੰਜਾਬ ਪੁਲਿਸ ਦੇ ਰਿਟਾਇਰਡ ਏ.ਐੱਸ.ਆਈ. ਹਨ। ਇਸ ਮਾਮਲੇ ਵਿਚ ਫਿਲਹਾਲ ਗੋਲਡੀ ਬਰਾੜ ਦਾ ਨਾਮ ਸਾਹਮਣੇ ਨਹੀਂ ਆਇਆ ਹੈ। ਗੋਲਡੀ ਬਰਾੜ ਦੇ ਮਾਤਾ-ਪਿਤਾ ਦੇ ਵਕੀਲ ਬਾਬੂ ਸਿੰਘ ਸਿੱਧੂ ਨੇ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਦੇ ਥਾਣਾ ਸਦਰ ਵਿਚ 3 ਦਸੰਬਰ 2024 ਨੂੰ ਦਰਜ ਰੰਗਦਾਰੀ ਅਤੇ ਜਾਨੋਂ ਮਾਰਨ ਦੀ ਧਮਕੀ ਦੇ ਮਾਮਲੇ ਵਿਚ ਪੁਲਿਸ ਨੇ ਗੈਂਗਸਟਰ ਗੋਲਡੀ ਬਰਾੜ ਦੇ ਮਾਤਾ-ਪਿਤਾ ਨੂੰ ਅੰਮ੍ਰਿਤਸਰ ਦੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਸਥਿਤ ਇਕ ਹੋਟਲ ਤੋਂ ਗ੍ਰਿਫ਼ਤਾਰ ਕੀਤਾ ਹੈ। ਇਹ ਕਾਰਵਾਈ ਇਕ ਸਰਕਾਰੀ ਕਰਮਚਾਰੀ ਸਤਨਾਮ ਸਿੰਘ ਦੀ ਸ਼ਿਕਾਇਤ ਦੇ ਆਧਾਰ 'ਤੇ ਕੀਤੀ ਗਈ ਹੈ, ਜਿਸਨੂੰ ਵਿਦੇਸ਼ੀ ਮੋਬਾਈਲ ਨੰਬਰ ਤੋਂ ਵਟਸਐਪ ਕਾਲ ਰਾਹੀਂ ਰੰਗਦਾਰੀ ਦੀ ਧਮਕੀ ਦਿੱਤੀ ਗਈ ਸੀ। ਸ਼ਿਕਾਇਤਕਰਤਾ ਸਤਨਾਮ ਸਿੰਘ ਨੇ ਪੁਲਿਸ ਨੂੰ ਦੱਸਿਆ ਸੀ ਕਿ ਉਹ ਪਿਛਲੇ 33 ਸਾਲਾਂ ਤੋਂ ਸਿੱਖਿਆ ਵਿਭਾਗ ਵਿਚ ਕੰਮ ਕਰ ਰਿਹਾ ਹੈ। ਸ਼ਿਕਾਇਤਕਰਤਾ ਅਨੁਸਾਰ 27 ਨਵੰਬਰ 2024 ਨੂੰ ਸਕੂਲ ਵਿਚ ਡਿਊਟੀ ਦੌਰਾਨ ਉਸਨੂੰ ਇਕ ਵਿਦੇਸ਼ੀ ਨੰਬਰ ਤੋਂ ਕਾਲ ਆਈ, ਜਿਸ ਵਿਚ ਕਾਲ ਕਰਨ ਵਾਲੇ ਨੇ ਆਪਣੇ ਆਪ ਨੂੰ ਬੰਬੀਹਾ ਗੈਂਗ ਦਾ ਮੈਂਬਰ ਦੱਸਦਿਆਂ ਉਸ ਤੋਂ 50 ਲੱਖ ਰੁਪਏ ਦੀ ਰੰਗਦਾਰੀ ਦੀ ਮੰਗ ਕੀਤੀ। ਮੁਲਜ਼ਮ ਨੇ ਰੁਪਏ ਨਾ ਦੇਣ 'ਤੇ ਸ਼ਿਕਾਇਤਕਰਤਾ ਅਤੇ ਉਸਦੇ ਪਰਿਵਾਰਕ ਮੈਂਬਰਾਂ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ। ਇਸ ਤੋਂ ਬਾਅਦ 3 ਦਸੰਬਰ 2024 ਨੂੰ ਵੀ ਡਿਊਟੀ 'ਤੇ ਜਾਂਦੇ ਸਮੇਂ ਉਸਨੂੰ ਉਸੇ ਨੰਬਰ ਤੋਂ ਕਾਲ ਆਈ, ਤਾਂ ਉਹ ਘਬਰਾ ਗਿਆ। ਉਸ ਵਾਰ ਉਸਨੇ ਕਾਲ ਤਾਂ ਰਿਸੀਵ ਨਹੀਂ ਕੀਤੀ, ਪਰ ਪੁਲਿਸ ਨੂੰ ਸ਼ਿਕਾਇਤ ਦੇ ਦਿੱਤੀ, ਜਿਸ 'ਤੇ 3 ਦਸੰਬਰ 2024 ਨੂੰ ਥਾਣਾ ਸਦਰ ਵਿਚ ਕੇਸ ਦਰਜ ਕਰ ਲਿਆ ਗਿਆ।

# ਪਾਵਨ ਸਰੂਪ: ਸਰਕਾਰ ਤੇ ਸ਼੍ਰੋਮਣੀ ਕਮੇਟੀ ਵਿਚਾਲੇ ਤਣਾਅ ਬਰਕਰਾਰ

**ਅੰਮ੍ਰਿਤਸਰ, (ਪੰਜਾਬ ਮੇਲ)**- ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਾਲੇ ਤਣਾਅ ਬਰਕਰਾਰ ਹੈ। ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੇ ਦਾਅਵਾ ਕੀਤਾ ਕਿ ਉਹ ਪਾਵਨ ਸਰੂਪਾਂ ਦੇ ਮਾਮਲੇ ਦੀ ਜਾਂਚ ਵਾਸਤੇ ਬਣੀ ਵਿਸ਼ੇਸ਼ ਜਾਂਚ ਟੀਮ (ਸਿਟ) ਨੂੰ ਰਿਕਾਰਡ ਦੇਣ ਲਈ ਤਿਆਰ ਹੈ ਪਰ ਹੁਣ ਤੱਕ ਸਿਟ ਵੱਲੋਂ ਰਿਕਾਰਡ ਲੈਣ ਲਈ ਕੋਈ ਹੁੰਗਾਰਾ ਨਹੀਂ ਭਰਿਆ ਗਿਆ। ਦੂਜੇ ਪਾਸੇ ਸਰਕਾਰ ਨੇ ਹਾਈ ਕੋਰਟ ਵਿਚ ਆਖਿਆ ਕਿ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਲੋੜੀਂਦਾ ਰਿਕਾਰਡ ਨਹੀਂ ਦਿੱਤਾ ਗਿਆ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਸਿਟ ਦੇ ਮੁਖੀ ਅਤੇ ਹੋਰਨਾਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਅੰਮ੍ਰਿਤਸਰ ਦਫ਼ਤਰ ਅਤੇ ਚੰਡੀਗੜ੍ਹ ਦਫ਼ਤਰ ਵਿਚ ਪਹੁੰਚ ਕਰ ਕੇ ਰਿਕਾਰਡ ਮੰਗਿਆ ਗਿਆ ਸੀ। ਇਸ ਮਾਮਲੇ ਦੀ ਜਾਂਚ ਵਾਸਤੇ ਜਿਸ ਤਰ੍ਹਾਂ ਦਾ ਵੀ ਰਿਕਾਰਡ ਮੰਗਿਆ ਗਿਆ ਸੀ, ਉਸ ਨੂੰ ਤਿਆਰ ਕੀਤਾ ਗਿਆ ਹੈ। ਇਸ ਤੋਂ ਬਾਅਦ ਉਨ੍ਹਾਂ ਸਿਟ ਦੇ ਮੁਖੀ, ਸਿਟ ਦੀ ਨਿਗਰਾਨੀ ਕਰ ਰਹੇ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਅਤੇ ਸਿਟ ਦੇ ਮੈਂਬਰ ਸਮੇਤ ਤਿੰਨਾਂ ਨੂੰ ਇਸ ਬਾਰੇ ਫੋਨ 'ਤੇ ਜਾਣਕਾਰੀ ਦਿੱਤੀ ਸੀ। ਇਨ੍ਹਾਂ ਸਾਰੇ ਅਧਿਕਾਰੀਆਂ ਨੂੰ 27, 28, 29 ਜਨਵਰੀ ਨੂੰ ਕਿਸੇ ਵੀ ਦਿਨ ਚੰਡੀਗੜ੍ਹ ਦਫ਼ਤਰ ਵਿਚ ਰਿਕਾਰਡ ਲੈਣ ਵਾਸਤੇ ਪੇਸ਼ਕਸ਼ ਕੀਤੀ ਸੀ ਪਰ ਇਨ੍ਹਾਂ ਵੱਲੋਂ ਕੋਈ ਹੁੰਗਾਰਾ ਨਹੀਂ ਦਿੱਤਾ ਗਿਆ।

## ਬੀ.ਸੀ.ਸੀ.ਆਈ. ਤੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਆਈ.ਐੱਸ. ਬਿੰਦਰਾ ਦਾ ਦੇਹਾਂਤ



**ਮੁਹਾਲੀ, (ਪੰਜਾਬ ਮੇਲ)**- ਭਾਰਤੀ ਕ੍ਰਿਕਟ ਬੋਰਡ (ਬੀ.ਸੀ.ਸੀ.ਆਈ.) ਦੇ ਦਿੱਗਜ ਤੇ ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀ.ਸੀ.ਏ.) ਦੇ ਸਾਬਕਾ ਪ੍ਰਧਾਨ ਇੰਦਰਜੀਤ ਸਿੰਘ ਬਿੰਦਰਾ ਦਾ ਨਵੀਂ ਦਿੱਲੀ ਸਥਿਤ ਉਨ੍ਹਾਂ ਦੇ ਘਰ ਵਿਚ ਦੇਹਾਂਤ ਹੋ ਗਿਆ। ਉਹ 84 ਸਾਲ ਦੇ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ ਸੋਮਵਾਰ ਨੂੰ ਲੋਧੀ ਸ਼ਮਸ਼ਾਨਘਾਟ ਵਿਚ ਕੀਤਾ ਗਿਆ। ਉਨ੍ਹਾਂ ਦੇ ਕਰੀਬੀ ਦੋਸਤਾਂ ਨੇ ਦੱਸਿਆ ਕਿ ਦੁਪਹਿਰ ਦਾ ਖਾਣਾ ਖਾਣ ਤੋਂ ਬਾਅਦ ਉਨ੍ਹਾਂ ਦੀ ਹਾਲਤ ਵਿਗੜ ਗਈ। ਉਨ੍ਹਾਂ ਦਾ ਪੁੱਤਰ ਅਮਰ ਬਿੰਦਰਾ ਅਤੇ ਧੀ ਦਿੱਲੀ ਵਿਚ ਸਨ।

# ਮਨੀ ਲਾਂਡਰਿੰਗ ਮਾਮਲਾ: ਪਰਲਜ਼ ਗਰੁੱਪ ਦੀ 2000 ਕਰੋੜ ਰੁਪਏ ਦੀ ਜਾਇਦਾਦ ਆਰਜ਼ੀ ਤੌਰ 'ਤੇ ਕੁਰਕ

**ਨਵੀਂ ਦਿੱਲੀ, (ਪੰਜਾਬ ਮੇਲ)**- ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਲੁਧਿਆਣਾ ਅਤੇ ਜੈਪੁਰ (ਰਾਜਸਥਾਨ) 'ਚ ਐੱਮ/ਐੱਸ ਪਰਲਜ਼ ਐਗਰੋਟੈਕ ਕਾਰਪੋਰੇਸ਼ਨ ਲਿਮਟਿਡ ਅਤੇ ਇਸ ਨਾਲ ਸਬੰਧਤ ਸੰਸਥਾਵਾਂ ਦੀਆਂ 1,986.48 ਕਰੋੜ ਰੁਪਏ ਦੀ ਕੀਮਤ ਦੀਆਂ 37 ਅਚੱਲ ਜਾਇਦਾਦਾਂ ਨੂੰ ਆਰਜ਼ੀ ਤੌਰ 'ਤੇ ਕੁਰਕ ਕਰ ਲਿਆ ਹੈ।

ਇਹ ਕਾਰਵਾਈ ਪੀ.ਏ.ਸੀ.ਐੱਲ. ਵੱਲੋਂ ਚਲਾਈ ਗਈ ਇੱਕ ਸਮੂਹਿਕ ਨਿਵੇਸ਼ ਯੋਜਨਾ ਨਾਲ ਸਬੰਧਤ ਵੱਡੇ ਪੱਧਰ ਦੇ ਵਿੱਤੀ ਧੋਖਾਧੜੀ ਦੀ ਚੱਲ ਰਹੀ ਜਾਂਚ ਦੇ ਹਿੱਸੇ ਵਜੋਂ ਕੀਤੀ ਗਈ ਹੈ। ਇਹ ਜਾਂਚ 19 ਫਰਵਰੀ 2014 ਨੂੰ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਵੱਲੋਂ 120-ਬੀ ਅਤੇ 420 ਧਾਰਾਵਾਂ ਦੇ ਤਹਿਤ ਦਰਜ ਕੀਤੇ ਗਏ ਕੇਸ ਨਾਲ ਸਬੰਧਤ ਹੈ।

ਜਾਂਚ ਵਿਚ ਸਾਹਮਣੇ ਆਇਆ ਹੈ ਕਿ ਦੋਸ਼ੀ ਸੰਸਥਾਵਾਂ ਅਤੇ ਵਿਅਕਤੀਆਂ ਨੇ ਖੇਤੀਬਾੜੀ ਜ਼ਮੀਨ ਦੀ ਵਿਕਰੀ ਅਤੇ ਵਿਕਾਸ ਦੇ ਬਹਾਨੇ ਭਾਰਤ ਭਰ ਦੇ ਲੱਖਾਂ ਨਿਵੇਸ਼ਕਾਂ ਤੋਂ 60,000 ਕਰੋੜ ਰੁਪਏ ਤੋਂ ਵੱਧ ਦੀ ਰਕਮ ਧੋਖੇ ਨਾਲ ਇਕੱਠੀ ਕਰਕੇ ਇੱਕ ਗੈਰ-ਕਾਨੂੰਨੀ ਸਮੂਹਿਕ ਨਿਵੇਸ਼ ਯੋਜਨਾ ਚਲਾਈ ਸੀ। ਨਿਵੇਸ਼ਕਾਂ ਨੂੰ ਕਥਿਤ ਤੌਰ 'ਤੇ ਨਕਦ ਅਤੇ ਕਿਸ਼ਤਾਂ ਦੇ ਭੁਗਤਾਨ ਪਲਾਨ ਰਾਹੀਂ ਨਿਵੇਸ਼ ਕਰਨ ਲਈ ਪ੍ਰੇਰਿਤ ਕੀਤਾ ਗਿਆ ਸੀ ਅਤੇ ਉਨ੍ਹਾਂ ਤੋਂ ਸਮਝੌਤੇ, ਪਾਵਰ ਆਫ ਅਟਾਰਨੀ ਅਤੇ ਹੋਰ ਦਸਤਾਵੇਜ਼ਾਂ ਸਮੇਤ ਕਈ ਗੁੰਮਰਾਹਕੁੰਨ ਦਸਤਾਵੇਜ਼ਾਂ 'ਤੇ ਦਸਤਖਤ ਕਰਵਾਏ ਗਏ ਸਨ। ਜ਼ਿਆਦਾਤਰ ਮਾਮਲਿਆਂ ਵਿਚ ਕੋਈ ਜ਼ਮੀਨ ਨਹੀਂ ਦਿੱਤੀ ਗਈ ਅਤੇ ਨਿਵੇਸ਼ਕਾਂ ਦੇ ਲਗਪਗ 48,000 ਕਰੋੜ ਰੁਪਏ ਅਣਪੇਡ ਰਹੇ। ਅਗਲੇਰੀ ਜਾਂਚ ਵਿਚ ਇਹ ਸਥਾਪਿਤ ਹੋਇਆ ਕਿ ਭੋਲੇ-ਭਾਲੇ ਨਿਵੇਸ਼ਕਾਂ ਤੋਂ ਇਕੱਠੀ ਕੀਤੀ ਗਈ ਰਕਮ ਨੂੰ ਵੱਖ-ਵੱਖ ਸਬੰਧਤ ਅਤੇ ਗੈਰ-ਸਬੰਧਤ ਸੰਸਥਾਵਾਂ ਰਾਹੀਂ ਘੁਮਾਇਆ ਗਿਆ ਅਤੇ ਅੰਤ ਵਿਚ ਹੁਣ ਮ੍ਰਿਤਕ ਨਿਰਮਲ ਸਿੰਘ ਭੰਗੂ, ਉਸਦੇ ਪਰਿਵਾਰਕ ਮੈਂਬਰਾਂ ਅਤੇ ਸਹਿਯੋਗੀਆਂ, ਅਤੇ ਪੀ.ਏ.ਸੀ.ਐੱਲ. ਦੀਆਂ ਸਬੰਧਤ ਸੰਸਥਾਵਾਂ ਦੇ ਬੈਂਕ ਖਾਤਿਆਂ ਵਿਚ ਜਮ੍ਹਾਂ ਕਰ ਦਿੱਤਾ ਗਿਆ। ਇਨ੍ਹਾਂ ਫੰਡਾਂ ਦੀ ਕਥਿਤ ਤੌਰ 'ਤੇ ਉਨ੍ਹਾਂ ਦੇ ਨਾਮ 'ਤੇ ਅਚੱਲ ਜਾਇਦਾਦਾਂ ਖਰੀਦਣ ਲਈ ਵਰਤੋਂ ਕੀਤੀ ਗਈ ਸੀ। ਈ.ਡੀ. ਹੁਣ ਤੱਕ ਭਾਰਤ ਅਤੇ ਵਿਦੇਸ਼ਾਂ ਵਿਚ ਸਥਿਤ ਜਾਇਦਾਦਾਂ ਸਮੇਤ ਲਗਪਗ 7,589 ਕਰੋੜ ਰੁਪਏ ਦੀ ਚੱਲ ਅਤੇ ਅਚੱਲ ਜਾਇਦਾਦ ਕੁਰਕ ਕਰ ਚੁੱਕੀ ਹੈ।




# ਟਰੰਪ ਦੇ ਦੂਜੇ ਕਾਰਜਕਾਲ ਦੇ ਪਹਿਲੇ ਸਾਲ 'ਚ ਭਾਰਤੀ ਵਿਦਿਆਰਥੀਆਂ ਦੇ ਦਾਖਲੇ 'ਚ 75 ਫੀਸਦੀ ਗਿਰਾਵਟ

**■ ਦਸੰਬਰ 2025 ਤੱਕ ਕਰੀਬ 8,000 ਵਿਦਿਆਰਥੀ ਵੀਜ਼ਾ ਰੱਦ ਕੀਤੇ**



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ 'ਚ ਉੱਚ ਸਿੱਖਿਆ ਦਾ ਸੁਪਨਾ ਦੇਖਣ ਵਾਲੇ ਭਾਰਤੀ ਵਿਦਿਆਰਥੀਆਂ ਲਈ ਹਾਲਾਤ ਤੇਜ਼ੀ ਨਾਲ ਔਖੇ ਹੁੰਦੇ ਜਾ ਰਹੇ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ (ਟਰੰਪ 2.0) ਦੇ ਪਹਿਲੇ ਹੀ ਸਾਲ ਵਿਚ ਅਮਰੀਕੀ ਯੂਨੀਵਰਸਿਟੀਆਂ 'ਚ ਭਾਰਤੀ ਵਿਦਿਆਰਥੀਆਂ ਦੇ ਦਾਖਲੇ 'ਚ ਕਰੀਬ 75 ਫੀਸਦੀ ਦੀ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ। ਦਹਾਕਿਆਂ ਵਿਚ ਇਹ ਪਹਿਲੀ ਵਾਰ ਹੈ, ਜਦੋਂ ਇੰਨੀ ਤੇਜ਼ ਗਿਰਾਵਟ ਦੇਖਣ ਨੂੰ ਮਿਲੀ ਹੈ। ਸਿੱਖਿਆ ਸਲਾਹਕਾਰਾਂ ਅਤੇ ਮਾਹਿਰਾਂ ਅਨੁਸਾਰ ਇਸ ਗਿਰਾਵਟ ਦਾ ਸਭ ਤੋਂ ਵੱਡਾ ਕਾਰਨ ਵੀਜ਼ਾ ਰਿਜੈਕਸ਼ਨ (ਰੱਦ ਹੋਣਾ) ਵਿਚ ਤੇਜ਼ੀ ਨਾਲ ਵਾਧਾ, ਇੰਟਰਵਿਊ ਸਲਾਟ ਦੀ ਘਾਟ ਅਤੇ ਇਮੀਗ੍ਰੇਸ਼ਨ ਨਿਯਮਾਂ ਨੂੰ ਲੈ ਕੇ ਵਧ ਰਹੀ ਬੇਯਕੀਨੀ ਹੈ। ਅਗਸਤ-ਅਕਤੂਬਰ 'ਫਾਲ ਇਨਟੇਕ', ਜਿਸ ਵਿਚ ਆਮ ਤੌਰ 'ਤੇ ਕਰੀਬ 70 ਫੀਸਦੀ ਭਾਰਤੀ ਵਿਦਿਆਰਥੀ ਦਾਖਲਾ ਲੈਂਦੇ ਹਨ, ਇਸ ਵਾਰ ਸਭ ਤੋਂ ਵੱਧ ਪ੍ਰਭਾਵਿਤ ਰਿਹਾ।

ਇਕ ਰਿਪੋਰਟ ਅਨੁਸਾਰ ਵੀਜ਼ਾ ਇੰਟਰਵਿਊ ਸਲਾਟ ਸੀਮਤ ਹੋਣ ਕਾਰਨ ਹਜ਼ਾਰਾਂ ਵਿਦਿਆਰਥੀਆਂ ਨੂੰ ਆਪਣੀਆਂ ਯੋਜਨਾਵਾਂ ਟਾਲਣੀਆਂ ਪਈਆਂ। ਸਿਰਫ਼ ਉਹੀ ਵਿਦਿਆਰਥੀ ਅੱਗੇ ਵਧ ਸਕੇ, ਜਿਨ੍ਹਾਂ ਦੀਆਂ ਅਰਜ਼ੀਆਂ ਫਰਵਰੀ ਜਾਂ ਮਾਰਚ ਤੱਕ ਪੂਰੀਆਂ ਹੋ ਚੁੱਕੀਆਂ ਸਨ। ਸਿੱਖਿਆ ਸਲਾਹਕਾਰਾਂ ਦਾ ਕਹਿਣਾ ਹੈ ਕਿ ਕਈ ਵਿਦਿਆਰਥੀਆਂ ਨੇ ਬਸੰਤ ਸੈਸ਼ਨ (ਜਨਵਰੀ-ਮਾਰਚ) ਤੱਕ ਉਡੀਕ ਕੀਤੀ ਪਰ ਸਖ਼ਤੀ ਉੱਥੇ ਵੀ ਘੱਟ ਨਹੀਂ ਹੋਈ।

ਅਮਰੀਕਾ 'ਚ ਪਹਿਲਾਂ ਤੋਂ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਲਈ ਵੀ ਇਹ ਸਾਲ ਬਹੁਤ ਤਣਾਅਪੂਰਨ ਰਿਹਾ। ਅਮਰੀਕੀ ਵਿਦੇਸ਼ ਵਿਭਾਗ ਦੇ ਅੰਕੜਿਆਂ ਅਨੁਸਾਰ ਦਸੰਬਰ 2025 ਤੱਕ ਕਰੀਬ 8,000 ਵਿਦਿਆਰਥੀ ਵੀਜ਼ਾ ਰੱਦ ਕੀਤੇ ਗਏ। ਕਈ ਵਿਦਿਆਰਥੀਆਂ ਨੂੰ ਨਾਮਜ਼ਦ ਸਕੂਲ ਅਧਿਕਾਰੀਆਂ (ਡੀ.ਐੱਸ.ਓ.) ਵਲੋਂ ਈਮੇਲ ਮਿਲੀਆਂ ਹਨ, ਜਿਨ੍ਹਾਂ ਵਿਚ ਉਨ੍ਹਾਂ ਨੂੰ ਕੁਝ ਹੀ ਹਫ਼ਤਿਆਂ ਵਿਚ ਅਮਰੀਕਾ ਛੱਡਣ ਦੇ ਨਿਰਦੇਸ਼ ਦਿੱਤੇ ਗਏ ਹਨ।

ਭਾਰਤੀ ਦੂਤਘਰ ਵਿਚ ਮਦਦ ਦੀ ਗੁਹਾਰ ਲਾਉਣ ਵਾਲਿਆਂ ਦੀ ਗਿਣਤੀ ਵਿਚ ਵੀ ਤੇਜ਼ੀ ਨਾਲ ਵਾਧਾ ਹੋਇਆ ਹੈ। ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਬੇਯਕੀਨੀ ਫਿਲਹਾਲ ਖਤਮ ਹੁੰਦੀ ਨਹੀਂ ਦਿਖ ਰਹੀ। ਲੰਬੇ ਸਮੇਂ ਤੋਂ ਅਮਰੀਕਾ ਵਿਚ ਰਹਿ ਰਹੇ ਭਾਰਤੀ ਵੀ ਹੁਣ ਆਪਣੇ ਭਵਿੱਖ ਬਾਰੇ ਦੁਬਾਰਾ ਸੋਚਣ ਲੱਗ ਪਏ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਮੌਜੂਦਾ ਨੀਤੀਆਂ ਜਾਰੀ ਰਹੀਆਂ ਤਾਂ ਭਾਰਤੀ ਵਿਦਿਆਰਥੀਆਂ ਦਾ ਰੁਝਾਨ ਕੈਨੇਡਾ, ਯੂਰਪ ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਵੱਲ ਵੱਧ ਸਕਦਾ ਹੈ।

ਦਬਾਅ ਸਿਰਫ਼ ਵਿਦਿਆਰਥੀਆਂ ਤੱਕ ਸੀਮਤ ਨਹੀਂ ਰਿਹਾ। ਐੱਚ-1ਬੀ ਵਰਕ ਵੀਜ਼ਾ ਵੀ ਸਿਆਸੀ ਬਹਿਸ ਅਤੇ ਸਖ਼ਤ ਨਿਗਰਾਨੀ ਦੇ ਘੇਰੇ ਵਿਚ ਆ ਗਿਆ ਹੈ।

## 70 ਫੀਸਦੀ ਗ੍ਰਿਫਤਾਰੀਆਂ ਗੈਰ ਕਾਨੂੰਨੀ ਅਪਰਾਧੀਆਂ ਦੀਆਂ ਹੋਈਆਂ : ਡੀ.ਐੱਚ.ਐੱਸ.

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਇਮੀਗ੍ਰੇਸ਼ਨ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਕਰਨ ਕਾਰਨ ਹੋ ਰਹੀ ਆਲੋਚਨਾ ਦਰਮਿਆਨ ਟਰੰਪ ਪ੍ਰਸ਼ਾਸਨ ਨੇ ਸਾਬਕਾ ਬਾਇਡਨ ਪ੍ਰਸ਼ਾਸਨ ਦੀ ਆਲੋਚਨਾ ਕੀਤੀ ਹੈ ਤੇ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਮੈਂਟ (ICE) ਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪ੍ਰਸ਼ੰਸਾ ਕੀਤੀ ਹੈ। ਡਿਪਾਰਟਮੈਂਟ ਆਫ ਹੋਮਲੈਂਡ ਸਕਿਉਰਿਟੀ (ਡੀ.ਐੱਚ.ਐੱਸ.) ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਮੀਗ੍ਰੇਸ਼ਨ ਦੁਆਰਾ 70 ਫੀਸਦੀ ਗ੍ਰਿਫਤਾਰੀਆਂ ਅਪਰਾਧਿਕ ਗਤੀਵਿਧੀਆਂ ਵਿਚ ਸ਼ਾਮਲ ਲੋਕਾਂ ਦੀਆਂ ਕੀਤੀਆਂ ਗਈਆਂ ਹਨ, ਜੋ ਗੈਰ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਸਨ। ਇਨ੍ਹਾਂ ਵਿਚ ਸ਼ੱਕੀ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਸਬੰਧਤ ਅੱਤਵਾਦੀ ਹਰਪ੍ਰੀਤ ਸਿੰਘ ਵੀ ਸ਼ਾਮਲ ਹੈ ਜੋ ਭਾਰਤ ਵਿੱਚ ਲੋੜੀਂਦਾ ਹੈ। ਡੀ.ਐੱਚ.ਐੱਸ. ਅਨੁਸਾਰ ਉਹ 2022 ਵਿਚ ਐਰੀਜ਼ੋਨਾ ਵਿਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋਇਆ ਸੀ ਤੇ ਆਈ.ਸੀ.ਏ. ਨੇ ਉਸ ਨੂੰ ਅਪ੍ਰੈਲ 2025 ਵਿਚ ਗ੍ਰਿਫਤਾਰ ਕੀਤਾ ਸੀ। ਸਹਾਇਕ ਸਕੱਤਰ ਟਰੀਸੀਆ ਮੈਕਲੌਘਲਿਨ ਨੇ ਕਿਹਾ ਹੈ ਕਿ ਰਾਸ਼ਟਰਪਤੀ ਟਰੰਪ ਦੇ ਪਹਿਲੇ ਸਾਲ ਦੌਰਾਨ ਆਈ.ਸੀ.ਈ. ਦੁਆਰਾ ਗੈਰ ਕਾਨੂੰਨੀ ਅਪਰਾਧੀ ਵਿਦੇਸ਼ੀਆਂ ਜਿਨ੍ਹਾਂ ਵਿਚ ਕਾਤਲ, ਗੈਂਗਸਟਰ, ਅੱਤਵਾਦੀ ਤੇ ਬਲਾਤਕਾਰੀ ਸ਼ਾਮਲ ਹਨ, ਵਿਰੁੱਧ ਕਾਰਵਾਈ ਕੀਤੀ ਗਈ ਹੈ। ਇਹ ਲੋਕ ਅਮਰੀਕੀ ਸਮਾਜ ਲਈ ਖਤਰਾ ਸਨ।

# ਭਾਰਤੀ ਮੂਲ ਦੀ ਗਜ਼ਾਲਾ ਹਾਸ਼ਮੀ ਨੇ ਲੈਫਟੀਨੈਂਟ ਗਵਰਨਰ ਵਜੋਂ ਸਹੁੰ ਚੁੱਕੀ



*ਗਜ਼ਾਲਾ ਹਾਸ਼ਮੀ ਲੈਫਟੀਨੈਂਟ ਗਵਰਨਰ ਵਜੋਂ ਸਹੁੰ ਚੁੱਕਦੀ ਹੋਈ।*

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਗਜ਼ਾਲਾ ਹਾਸ਼ਮੀ ਨੇ ਵਰਜੀਨੀਆ ਦੇ 43ਵੇਂ ਲੈਫਟੀਨੈਂਟ ਗਵਰਨਰ ਵਜੋਂ ਸਹੁੰ ਚੁੱਕੀ। ਉਹ ਪਹਿਲੀ ਮੁਸਲਮਾਨ ਦੱਖਣ ਏਸ਼ੀਅਨ ਅਮਰੀਕੀ ਔਰਤ ਹੈ, ਜੋ ਇਸ ਅਹੁਦੇ 'ਤੇ ਪੁੱਜੀ ਹੈ। ਹਾਸ਼ਮੀ ਨੂੰ ਅਹੁਦੇ ਦੀ ਸਹੁੰ ਵਰਜੀਨੀਆ ਸੁਪਰੀਮ ਕੋਰਟ ਦੀ ਚੀਫ ਜਸਟਿਸ ਸਲੀਓ ਪਾਵਲ ਨੇ ਚੁੱਕਾਈ। ਇਸ ਮੌਕੇ ਹਾਸ਼ਮੀ ਨੇ ਕਿਹਾ ਕਿ ਉਨ੍ਹਾਂ ਉਪਰ ਪ੍ਰਗਟਾਏ ਭਰੋਸੇ ਲਈ ਉਹ ਧੰਨਵਾਦੀ ਹੈ। ਭਾਰਤ ਦੇ ਹੈਦਰਾਬਾਦ ਵਿਚ ਪੈਦਾ ਹੋਈ ਹਾਸ਼ਮੀ ਨੇ ਜਾਰਜੀਆ ਸਾਊਥਰਨ ਯੂਨੀਵਰਸਿਟੀ ਤੋਂ ਅੰਡਰਗ੍ਰੈਜੂਏਟ ਡਿਗਰੀ, ਯੂਨੀਵਰਸਿਟੀ ਆਫ ਵਰਜੀਨੀਆ ਤੋਂ ਮਾਸਟਰ ਡਿਗਰੀ ਤੇ ਅਮੈਰਕੀਨ ਸਟੱਡੀਜ਼ ਵਿਚ ਪੀ.ਐੱਚ.ਡੀ. ਐਮੋਰੀ ਯੂਨੀਵਰਸਿਟੀ ਤੋਂ ਕੀਤੀ। ਰਾਜਨੀਤੀ ਵਿਚ ਆਉਣ ਤੋਂ ਪਹਿਲਾਂ ਹਾਸ਼ਮੀ ਨੇ ਕਈ ਦਹਾਕੇ ਵਰਜੀਨੀਆ ਦੇ ਕਾਲਜਾਂ ਵਿਚ ਪੜ੍ਹਾਇਆ। ਉਹ ਵਰਜੀਨੀਆ ਸੈਨੇਟ ਲਈ ਵੀ ਚੁਣੀ ਗਈ ਸੀ। ਉਨ੍ਹਾਂ ਨੇ ਸਿੱਖਿਆ, ਸਿਹਤ ਸੰਭਾਲ ਤੇ ਮਾਨਵੀ ਅਧਿਕਾਰਾਂ ਦੇ ਖੇਤਰ ਵਿਚ ਲਾਮਿਸਾਲ ਕੰਮ ਕੀਤਾ।

# ਟਰੰਪ ਪ੍ਰਸ਼ਾਸਨ ਵੱਲੋਂ ਪੋਰਟੋ ਰੀਕੋ 'ਚ ਕਰੋੜਾਂ ਡਾਲਰ ਦੇ ਸੋਲਰ ਪ੍ਰੋਜੈਕਟ ਰੱਦ

**ਸੈਨ ਜੁਆਨ (ਪੋਰਟੋ ਰੀਕੋ), (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਪੋਰਟੋ ਰੀਕੋ ਵਿਚ ਲੱਖਾਂ ਡਾਲਰ ਦੇ ਸੋਲਰ ਪ੍ਰੋਜੈਕਟਾਂ ਨੂੰ ਰੱਦ ਕਰ ਦਿੱਤਾ ਹੈ। ਇਹ ਫੈਸਲਾ ਅਜਿਹੇ ਸਮੇਂ ਆਇਆ ਹੈ, ਜਦੋਂ ਇਹ ਟਾਪੂ ਲਗਾਤਾਰ ਬਿਜਲੀ ਕਟੌਤੀ ਦਾ ਸਾਹਮਣਾ ਕਰ ਰਿਹਾ ਹੈ ਅਤੇ ਇੱਥੋਂ ਦਾ ਬਿਜਲੀ ਗਰਿੱਡ ਪੂਰੀ ਤਰ੍ਹਾਂ ਤਬਾਹ ਹੋ ਚੁੱਕਾ ਹੈ।

ਰੱਦ ਕੀਤੇ ਗਏ ਇਹ ਪ੍ਰੋਜੈਕਟ ਪੇਂਡੂ ਖੇਤਰਾਂ ਵਿਚ ਰਹਿਣ ਵਾਲੇ ਲਗਭਗ 30,000 ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਸੂਰਜੀ ਊਰਜਾ ਮੁਹੱਈਆ ਕਰਵਾਉਣ ਲਈ ਸਨ। ਇਹ ਪ੍ਰੋਜੈਕਟ 2022 ਵਿਚ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਦੇ ਕਾਰਜਕਾਲ ਦੌਰਾਨ ਕਾਂਗਰਸ ਦੁਆਰਾ ਬਣਾਏ ਗਏ 100 ਕਰੋੜ ਡਾਲਰ ਦੇ ਫੰਡ ਦਾ ਹਿੱਸਾ ਸਨ, ਜਿਸਦਾ ਉਦੇਸ਼ 'ਹਰੀਕੇਨ ਮਾਰੀਆ' ਤੂਫਾਨ ਨਾਲ ਤਬਾਹ ਹੋਏ ਪੋਰਟੋ ਰੀਕੋ ਵਿਚ ਊਰਜਾ ਲਚਕੀਲੇਪਨ ਨੂੰ ਵਧਾਉਣਾ ਸੀ।

ਅਮਰੀਕੀ ਊਰਜਾ ਵਿਭਾਗ ਨੇ ਇੱਕ ਈਮੇਲ ਵਿਚ ਦੱਸਿਆ ਕਿ ਪੋਰਟੋ ਰੀਕੋ ਦਾ ਗਰਿੱਡ ਹੁਣ ਹੋਰ ਸੋਲਰ ਪਾਵਰ ਨੂੰ ਸਹਿਣ ਨਹੀਂ ਕਰ ਸਕਦਾ। ਵਿਭਾਗ ਅਨੁਸਾਰ, ਛੱਤਾਂ 'ਤੇ ਸੋਲਰ ਪੈਨਲਾਂ ਦੀ ਤੇਜ਼ੀ ਨਾਲ ਸਥਾਪਨਾ ਕਾਰਨ ਗਰਿੱਡ ਵਿਚ ਉਤਾਰ-ਚੜ੍ਹਾਅ ਆ ਰਹੇ ਹਨ, ਜਿਸ ਨਾਲ ਅਸਥਿਰਤਾ ਅਤੇ ਕਮਜ਼ੋਰੀ ਪੈਦਾ ਹੋ ਰਹੀ ਹੈ। ਇਸ ਮਹੀਨੇ ਦੀ ਸ਼ੁਰੂਆਤ ਵਿਚ ਊਰਜਾ ਵਿਭਾਗ ਨੇ ਤਿੰਨ ਪ੍ਰੋਗਰਾਮ ਰੱਦ ਕੀਤੇ ਸਨ, ਜਿਨ੍ਹਾਂ ਵਿਚੋਂ ਇੱਕ 40 ਕਰੋੜ ਡਾਲਰ ਦਾ ਸੀ। ਹੁਣ 350 ਮਿਲੀਅਨ ਡਾਲਰ ਦੀ ਰਾਸ਼ੀ ਨੂੰ ਬਿਜਲੀ ਉਤਪਾਦਨ ਵਿਚ ਸੁਧਾਰ ਕਰਨ ਲਈ ਮੁੜ ਨਿਰਧਾਰਤ ਕੀਤਾ ਜਾਵੇਗਾ।

'ਪੋਰਟੋ ਰੀਕੋ ਸੋਲਰ ਐਂਡ ਐਨਰਜੀ ਸਟੋਰੇਜ ਐਸੋਸੀਏਸ਼ਨ' ਦੇ ਡਾਇਰੈਕਟਰ ਜੇਵੀਅਰ ਰੁਆ ਜੋਵੇਟ ਨੇ ਸਰਕਾਰੀ ਬਿਆਨ ਦਾ ਖੰਡਨ ਕਰਦਿਆਂ ਕਿਹਾ ਕਿ ਇਹ ਫੈਸਲਾ ਇਕ 'ਤ੍ਰਾਸਦੀ' ਹੈ। ਉਨ੍ਹਾਂ ਦੱਸਿਆ ਕਿ ਟਾਪੂ 'ਤੇ ਲਗਭਗ 2 ਲੱਖ ਪਰਿਵਾਰ ਪਹਿਲਾਂ ਹੀ ਸੋਲਰ ਪਾਵਰ 'ਤੇ ਨਿਰਭਰ ਹਨ, ਜੋ ਰੋਜ਼ਾਨਾ 1.4 ਗੀਗਾਵਾਟ ਊਰਜਾ ਪੈਦਾ ਕਰਦੇ ਹਨ ਅਤੇ ਇਹ ਬਲੈਕਆਊਟ ਨੂੰ ਰੋਕਣ ਵਿਚ ਮਦਦਗਾਰ ਸਾਬਤ ਹੋ ਰਹੇ ਹਨ।

ਪੋਰਟੋ ਰੀਕੋ ਵਿਚ ਊਰਜਾ ਸੰਕਟ ਦਾ ਇਤਿਹਾਸ ਸਾਲ 2017 ਵਿਚ ਆਏ ਚੌਥੀ ਸ਼੍ਰੇਣੀ ਦੇ ਤੂਫਾਨ ਮਾਰੀਆ ਨੇ ਇੱਥੋਂ ਦੇ ਕਮਜ਼ੋਰ ਬਿਜਲੀ ਗਰਿੱਡ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਸੀ। ਉਸ ਸਮੇਂ ਤੋਂ ਇੱਥੇ ਲਗਾਤਾਰ ਬਿਜਲੀ ਗੁੱਲ ਹੋਣ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। 32 ਲੱਖ ਦੀ ਆਬਾਦੀ ਵਾਲੇ ਇਸ ਟਾਪੂ ਵਿਚ ਗਰੀਬੀ ਦਰ 40 ਫੀਸਦੀ ਤੋਂ ਵੱਧ ਹੈ। ਮੌਜੂਦਾ ਸਮੇਂ ਵਿਚ, ਟਾਪੂ ਦੀ 60 ਫੀਸਦੀ ਊਰਜਾ ਪੈਟਰੋਲੀਅਮ ਤੋਂ, 24 ਫੀਸਦੀ ਕੁਦਰਤੀ ਗੈਸ ਤੋਂ ਅਤੇ ਸਿਰਫ 7 ਫੀਸਦੀ ਨਵਿਆਉਣਯੋਗ ਸਰੋਤਾਂ ਤੋਂ ਆਉਂਦੀ ਹੈ।

# ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਤੇ ਉਨ੍ਹਾਂ ਦੀ ਪਤਨੀ ਚੌਥੇ ਬੱਚੇ ਦੀ ਕਰ ਰਹੇ ਨੇ ਉਡੀਕ !

**■ ਜੁਲਾਈ ਦੇ ਅਖੀਰ 'ਚ ਚੌਥਾ ਬੱਚਾ ਹੋਣ ਦੀ ਸੰਭਾਵਨਾ**



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਦੀ ਪਤਨੀ ਊਸ਼ਾ ਵੈਂਸ ਨੇ ਸੋਸ਼ਲ ਮੀਡੀਆ ਰਾਹੀਂ ਐਲਾਨ ਕੀਤਾ ਹੈ ਕਿ ਉਹ ਮਾਂ ਬਣਨ ਵਾਲੀ ਹੈ ਅਤੇ ਉਹ ਆਪਣੇ ਚੌਥੇ ਬੱਚੇ ਦੀ ਉਡੀਕ ਕਰ ਰਹੇ ਹਨ। ਉਪ-ਰਾਸ਼ਟਰਪਤੀ ਦੁਆਰਾ ਜਾਰੀ ਕੀਤੇ ਗਏ ਬਿਆਨ ਵਿਚ ਪੁਸ਼ਟੀ ਕੀਤੀ ਗਈ ਹੈ ਕਿ ਇਹ ਬੱਚਾ ਇੱਕ ਲੜਕਾ ਹੋਵੇਗਾ, ਜਿਸ ਦਾ ਜਨਮ ਜੁਲਾਈ ਦੇ ਅਖੀਰ ਵਿਚ ਹੋਣ ਦੀ ਸੰਭਾਵਨਾ ਹੈ।

ਊਸ਼ਾ ਵੈਂਸ ਅਮਰੀਕੀ ਇਤਿਹਾਸ ਦੀ ਪਹਿਲੀ ਅਜਿਹੀ 'ਸੈਕੰਡ ਲੇਡੀ' ਬਣ ਜਾਵੇਗੀ, ਜੋ ਆਪਣੇ ਪਤੀ ਦੇ ਉਪ-ਰਾਸ਼ਟਰਪਤੀ ਵਜੋਂ ਕਾਰਜਕਾਲ ਦੌਰਾਨ ਬੱਚੇ ਨੂੰ ਜਨਮ ਦੇਵੇਗੀ। ਹਾਲਾਂਕਿ, ਅਤੀਤ ਵਿਚ ਕਈ 'ਫਸਟ ਲੇਡੀਜ਼' ਨੇ ਰਾਸ਼ਟਰਪਤੀਆਂ ਦੇ ਕਾਰਜਕਾਲ ਦੌਰਾਨ ਬੱਚਿਆਂ ਨੂੰ ਜਨਮ ਦਿੱਤਾ ਹੈ। ਜੇ.ਡੀ. ਵੈਂਸ ਅਤੇ 40 ਸਾਲਾ ਊਸ਼ਾ ਵੈਂਸ ਦੇ ਪਹਿਲਾਂ ਹੀ ਤਿੰਨ ਬੱਚੇ ਹਨ- ਦੋ ਪੁੱਤਰ (ਇਵਾਨ ਤੇ ਵਿਵੇਕ) ਅਤੇ ਇੱਕ ਬੇਟੀ (ਮੀਰਾਬੇਲ)।

ਜ਼ਿਕਰਯੋਗ ਹੈ ਕਿ ਊਸ਼ਾ ਦਾ ਜਨਮ ਸੈਨ ਡਿਆਗੋ, ਕੈਲੀਫੋਰਨੀਆ ਵਿਚ ਹੋਇਆ ਸੀ ਅਤੇ ਉਨ੍ਹਾਂ ਦੇ ਮਾਤਾ-ਪਿਤਾ ਭਾਰਤ ਦੇ ਆਂਧਰਾ ਪ੍ਰਦੇਸ਼ ਤੋਂ ਅਮਰੀਕਾ ਪ੍ਰਵਾਸ ਕਰ ਗਏ ਸਨ। ਊਸ਼ਾ ਅਤੇ ਜੇ.ਡੀ. ਵੈਂਸ ਦੀ ਮੁਲਾਕਾਤ ਯੇਲ ਲਾਅ ਸਕੂਲ ਵਿਚ 2010 ਦੌਰਾਨ ਹੋਈ ਸੀ। ਸੈਕੰਡ ਲੇਡੀ ਬਣਨ ਤੋਂ ਪਹਿਲਾਂ ਊਸ਼ਾ ਇੱਕ ਸਫਲ ਕਾਰਪੋਰੇਟ ਵਕੀਲ ਰਹੀ ਹੈ ਅਤੇ ਉਸਨੇ ਅਮਰੀਕੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਜੌਨ ਰੌਬਰਟਸ ਅਤੇ ਜਸਟਿਸ ਬ੍ਰੈਟ ਕੈਵਾਨਾ ਦੇ ਨਾਲ ਲਾਅ ਕਲਰਕ ਵਜੋਂ ਵੀ ਸੇਵਾ ਨਿਭਾਈ ਹੈ।

ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਨੇ ਉਨ੍ਹਾਂ ਫੌਜੀ ਡਾਕਟਰਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਹੈ, ਜੋ ਉਨ੍ਹਾਂ ਦੇ ਪਰਿਵਾਰ ਦੀ ਦੇਖਭਾਲ ਕਰ ਰਹੇ ਹਨ, ਤਾਂ ਜੋ ਉਹ ਦੇਸ਼ ਦੀ ਸੇਵਾ ਦੇ ਨਾਲ-ਨਾਲ ਆਪਣੇ ਪਰਿਵਾਰਕ ਜੀਵਨ ਦਾ ਆਨੰਦ ਮਾਣ ਸਕਣ। ਇਸ ਖ਼ਬਰ ਨਾਲ ਵੈਂਸ ਦੀ ਉਪ-ਰਾਸ਼ਟਰਪਤੀ ਵਜੋਂ ਸ਼ੁਰੂਆਤੀ ਮਹੀਨਿਆਂ ਵਿਚ ਇੱਕ ਨਿੱਜੀ ਪਹਿਲੂ ਜੁੜ ਗਿਆ ਹੈ, ਜੋ ਜਨਤਕ ਸੇਵਾ ਅਤੇ ਪਰਿਵਾਰਕ ਜੀਵਨ ਦੇ ਸੰਤੁਲਨ ਨੂੰ ਦਰਸਾਉਂਦਾ ਹੈ।

## ਸ਼ੇਖ ਹਸੀਨਾ ਖ਼ਿਲਾਫ਼ 9 ਫਰਵਰੀ ਨੂੰ ਤੈਅ ਹੋਣਗੇ ਦੇਸ਼ਧ੍ਰੋਹ ਦੇ ਦੋਸ਼



**ਢਾਕਾ, (ਪੰਜਾਬ ਮੇਲ)**-ਬੰਗਲਾਦੇਸ਼ ਦੀ ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਅਤੇ 285 ਹੋਰਾਂ ਖ਼ਿਲਾਫ਼ ਦੇਸ਼ਧ੍ਰੋਹ ਦੇ ਮਾਮਲੇ 'ਚ ਦੋਸ਼ ਤੈਅ ਕਰਨ ਲਈ ਸੁਣਵਾਈ ਦੀ ਤਰੀਕ 9 ਫਰਵਰੀ ਤੈਅ ਕੀਤੀ ਹੈ। ਇਹ ਮਾਮਲਾ ਉਨ੍ਹਾਂ ਦੋਸ਼ਾਂ ਨਾਲ ਜੁੜਿਆ ਹੈ ਕਿ ਦਸੰਬਰ 2024 'ਚ ਹਸੀਨਾ ਅਤੇ ਅਵਾਮੀ ਲੀਗ ਦੇ ਸੈਂਕੜੇ ਮੈਂਬਰਾਂ ਨੇ 'ਜੌਇ ਬੰਗਲਾ ਬ੍ਰਿਗੇਡ' ਨਾਂ ਦੇ ਗਰੁੱਪ ਦੀ ਆਨਲਾਈਨ ਮੀਟਿੰਗ 'ਚ ਹਿੱਸਾ ਲਿਆ ਸੀ, ਜਿਥੇ ਮੁਹੰਮਦ ਯੂਨੁਸ ਦੀ ਅਗਵਾਈ ਹੇਠਲੀ ਅੰਤਰਿਮ ਸਰਕਾਰ ਨੂੰ ਡੇਗਣ ਦੀ ਕਥਿਤ ਤੌਰ 'ਤੇ ਸਾਜ਼ਿਸ਼ ਘੜੀ ਗਈ ਸੀ। ਸਰਕਾਰੀ ਖਬਰ ਏਜੰਸੀ 'ਬੰਗਲਾਦੇਸ਼ ਸੰਵਾਦ ਸੰਸਥਾ' ਮੁਤਾਬਕ ਢਾਕਾ ਦੀ ਵਿਸ਼ੇਸ਼ ਅਦਾਲਤ ਦੇ ਜੱਜ ਮੁਹੰਮਦ ਅਬਦੁਸ ਸਲਾਮ ਨੇ ਬਚਾਅ ਪੱਖ ਦੀਆਂ ਵੱਖੋ-ਵੱਖਰੀਆਂ ਅਰਜ਼ੀਆਂ ਨੂੰ ਮਨਜ਼ੂਰੀ ਦਿੰਦਿਆਂ ਇਹ ਹੁਕਮ ਸੁਣਾਇਆ।

# ਕੈਨੇਡੀਅਨ ਪ੍ਰਧਾਨ ਮੰਤਰੀ ਕਾਰਨੀ ਮਾਰਚ ਦੇ ਪਹਿਲੇ ਹਫ਼ਤੇ ਕਰਨਗੇ ਭਾਰਤ ਦਾ ਦੌਰਾ

**■ ਫਿਲਹਾਲ ਅਧਿਕਾਰਤ ਤੌਰ 'ਤੇ ਤਰੀਕ ਦਾ ਨਹੀਂ ਹੋਇਆ ਐਲਾਨ**



**ਓਟਵਾ, (ਪੰਜਾਬ ਮੇਲ)**- ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਮਾਰਚ ਦੇ ਪਹਿਲੇ ਹਫ਼ਤੇ ਭਾਰਤ ਦਾ ਦੌਰਾ ਕਰਨ ਲਈ ਤਿਆਰ ਹਨ। ਇਸ ਦੌਰਾਨ ਦੋਵੇਂ ਦੇਸ਼ ਆਪਣੀ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਕਈ ਮਾਮਲਿਆਂ 'ਤੇ ਗੱਲਬਾਤ ਕਰਨਗੇ ਤੇ ਸਮਝੌਤੇ ਸਹੀਬੰਦ ਕਰਨਗੇ। ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਯਾਤਰਾ ਦੌਰਾਨ ਯੂਰੇਨੀਅਮ, ਊਰਜਾ, ਖਣਿਜ ਅਤੇ ਮਸਨੂਈ ਬੌਧਿਕਤਾ ਦੇ ਮਾਮਲਿਆਂ 'ਤੇ ਸਮਝੌਤਿਆਂ 'ਤੇ ਦਸਤਖਤ ਹੋਣਗੇ।

ਕੈਨੇਡਾ ਵਿਚ ਭਾਰਤ ਦੇ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਨੇ ਇੱਕ ਇੰਟਰਵਿਊ ਵਿਚ ਕਿਹਾ ਕਿ ਕੈਨੇਡਾ ਦੇ ਊਰਜਾ ਮੰਤਰੀ ਟਿਮ ਹਾਜਸਨ ਇਸ ਹਫ਼ਤੇ ਭਾਰਤ ਦਾ ਦੌਰਾ ਕਰ ਰਹੇ ਹਨ, ਜਿਨ੍ਹਾਂ ਨੇ ਪੁਸ਼ਟੀ ਕੀਤੀ ਹੈ ਕਿ ਪ੍ਰਧਾਨ ਮੰਤਰੀ ਕਾਰਨੀ ਭਾਰਤ ਦਾ ਦੌਰਾ ਕਰਨਗੇ ਪਰ ਇਸ ਸਬੰਧੀ ਹਾਲੇ ਤੱਕ ਅਧਿਕਾਰਤ ਤੌਰ 'ਤੇ ਤਰੀਕ ਨਹੀਂ ਐਲਾਨੀ ਗਈ।

ਹਾਜਸਨ ਨੇ ਕਿਹਾ, 'ਇਸ ਸਾਲ ਕਿਸੇ ਸਮੇਂ ਪ੍ਰਧਾਨ ਮੰਤਰੀ ਮਾਰਕ ਕਾਰਨ ਦੇ ਦੌਰੇ ਦੀ ਯੋਜਨਾ ਹੈ। ਇਸ ਸਬੰਧੀ ਅਸੀਂ ਪਹਿਲਾਂ ਭਾਰਤ ਦਾ ਦੌਰਾ ਕਰ ਕੇ ਖਾਕਾ ਤਿਆਰ ਕਰੇਗਾ ਤੇ ਸਾਡੇ ਕੰਮ ਦੀ ਚਾਲ ਤੋਂ ਬਾਅਦ ਹੀ ਪ੍ਰਧਾਨ ਮੰਤਰੀ ਦੇ ਦੌਰੇ ਦੀ ਤਰੀਕ ਐਲਾਨੀ ਜਾਵੇਗੀ। ਭਾਰਤ ਨਾਲ ਇੱਕ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ ਲਈ ਰਸਮੀ ਗੱਲਬਾਤ ਵੀ ਮਾਰਚ ਵਿਚ ਸ਼ੁਰੂ ਹੋਵੇਗੀ।

ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਪਹਿਲਾਂ ਕਿਹਾ ਸੀ ਕਿ ਦੋ ਸਾਲਾਂ ਦੇ ਤਣਾਅਪੂਰਨ ਸਬੰਧਾਂ ਮਗਰੋਂ ਕੈਨੇਡਾ ਤੇ ਭਾਰਤ ਵਪਾਰ ਸਮਝੌਤੇ ਨੂੰ ਅੱਗੇ ਵਧਾਉਣ ਲਈ ਤੇਜ਼ੀ ਨਾਲ ਕੰਮ ਕਰਨਗੇ। ਇਸ ਤੋਂ ਪਹਿਲਾਂ ਦੱਖਣੀ ਅਫਰੀਕਾ ਵਿਚ ਜੀ20 ਸਿਖਰ ਵਾਰਤਾ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਤੇ ਉਨ੍ਹਾਂ ਦੇ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਦਰਮਿਆਨ ਮੀਟਿੰਗ ਹੋਈ ਸੀ।

ਬੈਠਕ 'ਚ ਦੋਵਾਂ ਆਗੂਆਂ ਨੇ ਇਕ ਨਵੇਂ ਵਪਾਰ ਸਮਝੌਤੇ ਲਈ ਗੱਲਬਾਤ ਮੁੜ ਸ਼ੁਰੂ ਕਰਨ ਬਾਰੇ ਸਹਿਮਤੀ ਦਿੱਤੀ ਸੀ। ਆਨੰਦ ਨੇ ਕਿਹਾ ਕਿ ਦੋਵੇਂ ਆਗੂ ਇਸ ਗੱਲ 'ਤੇ ਦ੍ਰਿੜ੍ਹ ਸਨ ਕਿ ਇਹ ਕੰਮ ਜਲਦੀ ਤੋਂ ਜਲਦੀ ਪੂਰਾ ਹੋਵੇ। ਆਨੰਦ ਨੇ ਅਗਲੇ ਦਹਾਕੇ ਵਿਚ ਗੈਰ ਅਮਰੀਕੀ ਵਪਾਰ ਨੂੰ ਦੁੱਗਣਾ ਕਰਨ ਦੇ ਕਾਰਨੀ ਦੇ ਟੀਚੇ ਦਾ ਜ਼ਿਕਰ ਕੀਤਾ। ਕੈਨੇਡਾ ਵਿਸ਼ਵ ਦੇ ਉਨ੍ਹਾਂ ਕੁਝ ਦੇਸ਼ਾਂ ਵਿਚੋਂ ਇਕ ਹੈ, ਜਿਨ੍ਹਾਂ ਦਾ ਅਰਥਚਾਰਾ ਵਪਾਰ 'ਤੇ ਨਿਰਭਰ ਹੈ ਤੇ ਕੈਨੇਡਾ ਦਾ 75 ਫੀਸਦੀ ਤੋਂ ਵਧ ਬਰਾਮਦ ਅਮਰੀਕਾ ਨੂੰ ਜਾਂਦੀ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਟਰੰਪ ਵੱਲੋਂ ਕੈਨੇਡਾ ’ਤੇ 100 ਫੀਸਦੀ ਟੈਕਸ ਲਾਉਣ ਦੀ ਚਿਤਾਵਨੀ

- **ਚੀਨ ਨਾਲ ਵਪਾਰਕ ਸਮਝੌਤੇ ਤੋਂ ਅਮਰੀਕਾ ਨਾਰਾਜ਼;**
- **ਚੀਨੀ ਵਸਤਾਂ ਨੂੰ ਅਮਰੀਕਾ ਭੇਜਣ ਲਈ ਕੈਨੇਡਾ ਨੂੰ ਡਰੌਪ ਆਫ ਪੋਰਟ ਨਾ ਬਣਾਏ ਕੈਨੇਡਾ: ਟਰੰਪ**



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ ਦੇ ਚੀਨ ਨਾਲ ਸੰਭਾਵਿਤ ਵਪਾਰਕ ਸੌਦੇ ’ਤੇ ਕੈਨੇਡਾ ’ਤੇ 100 ਫੀਸਦੀ ਟੈਰਿਫ ਲਾਉਣ ਦੀ ਧਮਕੀ ਦਿੱਤੀ ਹੈ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਜੇ ਇਹ ਦੇਸ਼ ਚੀਨ ਨਾਲ ਵਪਾਰਕ ਸੌਦਾ ਕਰਦਾ ਹੈ, ਤਾਂ ਅਮਰੀਕਾ ਕੈਨੇਡਾ ਤੋਂ ਆਉਣ ਵਾਲੇ ਸਾਮਾਨ ’ਤੇ 100 ਫੀਸਦੀ ਟੈਕਸ ਲਾ ਦੇਵੇਗਾ।

ਟਰੰਪ ਨੇ ਸੋਸ਼ਲ ਮੀਡੀਆ ’ਤੇ ਕਾਰਨੀ ਨੂੰ ਗਵਰਨਰ ਵਜੋਂ ਸੰਬੋਧਨ ਕਰਦਿਆਂ ਪੋਸਟ ਕੀਤੀ, ‘ਜੇਕਰ ਗਵਰਨਰ ਕਾਰਨੀ ਸੋਚਦੇ ਹਨ ਕਿ ਉਹ ਚੀਨ ਲਈ ਸੰਯੁਕਤ ਰਾਜ ਅਮਰੀਕਾ ਵਿਚ ਸਾਮਾਨ ਅਤੇ ਉਤਪਾਦ ਭੇਜਣ ਲਈ ਕੈਨੇਡਾ ਨੂੰ ਡਰੌਪ ਆਫ ਪੋਰਟ ਬਣਾਉਣ ਜਾ ਰਹੇ ਹਨ, ਤਾਂ ਉਹ ਗਲਤ ਹਨ।’ ਉਨ੍ਹਾਂ ਕਿਹਾ ਕਿ ਚੀਨ ਕੈਨੇਡਾ ਦੇ ਹਿੱਤ ਪ੍ਰਭਾਵਿਤ ਕਰੇਗਾ ਤੇ ਇਸ ਨੂੰ ਪੂਰੀ ਤਰ੍ਹਾਂ ਬਰਬਾਦ ਕਰ ਦੇਵੇਗਾ। ਜੇਕਰ ਕੈਨੇਡਾ ਚੀਨ ਨਾਲ ਕੋਈ ਸੌਦਾ ਕਰਦਾ ਹੈ, ਤਾਂ ਅਮਰੀਕਾ ਵਿਚ ਆਉਣ ਵਾਲੇ ਸਾਰੇ ਕੈਨੇਡੀਅਨ ਸਾਮਾਨ ਅਤੇ ਉਤਪਾਦਾਂ ’ਤੇ 100% ਟੈਰਿਫ ਲਗਾਇਆ ਜਾਵੇਗਾ।

ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਅਣਕਿਆਸੀਆਂ ਅਤੇ ਸਖ਼ਤ ਵਪਾਰਕ ਨੀਤੀਆਂ ਤੋਂ ਤੰਗ ਆ ਕੇ ਕੈਨੇਡਾ ਨਵੇਂ ਰਾਹ ਤਲਾਸ਼ ਰਿਹਾ ਸੀ। ਇਸ ਤੋਂ ਪਹਿਲਾਂ ਕੈਨੇਡਾ ਨੇ ਚੀਨ ਤੋਂ ਆਉਣ ਵਾਲੀਆਂ ਇਲੈਕਟ੍ਰਿਕ ਵਾਹਨਾਂ (ਈ.ਵੀ.) ’ਤੇ ਲਾਇਆ 100 ਫੀਸਦੀ ਦਰਾਮਦ ਟੈਕਸ ਘਟਾ ਕੇ ਮਹਿਜ਼ 6.1 ਫੀਸਦੀ ਕਰ ਦਿੱਤਾ ਸੀ। ਹਾਲਾਂਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਨੁਸਾਰ ਇਹ ਛੋਟ ਸੀਮਤ ਹੈ। ਇਸ ਤਹਿਤ ਫਿਲਹਾਲ ਸਾਲਾਨਾ 49,000 ਗੱਡੀਆਂ ਹੀ ਮੰਗਵਾਈਆਂ ਜਾ ਸਕਣਗੀਆਂ, ਪਰ ਪੰਜ ਸਾਲਾਂ ਵਿਚ ਇਹ ਗਿਣਤੀ ਵਧਾ ਕੇ 70,000 ਕਰ ਦਿੱਤੀ ਜਾਵੇਗੀ। ਇਸ ਬਦਲੇ ਚੀਨ ਨੇ ਕੈਨੇਡਾ ਦੇ ਖੇਤੀ ਉਤਪਾਦਾਂ, ਖਾਸਕਰ ਕੈਨੋਲਾ ਬੀਜਾਂ ’ਤੇ ਲੱਗਣ ਵਾਲੀ ਡਿਊਟੀ 84 ਫੀਸਦੀ ਤੋਂ ਘਟਾ ਕੇ 15 ਫੀਸਦੀ ਕਰ ਦਿੱਤੀ ਸੀ। ਜ਼ਿਕਰਯੋਗ ਹੈ ਕਿ ਕਾਰਨੀ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਪੇਈਚਿੰਗ ਵਿਚ ਮੁਲਾਕਾਤ ਦੌਰਾਨ ਸਾਲਾਂ ਦੀ ਕੁੜੱਤਣ ਭੁਲਾ ਕੇ ਆਪਸੀ ਰਿਸ਼ਤੇ ਸੁਧਾਰਨ ਦਾ ਅਹਿਦ ਲਿਆ ਸੀ।

ਇਹ ਵੀ ਦੱਸਣਾ ਬਣਦਾ ਹੈ ਕਿ ਕੈਨੇਡਾ ਹੁਣ ਅਮਰੀਕਾ ਦੀ ਬਜਾਏ ਚੀਨ ਨਾਲ ਸਬੰਧ ਸੁਧਾਰਨ ਨੂੰ ਤਰਜੀਹ ਦੇ ਰਿਹਾ ਹੈ, ਹਾਲਾਂਕਿ ਇਸ ਨਾਲ ਅਮਰੀਕਾ ਨਾਰਾਜ਼ ਹੋ ਗਿਆ ਹੈ। ਟਰੰਪ ਪਹਿਲਾਂ ਹੀ ਕੈਨੇਡਾ ਦੀਆਂ ਕੁਝ ਨੀਤੀਆਂ ਖਿਲਾਫ਼ ਸਖਤ ਰੁਖ ਅਪਣਾ ਚੁੱਕੇ ਹਨ ਅਤੇ ਸਟੀਲ ਤੇ ਐਲੂਮੀਨੀਅਮ ’ਤੇ ਟੈਰਿਫ ਲਾ ਚੁੱਕੇ ਹਨ।

# ਅਮਰੀਕਾ ਅਤੇ ਕੈਨੇਡਾ ਦੇ ਰਿਸ਼ਤਿਆਂ ’ਚ ਵਧਦੀ ਜਾ ਰਹੀ ਹੈ ਕੁੜੱਤਣ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਅਤੇ ਕੈਨੇਡਾ ਦੇ ਰਿਸ਼ਤਿਆਂ ਵਿਚ ਕੁੜੱਤਣ ਲਗਾਤਾਰ ਵਧਦੀ ਜਾ ਰਹੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਪ੍ਰਸਤਾਵਿਤ ‘ਬੋਰਡ ਆਫ਼ ਪੀਸ’ ਲਈ ਦਿੱਤਾ ਗਿਆ ਸੱਦਾ ਵਾਪਸ ਲੈ ਲਿਆ ਹੈ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ‘ਟਰੂਥ ਸੋਸ਼ਲ’ ’ਤੇ ਪੋਸਟ ਸਾਂਝੀ ਕਰਕੇ ਇਸ ਫੈਸਲੇ ਦੀ ਜਾਣਕਾਰੀ ਦਿੱਤੀ, ਜਿਸ ਨਾਲ ਦੋਵਾਂ ਗੁਆਂਢੀ ਦੇਸ਼ਾਂ ਵਿਚਾਲੇ ਕੂਟਨੀਤਕ ਜੰਗ ਹੋਰ ਤੇਜ਼ ਹੋ ਗਈ ਹੈ। ਇਹ ਕਦਮ ਦੋਵਾਂ ਨੇਤਾਵਾਂ ਵਿਚਾਲੇ ਹੋਈ ਤਿੱਖੀ ਬਿਆਨਬਾਜ਼ੀ ਤੋਂ ਬਾਅਦ ਚੁੱਕਿਆ ਗਿਆ ਹੈ। ਦਰਅਸਲ, ਟਰੰਪ ਨੇ ਦਾਅਵਾ ਕੀਤਾ ਸੀ ਕਿ “ਕੈਨੇਡਾ ਸਿਰਫ਼ ਅਮਰੀਕਾ ਕਾਰਨ ਹੀ ਜਿਉਂਦਾ ਹੈ।” ਮਾਰਕ ਕਾਰਨੀ ਨੇ ਇਸ ਦਾ ਕਰਾਰਾ ਜਵਾਬ ਦਿੰਦਿਆਂ ਕਿਹਾ ਕਿ ਕੈਨੇਡਾ ਅਤੇ ਅਮਰੀਕਾ ਦੀ ਸਾਂਝੇਦਾਰੀ ਅਹਿਮ ਹੈ, ਪਰ ਕੈਨੇਡਾ ਅਮਰੀਕਾ ਸਿਰ ’ਤੇ ਨਹੀਂ, ਸਗੋਂ ਆਪਣੀ ਪਛਾਣ ਅਤੇ ਨਾਗਰਿਕਾਂ ਕਾਰਨ ਵਧ-ਫੁੱਲ ਰਿਹਾ ਹੈ।

ਸਵਿਟਜ਼ਰਲੈਂਡ ਦੇ ਦਾਵੋਸ ਵਿਚ ਵਿਸ਼ਵ ਆਰਥਿਕ ਮੰਚ ਦੌਰਾਨ ਦੋਵਾਂ ਨੇਤਾਵਾਂ ਵਿਚਾਲੇ ਕੋਈ ਮੁਲਾਕਾਤ ਨਹੀਂ ਹੋਈ। ਕਾਰਨੀ ਨੇ ਟਰੰਪ ਦੀਆਂ ਟੈਰਿਫ (ਟੈਕਸ) ਨੀਤੀਆਂ ਅਤੇ ਆਰਥਿਕ ਦਬਾਅ ਦੀ ਖੁੱਲ੍ਹ ਕੇ ਆਲੋਚਨਾ ਕੀਤੀ ਸੀ। ਦੂਜੇ ਪਾਸੇ, ਵ੍ਹਾਈਟ ਹਾਊਸ ਵਿਚ ਵਾਪਸੀ ਤੋਂ ਬਾਅਦ ਟਰੰਪ ਨੇ ਕੈਨੇਡਾ ਵਿਰੁੱਧ ਸਖ਼ਤ ਰੁਖ ਅਖਤਿਆਰ ਕੀਤਾ ਹੋਇਆ ਹੈ। ਟਰੰਪ ਪਹਿਲਾਂ ਵੀ ਕੈਨੇਡਾ ਨੂੰ ਲੈ ਕੇ ਕਈ ਵਿਵਾਦਿਤ ਟਿੱਪਣੀਆਂ ਕਰ ਚੁੱਕੇ ਹਨ। ਉਨ੍ਹਾਂ ਨੇ ਕੈਨੇਡਾ ’ਤੇ ਭਾਰੀ ਟੈਕਸ ਲਗਾਉਣ ਦੀ ਧਮਕੀ ਦਿੱਤੀ ਸੀ ਅਤੇ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣ ਜਾਣਾ ਚਾਹੀਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਸੱਦਾ ਵਾਪਸ ਲੈਣ ਦੇ ਇਸ ਫੈਸਲੇ ਨਾਲ ਆਉਣ ਵਾਲੇ ਦਿਨਾਂ ਵਿਚ ਕੈਨੇਡਾ ਅਤੇ ਅਮਰੀਕਾ ਵਿਚਾਲੇ ਵਪਾਰਕ ਅਤੇ ਸਿਆਸੀ ਸਬੰਧਾਂ ਵਿਚ ਹੋਰ ਖਟਾਸ ਆ ਸਕਦੀ ਹੈ।

# ਟਰੰਪ ਦੀ ਧਮਕੀ ਮਗਰੋਂ ਕੈਨੇਡੀਅਨ ਪ੍ਰਧਾਨ ਮੰਤਰੀ ਵੱਲੋਂ ‘Buy Canadian’ ਦਾ ਨਾਅਰਾ



**ਓਟਾਵਾ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੈਨੇਡੀਅਨ ਵਸਤਾਂ ’ਤੇ 100 ਫੀਸਦੀ ਟੈਰਿਫ (ਟੈਕਸ) ਲਗਾਉਣ ਦੀ ਧਮਕੀ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ‘ਵਪਾਰਕ ਜੰਗ’ ਛਿੜ ਗਈ ਹੈ। ਇਸ ਦੇ ਜਵਾਬ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਦੇਸ਼ ਵਾਸੀਆਂ ਨੂੰ “Buy Canadian” (ਕੈਨੇਡੀਅਨ ਖਰੀਦੋ) ਅਤੇ “Build Canadian” (ਕੈਨੇਡਾ ਵਿਚ ਬਣਾਓ) ਦਾ ਹੋਕਾ ਦਿੱਤਾ ਹੈ।

ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸੋਸ਼ਲ ਮੀਡੀਆ ’ਤੇ ਇੱਕ ਵੀਡੀਓ ਜਾਰੀ ਕਰਦਿਆਂ ਕਿਹਾ ਕਿ ਜਦੋਂ ਸਾਡੀ ਆਰਥਿਕਤਾ ਨੂੰ ਬਾਹਰੋਂ ਖ਼ਤਰਾ ਹੁੰਦਾ ਹੈ, ਤਾਂ ਸਾਨੂੰ ਉਨ੍ਹਾਂ ਚੀਜ਼ਾਂ ’ਤੇ ਧਿਆਨ ਦੇਣਾ ਚਾਹੀਦਾ ਹੈ, ਜੋ ਸਾਡੇ ਕੰਟਰੋਲ ਵਿਚ ਹਨ। ਉਨ੍ਹਾਂ ਕਿਹਾ, “ਅਸੀਂ ਦੂਜੇ ਦੇਸ਼ਾਂ ਦੇ ਫੈਸਲਿਆਂ ਨੂੰ ਨਹੀਂ ਰੋਕ ਸਕਦੇ, ਪਰ ਅਸੀਂ ਆਪਣੇ ਸਭ ਤੋਂ ਵਧੀਆ ਗਾਹਕ ਖੁਦ ਬਣ ਸਕਦੇ ਹਾਂ। ਅਸੀਂ ਕੈਨੇਡਾ ਦਾ ਬਣਿਆ ਸਾਮਾਨ ਖਰੀਦਾਂਗੇ ਅਤੇ ਕੈਨੇਡਾ ਵਿਚ ਹੀ ਬਣਾਵਾਂਗੇ।”

ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ‘ਟਰੂਥ ਸੋਸ਼ਲ’ ’ਤੇ ਲਿਖਿਆ ਕਿ ਜੇਕਰ ਕਾਰਨੀ ਕੈਨੇਡਾ ਨੂੰ ਚੀਨ ਲਈ ‘ਡਰਾਪ ਆਫ ਪੋਰਟ’ (ਚੀਨੀ ਸਮਾਨ ਅਮਰੀਕਾ ਭੇਜਣ ਦਾ ਰਸਤਾ) ਬਣਾਉਣ ਬਾਰੇ ਸੋਚ ਰਹੇ ਹਨ, ਤਾਂ ਉਹ ਬਹੁਤ ਵੱਡੀ ਗਲਤੀ ਕਰ ਰਹੇ ਹਨ। ਟਰੰਪ ਨੇ ਸਖ਼ਤ ਲਹਿਜ਼ੇ ਵਿਚ ਕਿਹਾ ਕਿ ਚੀਨ ਕੈਨੇਡਾ ਦੇ ਕਾਰੋਬਾਰਾਂ ਅਤੇ ਸਮਾਜਿਕ ਤਾਣੇ-ਬਾਣੇ ਨੂੰ ਪੂਰੀ ਤਰ੍ਹਾਂ ਨਿਗਲ ਜਾਵੇਗਾ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਕੈਨੇਡਾ ਚੀਨ ਨਾਲ ਕੋਈ ਵੀ ਸੌਦਾ ਕਰਦਾ ਹੈ, ਤਾਂ ਅਮਰੀਕਾ ਆਉਣ ਵਾਲੇ ਹਰ ਕੈਨੇਡੀਅਨ ਉਤਪਾਦ ’ਤੇ ਤੁਰੰਤ 100% ਟੈਰਿਫ ਲਗਾਇਆ ਜਾਵੇਗਾ।” ਅਮਰੀਕਾ ਕੈਨੇਡਾ ਦਾ ਸਭ ਤੋਂ ਵੱਡਾ ਵਪਾਰਕ ਹਿੱਸੇਦਾਰ ਹੈ। ਜੇਕਰ ਟਰੰਪ ਇਹ ਟੈਰਿਫ ਲਗਾਉਂਦੇ ਹਨ, ਤਾਂ ਕੈਨੇਡਾ ਦੀਆਂ ਬਰਾਮਦਾਂ ਬਹੁਤ ਮਹਿੰਗੀਆਂ ਹੋ ਜਾਣਗੀਆਂ, ਜਿਸ ਨਾਲ ਕੈਨੇਡਾ ਦੇ ਉਦਯੋਗਾਂ ਨੂੰ ਭਾਰੀ ਨੁਕਸਾਨ ਹੋ ਸਕਦਾ ਹੈ। ਪੀ.ਐੱਮ. ਕਾਰਨੀ ਦਾ ‘ਬਾਏ ਕੈਨੇਡੀਅਨ’ ਮੁਹਿੰਮ ਇਸੇ ਆਰਥਿਕ ਖ਼ਤਰੇ ਨਾਲ ਨਜਿੱਠਣ ਦੀ ਇੱਕ ਕੋਸ਼ਿਸ਼ ਮੰਨੀ ਜਾ ਰਹੀ ਹੈ।


Global Allianz

LAW FIRM LLP

ਕਾਨੂੰਨੀ ਸਲਾਹਾਂ

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ ’ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

555 Capitol Mall SUITE 1245, Sacramento, CA 95814

Phone:209-808-2136, 209-952-5578, 1-916-806-7042, Fax: 209-476-7188

Designed By Punjab Mail USA

# ਟਰੰਪ ਵੱਲੋਂ 'ਬੋਰਡ ਆਫ ਪੀਸ' ਚਾਰਟਰ 'ਤੇ ਦਸਤਖਤ




*ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ 'ਬੋਰਡ ਆਫ ਪੀਸ' ਦੇ ਚਾਰਟਰ 'ਤੇ ਦਸਤਖ਼ਤ ਕਰਨ ਮਗਰੋਂ ਦਸਤਾਵੇਜ਼ ਦਿਖਾਉਂਦੇ ਹੋਏ।*

**ਦਾਵੋਸ, (ਪੰਜਾਬ ਮੇਲ.)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਨਵੇਂ ਬਣਾਏ 'ਬੋਰਡ ਆਫ ਪੀਸ' ਦੇ ਚਾਰਟਰ 'ਤੇ ਕੁਝ ਬਾਨੀ ਮੈਂਬਰਾਂ ਨਾਲ ਦਸਤਖ਼ਤ ਕੀਤੇ ਪਰ ਇਸ ਦੇ ਪੈਨਲ ਦੇ ਕੰਮਕਾਜ ਜਾਂ ਆਲਮੀ ਟਕਰਾਅ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਬਾਰੇ ਬਹੁਤ ਘੱਟ ਜਾਣਕਾਰੀ ਦਿੱਤੀ। ਟਰੰਪ ਨੇ ਬੋਰਡ ਨੂੰ 'ਦੁਨੀਆਂ ਲਈ ਵਿਲੱਖਣ' ਕਰਾਰ ਦਿੱਤਾ।

ਇਸ ਸਬੰਧੀ ਸਮਾਗਮ ਨੂੰ ਸੰਬੋਧਨ ਕਰਦਿਆਂ ਟਰੰਪ ਨੇ ਕਿਹਾ ਕਿ ਇਹ ਬੋਰਡ ਸੰਯੁਕਤ ਰਾਸ਼ਟਰ ਨਾਲ ਮਿਲ ਕੇ ਨਾ ਸਿਰਫ਼ ਮੱਧ ਪੂਰਬ 'ਚ ਸਗੋਂ ਹੋਰ ਖਿੱਤਿਆਂ 'ਚ ਵੀ ਜੰਗਾਂ ਰੁਕਵਾਉਣ ਦਾ ਕੰਮ ਕਰ ਸਕਦਾ ਹੈ। ਉਨ੍ਹਾਂ ਕਿਹਾ, "ਮੈਨੂੰ ਲੱਗਦਾ ਹੈ ਕਿ ਗਾਜ਼ਾ 'ਚ ਕਾਮਯਾਬੀ ਮਿਲਣ ਮਗਰੋਂ ਅਸੀਂ ਹੋਰਨਾਂ ਖਿੱਤਿਆਂ ਵੱਲ ਵਧ ਸਕਦੇ ਹਾਂ। ਅਸੀਂ ਗਾਜ਼ਾਂ 'ਚ ਬਹੁਤ ਸਫਲ ਹੋਵਾਂਗੇ। ਇਕ ਵਾਰ ਇਹ ਬੋਰਡ ਪੂਰੀ ਤਰ੍ਹਾਂ ਬਣ ਜਾਵੇ, ਅਸੀਂ ਤਕਰੀਬਨ ਉਹ ਸਭ ਕੁਝ ਕਰ ਸਕਦੇ ਹਾਂ, ਜੋ ਅਸੀਂ ਕਰਨਾ ਚਾਹੁੰਦੇ ਹਾਂ।" ਉਨ੍ਹਾਂ ਸੰਯੁਕਤ ਰਾਸ਼ਟਰ ਨਾਲ ਮਿਲ ਕੇ ਕੰਮ ਕਰਨ ਦਾ ਮੁੜ ਵਾਅਦਾ ਕੀਤਾ ਪਰ ਇਤਿਹਾਸਕ ਤੌਰ 'ਤੇ ਢੁੱਕਵਾਂ ਕੰਮ ਨਾ ਕਰਨ ਲਈ ਸੰਯੁਕਤ ਰਾਸ਼ਟਰ ਦੀ ਆਲੋਚਨਾ ਵੀ ਕੀਤੀ।

ਟਰੰਪ ਨੇ ਇਸ ਬਾਰੇ ਕੋਈ ਸਪੱਸ਼ਟ ਜਾਣਕਾਰੀ ਨਹੀਂ ਦਿੱਤੀ ਕਿ ਬੋਰਡ ਸੰਯੁਕਤ ਰਾਸ਼ਟਰ ਨਾਲ ਕਿਸ ਤਰ੍ਹਾਂ ਸਹਿਯੋਗ ਕਰੇਗਾ। ਕਈ ਮੁਲਕਾਂ ਜਿਨ੍ਹਾਂ 'ਚ ਕਈ ਅਮਰੀਕਾ ਦੇ ਸਹਿਯੋਗੀ ਹਨ, ਨੇ ਚਿੰਤਾ ਜ਼ਾਹਰ ਕੀਤੀ ਹੈ ਕਿ ਟਰੰਪ ਇਸ ਬੋਰਡ ਨੂੰ ਸੰਯੁਕਤ ਰਾਸ਼ਟਰ ਦੀ ਥਾਂ ਲੈਣ ਜਾਂ ਉਸ ਦੇ ਵਿਰੋਧੀ ਵਜੋਂ ਸਥਾਪਤ ਕਰਨਾ ਚਾਹੁੰਦੇ ਹਨ। ਬੋਰਡ 'ਚ ਸ਼ਾਮਲ ਹੋਣ ਵਾਲੇ ਮੁਲਕਾਂ 'ਚ ਅਰਜਨਟੀਨਾ, ਅਰਮੀਨੀਆ, ਅਜ਼ਰਬਾਇਜਾਨ, ਬਹਿਰੀਨ, ਬੇਲਾਰੂਸ, ਮਿਸਰ, ਹੰਗਰੀ, ਕਜ਼ਾਖ਼ਸਤਾਨ, ਮੋਰੱਕੋ, ਪਾਕਿਸਤਾਨ, ਯੂ.ਏ.ਈ., ਸਾਊਦੀ ਅਰਬ ਤੇ ਵੀਅਤਨਾਮ ਸ਼ਾਮਲ ਹਨ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਵੀ ਚਾਰਟਰ 'ਤੇ ਦਸਤਖ਼ਤ ਕੀਤੇ ਹਨ।

### ਭਾਰਤ ਗ਼ੈਰ-ਹਾਜ਼ਰ ਰਿਹਾ

ਅਮਰੀਕੀ ਰਾਸ਼ਟਰਪਤੀ ਨੇ ਜਦੋਂ 'ਬੋਰਡ ਆਫ ਪੀਸ' ਦੇ ਚਾਰਟਰ 'ਤੇ ਦਸਤਖ਼ਤ ਕੀਤੇ ਤਾਂ ਦਾਵੋਸ 'ਚ ਭਾਰਤ ਸਮੇਤ ਕਈ ਦੇਸ਼ ਹਾਜ਼ਰ ਨਹੀਂ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਕਈ ਆਲਮੀ ਆਗੂਆਂ ਨੂੰ ਅਮਰੀਕੀ ਰਾਸ਼ਟਰਪਤੀ ਨੇ ਇਸ ਬੋਰਡ 'ਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਹੈ। ਫਰਾਂਸ, ਯੂ.ਕੇ., ਚੀਨ, ਜਰਮਨੀ ਤੇ ਕਈ ਹੋਰ ਮੁਲਕਾਂ ਨੇ ਵੀ ਟਰੰਪ ਦੇ 'ਬੋਰਡ ਆਫ ਪੀਸ' ਦੇ ਦਸਤਖ਼ਤ ਸਮਾਗਮ 'ਚ ਹਿੱਸਾ ਨਹੀਂ ਲਿਆ। ਮਾਮਲੇ ਨਾਲ ਜੁੜੇ ਸੂਤਰਾਂ ਨੇ ਕਿਹਾ ਕਿ ਭਾਰਤ ਨੇ ਹਾਲੇ ਤੱਕ ਇਸ ਬਾਰੇ ਕੋਈ ਫ਼ੈਸਲਾ ਨਹੀਂ ਕੀਤਾ ਹੈ।

## ਟੋਰਾਂਟੋ 'ਚ ਰਿਕਾਰਡ ਤੋੜ ਬਰਫ਼ਬਾਰੀ ਕਾਰਨ ਹਵਾਈ ਉਡਾਣਾਂ 'ਚ ਪਿਆ ਵਿਘਨ; ਸਕੂਲ ਬੰਦ

**ਵੈਨਕੂਵਰ, (ਪੰਜਾਬ ਮੇਲ)-** ਟੋਰਾਂਟੋ ਅਤੇ ਨੇੜਲੇ ਸ਼ਹਿਰਾਂ ਵਿਚ ਬਰਫਬਾਰੀ ਨੇ ਬੀਤੇ ਦਿਨੀਂ ਰਿਕਾਰਡ ਤੋੜ ਦਿੱਤੇ। ਇਥੇ ਐਤਵਾਰ ਸਵੇਰ ਤੋਂ ਰਾਤ ਤੱਕ ਹੋਈ 40 ਸੈਂਟੀਮੀਟਰ ਬਰਫਬਾਰੀ ਕਾਰਨ ਜਨ-ਜੀਵਨ ਦਾ ਬੁਰਾ ਹਾਲ ਕਰ ਦਿੱਤਾ। ਬੇਸ਼ੱਕ ਹਾਲੇ ਡੇਢ ਦੋ ਮਹੀਨੇ ਬਰਫਬਾਰੀ ਦਾ ਖਦਸ਼ਾ ਬਣਿਆ ਹੋਇਆ ਹੈ ਪਰ ਸੜਕਾਂ ਤੋਂ ਬਰਫ ਹਟਾਉਣ ਲਈ ਮਿਊਂਸਪੈਲਿਟੀਆਂ ਦੇ ਨਮਕ ਦੇ ਜ਼ਖੀਰੇ ਖਾਲੀ ਹੋਣ ਕਿਨਾਰੇ ਹਨ ਤੇ ਕਈ ਸ਼ਹਿਰਾਂ ਦੇ ਸਟੋਰਾਂ ਵਿਚ ਸਿਰਫ ਝਾੜ ਪੂੰਝ ਹੀ ਬਚਿਆ ਰਹਿ ਗਿਆ ਹੈ।

ਤਾਜ਼ਾ ਬਰਫਬਾਰੀ ਕਾਰਨ ਟੋਰਾਂਟੋ, ਬਰੈਂਪਟਨ, ਮਿਸੀਸਾਗਾ, ਕੈਲੇਡਨ, ਮਿਲਟਨ ਅਤੇ ਸਕਾਰਬਰੋ ਆਦਿ ਸ਼ਹਿਰਾਂ ਦੇ ਸਾਰੇ ਸਕੂਲ ਅਣਮਿੱਥੇ ਸਮੇਂ ਲਈ ਬੰਦ ਕਰ ਦਿੱਤੇ ਗਏ ਹਨ। ਇਨ੍ਹਾਂ ਦਿਨਾਂ ਵਿਚ ਹੋਣ ਵਾਲੇ ਖੇਡ ਮੁਕਾਬਲੇ ਅਤੇ ਹੋਰ ਅਹਿਮ ਸਮਾਗਮ ਅੱਗੇ ਪਾ ਦਿੱਤੇ ਗਏ ਹਨ। ਬਰਫਬਾਰੀ ਨੇ ਟੋਰਾਂਟੋ ਹਵਾਈ ਅੱਡੇ ਦੀਆਂ ਉਡਾਣਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ।

# ਅਮਰੀਕਾ 'ਚ ਪੰਜਾਬੀ ਮੂਲ ਦੇ ਨਵਰਾਜ ਸਿੰਘ ਰਾਏ ਬਣੇ ਕੇਰਨ ਕਾਊਂਟੀ ਦੇ ਪਹਿਲੇ 'ਸਿੱਖ ਜੱਜ'



**ਬੇਕਰਸਫੀਲਡ, (ਪੰਜਾਬ ਮੇਲ)-** ਕੈਲੀਫੋਰਨੀਆ ਦੀ ਕੇਰਨ ਕਾਊਂਟੀ ਸੁਪੀਰੀਅਰ ਕੋਰਟ 'ਚ ਨਵਰਾਜ ਸਿੰਘ ਰਾਏ ਨੇ 'ਪ੍ਰੋ ਟੈਮ ਜੱਜ' ਵਜੋਂ ਸਹੁੰ ਚੁੱਕੀ ਹੈ, ਜਿਸ ਨਾਲ ਉਹ ਇਸ ਅਹੁਦੇ 'ਤੇ ਪਹੁੰਚਣ ਵਾਲੇ ਕਾਊਂਟੀ ਦੇ ਪਹਿਲੇ ਸਿੱਖ ਅਤੇ ਪੰਜਾਬੀ ਬਣ ਗਏ ਹਨ।

ਸਥਾਨਕ ਲੋਕਾਂ ਵਿਚ 'ਬਾਕੋ ਕਿੱਡ' ਦੇ ਨਾਂ ਨਾਲ ਮਸ਼ਹੂਰ ਨਵਰਾਜ ਸਿੰਘ ਰਾਏ ਭਾਰਤ ਤੋਂ ਗਏ ਪ੍ਰਵਾਸੀ ਮਾਪਿਆਂ ਦੇ ਸਪੁੱਤਰ ਹਨ। ਉਨ੍ਹਾਂ ਨੇ ਕੈਲੀਫੋਰਨੀਆ ਯੂਨੀਵਰਸਿਟੀ, ਡੇਵਿਸ ਤੋਂ ਆਪਣੀ ਪੜ੍ਹਾਈ ਪੂਰੀ ਕੀਤੀ ਅਤੇ ਹੁਣ ਉਹ ਅਦਾਲਤ ਵਿਚ ਨਿਰਪੱਖਤਾ, ਸਤਿਕਾਰ ਅਤੇ ਕਾਨੂੰਨ ਦੇ ਸ਼ਾਸਨ ਵਰਗੇ ਸਿਧਾਂਤਾਂ ਨੂੰ ਲਾਗੂ ਕਰਨਗੇ।

ਇਸ ਇਤਿਹਾਸਕ ਪਲ ਦੀਆਂ ਤਸਵੀਰਾਂ ਅਤੇ ਵੀਡੀਓਜ਼ ਸੋਸ਼ਲ ਮੀਡੀਆ 'ਤੇ ਕਾਫੀ ਵਾਇਰਲ ਹੋ ਰਹੀਆਂ ਹਨ, ਜਿਨ੍ਹਾਂ ਵਿਚ ਨਵਰਾਜ ਸਥਾਨਕ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ ਵਿਚ ਮਾਣ ਨਾਲ ਸਹੁੰ ਚੁੱਕਦੇ ਨਜ਼ਰ ਆ ਰਹੇ ਹਨ।

ਕੇਰਨ ਕਾਊਂਟੀ ਹਿੰਦੂ ਕਲਚਰਲ ਸੈਂਟਰ ਅਤੇ ਪੰਜਾਬੀ ਮੀਡੀਆ ਨੇ ਇਸ ਨਿਯੁਕਤੀ ਨੂੰ ਇਕ 'ਵੱਡੀ ਅਤੇ ਇਤਿਹਾਸਕ ਮੀਲ ਪੱਥਰ' ਵਜੋਂ ਸਲਾਹਿਆ ਹੈ। ਕੇਰਨ ਕਾਊਂਟੀ ਵਿਚ ਸਿੱਖ ਭਾਈਚਾਰਾ ਲੰਬੇ ਸਮੇਂ ਤੋਂ ਖੇਤੀਬਾੜੀ, ਵਪਾਰ ਅਤੇ ਸਮਾਜਿਕ ਕੰਮਾਂ ਵਿਚ ਵੱਡਾ ਯੋਗਦਾਨ ਪਾ ਰਿਹਾ ਹੈ ਅਤੇ ਹੁਣ ਨਿਆਂਪਾਲਿਕਾ ਵਿਚ ਇਸ ਪਹਿਲੀ ਭੂਮਿਕਾ ਨੇ ਭਾਈਚਾਰੇ ਦਾ ਸਿਰ ਹੋਰ ਉੱਚਾ ਕਰ ਦਿੱਤਾ ਹੈ। ਨਵਰਾਜ ਦੀ ਇਹ ਪ੍ਰਾਪਤੀ ਕੈਲੀਫੋਰਨੀਆ 'ਚ ਸਿੱਖਾਂ ਦੇ ਵਧਦੇ ਪ੍ਰਭਾਵ ਨੂੰ ਦਰਸਾਉਂਦੀ ਹੈ, ਜੋ ਨਿਆਂ ਦੇ ਨਾਲ-ਨਾਲ ਸੱਭਿਆਚਾਰਕ ਸਾਂਝ ਨੂੰ ਵੀ ਮਜ਼ਬੂਤ ਕਰੇਗੀ।

# ਸਰੀ ਮੇਅਰ ਨੇ ਜ਼ਬਰਨ ਵਸੂਲੀ ਦੀਆਂ ਵਧਦੀਆਂ ਧਮਕੀਆਂ ਕਾਰਨ 'ਐਮਰਜੈਂਸੀ' ਐਲਾਨੀ

- **ਜ਼ਬਰਨ ਵਸੂਲੀ 'ਚ ਪੰਜਾਬੀ ਗੈਂਗਸਟਰਾਂ ਦੀ ਸਭ ਤੋਂ ਵੱਧ ਸ਼ਮੂਲੀਅਤ**
- **ਦੱਖਣੀ ਏਸ਼ੀਆਈ ਕਾਰੋਬਾਰਾਂ ਅਤੇ ਪਰਿਵਾਰਾਂ ਨੂੰ ਨਿਸ਼ਾਨਾ ਬਣਾਕੇ ਦਿੱਤੀਆਂ ਜਾਂਦੀਆਂ ਧਮਕੀਆਂ**

**ਸਰੀ/ਚੰਡੀਗੜ੍ਹ, (ਪੰਜਾਬ ਮੇਲ)-** ਕੈਨੇਡਾ 'ਚ ਜਬਰਨ ਵਸੂਲੀ ਦੀਆਂ ਧਮਕੀਆਂ ਵਿਰੁੱਧ ਇੱਕ ਵੱਡੀ ਕਾਰਵਾਈ ਕਰਦਿਆਂ ਸਰੀ ਸਿਟੀ ਕੌਂਸਲ ਨੇ ਸਥਾਨਕ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕੀਤਾ ਹੈ। ਕੈਨੇਡਾ ਵਿਚ ਕਿਸੇ ਵੀ ਅਪਰਾਧ ਵਿਰੁੱਧ ਅਜਿਹੀ ਕਾਰਵਾਈ ਕਰਨ ਵਾਲੀ ਇਹ ਪਹਿਲੀ ਚੁਣੀ ਹੋਈ ਕੌਂਸਲ ਹੈ। ਦੱਖਣੀ ਏਸ਼ੀਆਈ ਲੋਕਾਂ ਤੋਂ ਜਬਰਨ ਵਸੂਲੀ ਵਿਚ ਪੰਜਾਬੀ ਗੈਂਗਸਟਰਾਂ ਦੀ ਸਭ ਤੋਂ ਵੱਧ ਸ਼ਮੂਲੀਅਤ ਦੱਸੀ ਜਾ ਰਹੀ ਹੈ।

ਕੈਨੇਡਾ ਮੀਡੀਆ ਦੀਆਂ ਰਿਪੋਰਟਾਂ ਅਨੁਸਾਰ ਮੇਅਰ ਬਰੈਂਡਾ ਲੋਕ ਨੇ ਇਸ ਮਤੇ ਦੀ ਅਗਵਾਈ ਕੀਤੀ, ਜਿਸ ਨੂੰ 26 ਜਨਵਰੀ ਨੂੰ ਮਨਜ਼ੂਰੀ ਦਿੱਤੀ ਗਈ ਸੀ। ਇਸ ਵਿਚ ਇਨ੍ਹਾਂ ਅਪਰਾਧਾਂ ਦੀ ਭਿਆਨਕ ਪ੍ਰਕਿਰਤੀ 'ਤੇ ਜ਼ੋਰ ਦਿੱਤਾ ਗਿਆ ਹੈ, ਜੋ ਸਥਾਨਕ ਸਰੋਤਾਂ ਅਤੇ ਰਵਾਇਤੀ ਪੁਲੀਸਿੰਗ ਯਤਨਾਂ ਤੋਂ ਬਾਹਰ ਹੋ ਗਏ ਹਨ। ਕੌਂਸਲ ਹੁਣ ਸੰਘੀ ਸਰਕਾਰ ਨੂੰ ਅਪੀਲ ਕਰ ਰਹੀ ਹੈ ਕਿ ਉਹ ਰਾਸ਼ਟਰੀ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕਰਕੇ ਜਾਂ ਇਸ ਦੇ ਬਰਾਬਰ ਦੇ ਅਸਾਧਾਰਨ ਕਦਮ ਚੁੱਕ ਕੇ ਇਸ ਦੀ ਪਾਲਣਾ ਕਰੇ, ਜਿਸ ਨੂੰ ਲੋਕ ਨੇ ਅੰਤਰਰਾਸ਼ਟਰੀ ਖਤਰਾ ਦੱਸਿਆ ਹੈ। ਕੌਂਸਲ ਦੀ ਮੀਟਿੰਗ ਦੌਰਾਨ ਮੇਅਰ ਲੋਕ ਨੇ ਕਿਹਾ, "ਇਹ ਇੱਕ ਅਜਿਹਾ ਸੰਕਟ ਹੈ, ਜਿਸ ਨੇ ਪਰਿਵਾਰਾਂ ਨੂੰ ਦਹਿਸ਼ਤਜ਼ਦਾ ਕਰ ਦਿੱਤਾ ਹੈ ਅਤੇ ਕਾਰੋਬਾਰ ਘੇਰੇ ਵਿਚ ਹਨ। ਸਰੀ ਸ਼ਹਿਰ ਇਹ ਸਵੀਕਾਰ ਕਰਦਾ ਹੈ ਕਿ ਅਸੀਂ ਜਬਰਨ ਵਸੂਲੀ ਅਤੇ ਇਸ ਨਾਲ ਸਬੰਧਤ ਹਿੰਸਾ ਦੇ ਕਾਰਨ ਐਮਰਜੈਂਸੀ ਦੀ ਸਥਿਤੀ ਵਿਚ ਹਾਂ, ਜਿਸ ਨੇ ਸਾਡੇ ਸ਼ਹਿਰ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ।" ਮਤੇ ਵਿਚ ਇੱਕ ਮਜ਼ਬੂਤ ਪ੍ਰਤੀਕਿਰਿਆ ਦਾ ਤਾਲਮੇਲ ਕਰਨ ਲਈ ਇੱਕ ਸੰਘੀ ਕੈਨੇਡੀਅਨਾਂ ਵਿਰੁੱਧ ਹਿੰਸਾ ਲਈ ਜਬਰਨ ਵਸੂਲੀ ਬਾਰੇ ਕਮਿਸ਼ਨਰ ਦੀ ਨਿਯੁਕਤੀ ਦੀ ਮੰਗ ਕੀਤੀ ਗਈ ਹੈ, ਜਿਸ ਵਿਚ ਵਾਧੂ ਆਰ.ਸੀ.ਐੱਮ.ਪੀ. ਸੰਗਠਿਤ ਅਪਰਾਧ ਯੂਨਿਟਾਂ ਦੀ ਤਾਇਨਾਤੀ, ਇਨ੍ਹਾਂ ਅਪਰਾਧਾਂ ਵਿਚ ਸ਼ਾਮਲ ਗੈਰ-ਨਾਗਰਿਕਾਂ ਨੂੰ ਜਲਦੀ ਦੇਸ਼ ਨਿਕਾਲਾ ਦੇਣਾ ਅਤੇ ਅਪਰਾਧੀਆਂ ਨੂੰ ਤੇਜ਼ੀ ਨਾਲ ਹਿਰਾਸਤ ਵਿਚ ਲੈਣ ਅਤੇ ਹਟਾਉਣ ਲਈ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਮਜ਼ਬੂਤ ਕਰਨਾ ਸ਼ਾਮਲ ਹੈ।

# ਟਰੰਪ ਨੇ ਯੂਰਪੀ ਮੁਲਕਾਂ ਨੂੰ ਦਿੱਤੀ ਟੈਰਿਫ਼ ਦੀ ਧਮਕੀ ਲਈ ਵਾਪਸ

- **ਗ੍ਰੀਨਲੈਂਡ ਬਾਰੇ 'ਭਵਿੱਖੀ ਸੌਦੇ' ਦੇ ਚੌਖਟੇ ਨੂੰ ਸਹਿਮਤੀ ਦਿੱਤੀ**

**ਦਾਵੋਸ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਗ੍ਰੀਨਲੈਂਡ ਨੂੰ ਲੈ ਕੇ ਕੁਝ ਯੂਰਪੀਅਨ ਮੁਲਕਾਂ ਉੱਤੇ ਟੈਰਿਫ ਲਗਾਉਣ ਦੀਆਂ ਆਪਣੀਆਂ ਯੋਜਨਾਵਾਂ 'ਤੇ ਅੱਗੇ ਨਹੀਂ ਵਧਣਗੇ। ਟਰੰਪ ਨੇ 1 ਫਰਵਰੀ ਤੋਂ ਟੈਰਿਫ ਲਾਗੂ ਕਰਨ ਦੀ ਆਪਣੀ ਪਿਛਲੀ ਧਮਕੀ ਨੂੰ ਵਾਪਸ ਲੈ ਲਿਆ ਹੈ।

ਇਹ ਫੈਸਲਾ ਨਾਟੋ ਦੇ ਸਕੱਤਰ ਜਨਰਲ ਮਾਰਕ ਰੁਟੇ ਨਾਲ 'ਲਾਭਕਾਰੀ' ਮੀਟਿੰਗ ਤੋਂ ਬਾਅਦ ਆਇਆ ਹੈ, ਜਿਸ ਦੌਰਾਨ ਅਮਰੀਕੀ ਰਾਸ਼ਟਰਪਤੀ ਨੇ ਗ੍ਰੀਨਲੈਂਡ ਅਤੇ ਵਿਸ਼ਾਲ ਆਰਕਟਿਕ ਖੇਤਰ ਸਬੰਧੀ ਭਵਿੱਖੀ ਸੌਦੇ ਲਈ ਇਕ ਢਾਂਚੇ ਦੀ ਨੀਂਹ ਵੀ ਰੱਖੀ। ਟਰੁੱਥ ਸੋਸ਼ਲ 'ਤੇ ਇਕ ਪੋਸਟ ਵਿਚ ਟਰੰਪ ਨੇ ਇਸ ਪੇਸ਼ਕਦਮੀ ਨੂੰ ਅਮਰੀਕਾ ਤੇ ਨਾਟੋ ਸਹਿਯੋਗੀਆਂ ਦੋਵਾਂ ਲਈ ਲਾਭਦਾਇਕ ਦੱਸਿਆ।

ਟਰੰਪ ਨੇ ਲਿਖਿਆ, "ਨਾਟੋ ਦੇ ਸਕੱਤਰ ਜਨਰਲ ਮਾਰਕ ਰੁਟੇ ਨਾਲ ਮੇਰੀ ਇਕ ਬਹੁਤ ਹੀ ਲਾਭਕਾਰੀ ਮੀਟਿੰਗ ਦੇ ਆਧਾਰ 'ਤੇ, ਅਸੀਂ ਗ੍ਰੀਨਲੈਂਡ ਤੇ ਪੂਰੇ ਆਰਕਟਿਕ ਖੇਤਰ ਦੇ ਸਬੰਧ 'ਚ ਇਕ ਭਵਿੱਖੀ ਸੌਦੇ ਦਾ ਢਾਂਚਾ ਬਣਾਇਆ ਹੈ। ਇਹ ਹੱਲ ਜੇਕਰ ਸਿਰੇ ਚੜ੍ਹ ਜਾਂਦਾ ਹੈ, ਤਾਂ ਅਮਰੀਕਾ ਅਤੇ ਸਾਰੇ ਨਾਟੋ ਦੇਸ਼ਾਂ ਲਈ ਲਾਭਕਾਰੀ ਹੋਵੇਗਾ। ਦੋਵਾਂ ਧਿਰਾਂ 'ਚ ਬਣੀ ਇਸ ਸਮਝ ਦੇ ਆਧਾਰ 'ਤੇ ਮੈਂ 1 ਫਰਵਰੀ ਤੋਂ ਲਾਗੂ ਹੋਣ ਵਾਲੇ ਟੈਰਿਫ ਨਹੀਂ ਲਗਾਵਾਂਗਾ।"

## ਆਤਿਸ਼ੀ ਮਾਮਲੇ 'ਚ ਪੰਜਾਬ ਪੁਲਿਸ ਨੇ ਦਿੱਲੀ ਵਿਧਾਨ ਸਭਾ ਨੂੰ ਭੇਜਿਆ ਜਵਾਬ !

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਨੇ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਦੇ ਮਾਮਲੇ 'ਚ ਦਿੱਲੀ ਵਿਧਾਨ ਸਭਾ ਸਕੱਤਰੇਤ ਨੂੰ ਜਵਾਬ ਭੇਜ ਦਿੱਤਾ ਹੈ। ਗ੍ਰਹਿ ਵਿਭਾਗ ਪੰਜਾਬ ਨੇ ਫੋਰੈਂਸਿਕ ਰਿਪੋਰਟ ਦੇ ਹਵਾਲੇ ਨਾਲ ਵੀਡੀਓ 'ਚ ਗੁਰੂ ਸ਼ਬਦ ਦਾ ਪ੍ਰਯੋਗ ਨਾ ਹੋਣ ਦੀ ਗੱਲ ਦੀ ਪੁਸ਼ਟੀ ਕੀਤੀ ਹੈ। ਚੇਤੇ ਰਹੇ ਕਿ ਦਿੱਲੀ ਵਿਧਾਨ ਸਭਾ ਦੇ ਸਪੀਕਰ ਨੇ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਤੋਂ ਆਤਿਸ਼ੀ ਵੀਡੀਓ ਮਾਮਲੇ 'ਚ ਜਵਾਬ ਮੰਗਿਆ ਸੀ।

ਜਲੰਧਰ ਪੁਲਿਸ ਨੇ 7 ਜਨਵਰੀ ਨੂੰ ਇਕ ਸ਼ਿਕਾਇਤ ਦੇ ਆਧਾਰ 'ਤੇ ਆਤਿਸ਼ੀ ਦੀ ਵੀਡੀਓ ਨੂੰ ਐਡਿਟ ਕਰਕੇ ਸੋਸ਼ਲ ਮੀਡੀਆ ਮੰਚਾਂ 'ਤੇ ਪੋਸਟ ਕੀਤੇ ਜਾਣ ਨੂੰ ਲੈ ਕੇ ਅਣਪਛਾਤੇ ਵਿਅਕਤੀ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਗ੍ਰਹਿ ਵਿਭਾਗ ਵੱਲੋਂ ਹੁਣ ਭੇਜੇ ਪੱਤਰ 'ਚ ਕਿਹਾ ਗਿਆ ਹੈ ਕਿ ਸਰਹੱਦੀ ਸੂਬੇ 'ਚ ਮਾਹੌਲ ਨੂੰ ਖ਼ਰਾਬ ਕਰਨ ਲਈ ਵੀਡੀਓ ਨੂੰ ਐਡਿਟ ਕਰਕੇ ਪੋਸਟ ਕੀਤਾ ਗਿਆ।

ਸਫਾ 1 ਦਾ ਬਾਕੀ

## 2026 'ਚ ਅਮਰੀਕਾ ਗਲਤ ਦਿਸ਼ਾ ਵੱਲ ਜਾ...

ਲਗਭਗ ਇੱਕ ਤਿਹਾਈ ਨੂੰ ਉਮੀਦ ਹੈ ਕਿ ਨੇੜਲੇ ਭਵਿੱਖ 'ਚ ਉਨ੍ਹਾਂ ਦੀ ਆਪਣੀ ਵਿੱਤੀ ਸਥਿਤੀ ਵਿਗੜ ਜਾਵੇਗੀ, ਇਹ ਚਿੰਤਾ ਘੱਟ ਆਮਦਨ ਵਾਲੇ ਪਰਿਵਾਰਾਂ ਵਿਚ ਵਧੇਰੇ ਹੈ। ਸਾਲਾਨਾ 50,000 ਡਾਲਰ ਤੋਂ ਘੱਟ ਕਮਾਉਣ ਵਾਲੇ ਪਰਿਵਾਰਾਂ ਵਿਚੋਂ, 46 ਪ੍ਰਤੀਸ਼ਤ ਨੂੰ ਉਮੀਦ ਹੈ ਕਿ ਉਨ੍ਹਾਂ ਦੀ ਵਿੱਤੀ ਸਥਿਤੀ ਵਿਗੜ ਜਾਵੇਗੀ, ਜਦੋਂਕਿ 100,000 ਡਾਲਰ ਜਾਂ ਇਸ ਤੋਂ ਵੱਧ ਕਮਾਉਣ ਵਾਲੇ ਪਰਿਵਾਰਾਂ ਲਈ ਇਹ 29 ਪ੍ਰਤੀਸ਼ਤ ਹੈ।

ਵਧਦੀ ਸਿਹਤ ਸੰਭਾਲ ਲਾਗਤ ਵੀ ਏ.ਏ.ਪੀ.ਆਈ. ਭਾਈਚਾਰੇ ਲਈ ਇੱਕ ਵੱਡੀ ਚਿੰਤਾ ਹੈ। ਲਗਭਗ ਸਾਰੇ ਉੱਤਰਦਾਤਾਵਾਂ ਨੇ ਕਿਹਾ ਕਿ ਉਹ ਵਧਦੀ ਸਿਹਤ ਸੰਭਾਲ ਲਾਗਤਾਂ ਬਾਰੇ ਚਿੰਤਤ ਹਨ। ਬਹੁਤ ਸਾਰੇ ਲੋਕਾਂ ਨੂੰ ਡਰ ਹੈ ਕਿ ਉਹ ਇਲਾਜ ਤੱਕ ਪਹੁੰਚ ਨਹੀਂ ਕਰ ਸਕਣਗੇ, ਬੀਮਾ ਗੁਆ ਦੇਣਗੇ, ਜਾਂ ਦਵਾਈਆਂ ਖਰੀਦਣ ਦੇ ਯੋਗ ਨਹੀਂ ਹੋਣਗੇ। ਇਹ ਡਰ ਘੱਟ ਆਮਦਨ ਵਾਲੇ ਪਰਿਵਾਰਾਂ 'ਚ ਹੋਰ ਵੀ ਸਪੱਸ਼ਟ ਹੈ।

ਇਮੀਗ੍ਰੇਸ਼ਨ ਵੀ ਇੱਕ ਮੁੱਖ ਮੁੱਦਾ ਬਣਿਆ ਹੋਇਆ ਹੈ, 41 ਪ੍ਰਤੀਸ਼ਤ ਉੱਤਰਦਾਤਾਵਾਂ ਨੇ ਇਸਨੂੰ ਇੱਕ ਪ੍ਰਮੁੱਖ ਸਰਕਾਰੀ ਤਰਜੀਹ ਦੱਸਿਆ। ਇਸ ਤੋਂ ਇਲਾਵਾ, ਲੋਕਤੰਤਰ ਅਤੇ ਨਾਗਰਿਕ ਆਜ਼ਾਦੀਆਂ ਬਾਰੇ ਚਿੰਤਾਵਾਂ ਉਠਾਈਆਂ ਗਈਆਂ। 58 ਪ੍ਰਤੀਸ਼ਤ ਲੋਕ ਪ੍ਰਗਟਾਵੇ ਦੀ ਆਜ਼ਾਦੀ ਤੋਂ ਅਤੇ 57 ਪ੍ਰਤੀਸ਼ਤ ਪ੍ਰੈੱਸ ਦੀ ਆਜ਼ਾਦੀ ਤੋਂ ਖ਼ਤਰਾ ਮਹਿਸੂਸ ਕਰਦੇ ਹਨ। ਇੱਕ ਮਹੱਤਵਪੂਰਨ ਗਿਣਤੀ ਨੇ ਵੋਟਿੰਗ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਬਾਰੇ ਵੀ ਚਿੰਤਾ ਪ੍ਰਗਟ ਕੀਤੀ।

ਜਦੋਂ ਰਾਸ਼ਟਰੀ ਪਛਾਣ ਬਾਰੇ ਪੁੱਛਿਆ ਗਿਆ, ਤਾਂ ਏ.ਏ.ਪੀ.ਆਈ. ਬਾਲਗਾਂ ਨੇ ਧਾਰਮਿਕ ਸੱਭਿਆਚਾਰ ਨਾਲੋਂ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਵਧੇਰੇ ਮਹੱਤਵਪੂਰਨ ਦਰਜਾ ਦਿੱਤਾ। ਲਗਭਗ 80 ਪ੍ਰਤੀਸ਼ਤ ਨੇ ਕਿਹਾ ਕਿ ਲੋਕਤੰਤਰੀ ਤੌਰ 'ਤੇ ਚੁਣੀ ਹੋਈ ਸਰਕਾਰ ਅਮਰੀਕੀ ਪਛਾਣ ਲਈ ਬਹੁਤ ਮਹੱਤਵਪੂਰਨ ਹੈ।

ਸਫਾ 1 ਦਾ ਬਾਕੀ

## ਅਮਰੀਕਾ 'ਚ ਬਰਫ਼ੀਲੇ ਤੂਫ਼ਾਨ ਕਾਰਨ 50 ਤੋਂ ਵੱਧ...

27 ਜਨਵਰੀ ਤੱਕ, 550,000 ਤੋਂ ਵੱਧ ਘਰ ਅਤੇ ਕਾਰੋਬਾਰ ਬਿਜਲੀ ਤੋਂ ਬਿਨਾਂ ਸਨ।

ਨਿਊਯਾਰਕ ਸ਼ਹਿਰ 'ਚ 10 ਲੋਕਾਂ ਦੀ ਮੌਤ ਹੋ ਗਈ। ਮੇਅਰ ਜ਼ੋਹਰਾਨ ਮਮਦਾਨੀ ਅਨੁਸਾਰ, 27 ਜਨਵਰੀ ਨੂੰ ਤਾਪਮਾਨ ਮਨਫ਼ੀ 13 ਡਿਗਰੀ ਸੈਲਸੀਅਸ ਤੱਕ ਡਿੱਗ ਗਿਆ, ਜੋ ਕਿ ਅੱਠ ਸਾਲਾਂ ਵਿਚ ਸਭ ਤੋਂ ਠੰਡਾ ਦਿਨ ਸੀ। ਸਾਰੇ ਮ੍ਰਿਤਕ ਬਾਹਰ ਮਿਲੇ ਸਨ, ਪਰ ਇਹ ਸਪੱਸ਼ਟ ਨਹੀਂ ਹੈ ਕਿ ਉਹ ਬੇਘਰ ਸਨ ਜਾਂ ਨਹੀਂ। ਮੇਅਰ ਨੇ ਕਿਹਾ ਕਿ ਕੁਝ ਮ੍ਰਿਤਕ ਪਹਿਲਾਂ ਆਸਰਾ ਪ੍ਰਣਾਲੀ ਦੇ ਸੰਪਰਕ ਵਿਚ ਸਨ, ਪਰ ਮੌਤ ਦੇ ਕਾਰਨਾਂ ਦੀ ਹਾਲੇ ਵੀ ਜਾਂਚ ਕੀਤੀ ਜਾ ਰਹੀ ਹੈ। ਨਤੀਜੇ ਵਜੋਂ, ਸ਼ਹਿਰ ਨੇ ਸਾਲਾਨਾ ਬੇਘਰ ਗਿਣਤੀ (ਅਮਰੀਕੀ ਰਿਹਾਇਸ਼ ਅਤੇ ਸ਼ਹਿਰੀ ਵਿਕਾਸ ਵਿਭਾਗ ਦੁਆਰਾ ਕੀਤੀ ਗਈ) ਫਰਵਰੀ ਦੇ ਸ਼ੁਰੂ ਤੱਕ ਮੁਲਤਵੀ ਕਰ ਦਿੱਤੀ। 19 ਜਨਵਰੀ ਤੋਂ ਲਗਭਗ 500 ਬੇਘਰ ਲੋਕਾਂ ਨੂੰ ਆਸਰਾ ਸਥਾਨਾਂ ਵਿਚ ਭੇਜਿਆ ਗਿਆ ਹੈ। ਗੰਭੀਰ ਸਿਹਤ ਜ਼ੋਖਮਾਂ ਵਾਲੇ 350 ਬੇਘਰ ਲੋਕਾਂ ਦੀ ਹਰ ਦੋ ਘੰਟਿਆਂ ਵਿਚ ਜਾਂਚ ਕੀਤੀ ਜਾ ਰਹੀ ਹੈ।

ਨੈਸ਼ਵਿਲ, ਟੈਨੇਸੀ ਵਿਚ ਸਥਿਤੀ ਵਿਗੜਨ ਦੀ ਉਮੀਦ ਹੈ। 135,000 ਤੋਂ ਵੱਧ ਘਰ ਅਤੇ ਕਾਰੋਬਾਰ ਬਿਜਲੀ ਤੋਂ ਬਿਨਾਂ ਹਨ। ਮੇਅਰ ਫਰੈਡੀ ਓ'ਕੌਨੇਲ ਨੇ ਇਸ ਨੂੰ "ਇੱਕ ਇਤਿਹਾਸਕ ਬਰਫ਼ ਦਾ ਤੂਫ਼ਾਨ" ਦੱਸਿਆ। ਸ਼ਹਿਰ ਦੇ ਤਿੰਨੋਂ ਸ਼ੈਲਟਰ ਅਤੇ ਦੋ ਵਾਧੂ ਸ਼ੈਲਟਰ ਭਰੇ ਹੋਏ ਹਨ। ਪੁਲਿਸ, ਅੱਗ ਬੁਝਾਊ ਅਤੇ ਐਮਰਜੈਂਸੀ ਟੀਮਾਂ ਓਵਰਟਾਈਮ ਕੰਮ ਕਰ ਰਹੀਆਂ ਹਨ। ਜਦੋਂ ਕਿ ਨੈਸ਼ਵਿਲ ਰੈਸਕਿਊ ਮਿਸ਼ਨ ਆਮ ਤੌਰ 'ਤੇ ਰੋਜ਼ਾਨਾ 400 ਲੋਕਾਂ ਨੂੰ ਪ੍ਰਾਪਤ ਕਰਦਾ ਹੈ, ਇਸ ਸਰਦੀਆਂ ਵਿਚ ਇਹ ਗਿਣਤੀ ਲਗਭਗ 7,000 ਤੱਕ ਪਹੁੰਚ ਗਈ ਹੈ।

ਇਸ ਤੂਫ਼ਾਨ ਨਾਲ ਹੋਈਆਂ ਮੌਤਾਂ ਦੇ ਕਈ ਵੱਖ-ਵੱਖ ਕਾਰਨ ਰਹੇ ਹਨ, ਜਿਨ੍ਹਾਂ ਵਿਚ ਹਾਈਪੋਥਰਮੀਆ (ਬਹੁਤ ਜ਼ਿਆਦਾ ਠੰਡ ਕਾਰਨ ਸਰੀਰ ਦਾ ਘੱਟ ਤਾਪਮਾਨ) ਹੋਣਾ, ਬਰਫ਼ ਹਟਾਉਂਦੇ ਸਮੇਂ ਦਿਲ ਦਾ ਦੌਰਾ ਪੈਣਾ ਜਾਂ ਠੰਡ ਅਤੇ ਫਿਸਲਣ ਨਾਲ ਹੋਏ ਹਾਦਸੇ ਆਦਿ ਮੁੱਖ ਕਾਰਨ ਹਨ।

ਟੈਕਸਾਸ ਦੇ ਬੋਨਹੈਮ ਵਿਚ, ਤਿੰਨ ਛੋਟੇ ਬੱਚਿਆਂ ਦੀ ਜੰਮੀ ਹੋਈ ਝੀਲ ਵਿਚ ਡਿੱਗਣ ਨਾਲ ਮੌਤ ਹੋ ਗਈ। ਟੈਕਸਾਸ ਦੇ ਆਸਟਿਨ ਵਿਚ ਇੱਕ ਵਿਅਕਤੀ ਦੀ ਬੰਦ ਗੈਸ ਸਟੇਸ਼ਨ ਵਿਚ ਪਨਾਹ ਲੈਣ ਦੀ ਕੋਸ਼ਿਸ਼ ਕਰਦੇ ਸਮੇਂ ਹਾਈਪੋਥਰਮੀਆ ਨਾਲ ਮੌਤ ਹੋ ਗਈ। ਕੰਸਾਸ, ਕੈਂਟਕੀ, ਲੂਸੀਆਨਾ, ਮਿਸੀਸਿਪੀ, ਦੱਖਣੀ ਕੈਰੋਲੀਨਾ, ਟੈਨੇਸੀ ਅਤੇ ਮਿਸ਼ੀਗਨ ਤੋਂ ਵੀ ਠੰਡ ਨਾਲ ਸਬੰਧਤ ਮੌਤਾਂ ਦੀ ਰਿਪੋਰਟ ਕੀਤੀ ਗਈ ਹੈ।

ਸਫਾ 1 ਦਾ ਬਾਕੀ

## ਗੈਰ ਕਾਨੂੰਨੀ ਲੋਕਾਂ...

ਇਹ ਲੋਕ ਸਰਕਾਰ ਤੋਂ ਰਿਹਾਇਸ਼ ਸਥਾਨ ਲਈ ਮਦਦ ਵੀ ਲੈ ਰਹੇ ਸਨ। ਅਧਿਕਾਰੀਆਂ ਨੇ ਕਿਹਾ ਹੈ ਕਿ ਇਸ ਨਾਲ ਟੈਕਸਦਾਤਾਵਾਂ ਦੇ ਟੈਕਸ ਦੀ ਦੁਰਵਰਤੋਂ ਹੁੰਦੀ ਹੈ। ਨਵੇਂ ਨਿਰਦੇਸ਼ ਦੇ ਤਹਿਤ ਐੱਚ.ਯੂ.ਡੀ. ਫੰਡ ਪ੍ਰਾਪਤ ਪ੍ਰੋਗਰਾਮਾਂ ਵਿਚ ਸਾਰੇ ਜਨਤਕ ਰਿਹਾਇਸ਼ੀ ਅਥਾਰਿਟੀਆਂ ਅਤੇ ਜਾਇਦਾਦ ਮਾਲਕਾਂ ਕੋਲ ਆਪਣੇ ਰਿਕਾਰਡਾਂ ਨੂੰ ਅਪਡੇਟ ਕਰਨ ਲਈ 30 ਦਿਨਾਂ ਦਾ ਸਮਾਂ ਹੈ ਐੱਚ.ਯੂ.ਡੀ. ਸਕੱਤਰ ਸਕਾਟ ਟਰਨਰ ਨੇ ਇੱਕ ਬਿਆਨ ਵਿਚ ਕਿਹਾ ਹੈ ਕਿ ਇਸ ਨਵੇਂ ਨਿਰਦੇਸ਼ ਨਾਲ ਟੈਕਸਦਾਤਾ ਸਰੋਤਾਂ ਦੀ ਸੁਰੱਖਿਆ ਅਤੇ ਅਮਰੀਕੀ ਲੋਕਾਂ ਨੂੰ ਫਾਇਦਾ ਪਹੁੰਚਾਉਣ ਲਈ ਕੀਤਾ ਜਾ ਰਿਹਾ ਹੈ। ਆਉਣ ਵਾਲੇ ਸਮੇਂ ਵਿਚ ਐੱਚ.ਯੂ.ਡੀ. ਸਹਾਇਤਾ ਪ੍ਰਾਪਤ ਰਿਹਾਇਸ਼ ਵਿਚ ਦਾਖਲੇ ਤੋਂ ਪਹਿਲਾਂ ਨਾਗਰਿਕਤਾ ਦੀ ਤਸਦੀਕ ਬਰੀਕੀ ਨਾਲ ਕੀਤੀ ਜਾਵੇਗੀ। ਗੈਰ ਕਾਨੂੰਨੀ ਕੰਮ ਕਰਨ ਵਾਲੇ ਨੂੰ ਭਾਰੀ ਜੁਰਮਾਨੇ ਦਾ ਸਾਹਮਣਾ ਕਰਨਾ ਪਵੇਗਾ।

ਪ੍ਰੋਗਰਾਮਾਂ ਦੀ ਇਕਸਾਰਤਾ ਨੂੰ ਬਰਕਰਾਰ ਰੱਖਣ ਲਈ ਇਹ ਯਕੀਨੀ ਬਣਾਉਣਾ ਹੈ ਕਿ ਸਹਾਇਤਾ ਵਿਸ਼ੇਸ਼ ਤੌਰ 'ਤੇ ਯੋਗ ਪਰਿਵਾਰਾਂ ਨੂੰ ਹੀ ਦਿੱਤੀ ਜਾਵੇ।

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਿਹ



ਧੰਨ ਧੰਨ

# ਸਤਿਗੁਰੂ ਰਵਿਦਾਸ ਮਹਾਰਾਜ ਜੀ

## ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 26ਵਾਂ ਮਹਾਨ ਨਗਰ ਕੀਰਤਨ

## 8 ਮਾਰਚ 2026, ਦਿਨ ਐਤਵਾਰ

ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਉਲਿੰਡਾ (ਸੈਕਰਾਮੈਂਟੋ) ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਜਾਇਆ ਜਾ ਰਿਹਾ ਹੈ।



### ਪ੍ਰੋਗਰਾਮ

- ਸੁਕਰਵਾਰ 6 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ।
- ਸਨੀਵਾਰ 7 ਮਾਰਚ ਨੂੰ ਸਵੇਰ 10 ਵਜੇ ਤੋਂ ਰਾਤ 10 ਵਜੇ ਤੱਕ ਕੀਰਤਨ ਦੀਵਾਨ ਸਜਾਏ ਜਾਣਗੇ। ਇਸੇ ਦੌਰਾਨ ਬਾਅਦ ਦੁਪਹਿਰ 4 ਵਜੇ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ।
- ਐਤਵਾਰ 8 ਮਾਰਚ ਨੂੰ ਰੱਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ 26ਵਾਂ ਮਹਾਨ ਨਗਰ ਕੀਰਤਨ ਸਵੇਰੇ 11 ਵਜੇ ਤੋਂ ਸਾਮ 5 ਵਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆ ਦੀ ਅਗਵਾਈ ਵਿਚ ਸਜਾਇਆ ਜਾਵੇਗਾ।
- ਪੰਥ ਪ੍ਰਸਿੱਧ ਰਾਗੀ ਭਾਈ ਸਤਵਿੰਦਰ ਸਿੰਘ, ਭਾਈ ਹਰਵਿੰਦਰ ਸਿੰਘ (ਦਿੱਲੀ ਵਾਲੇ), ਭਾਈ ਕਰਨਜੀਤ ਸਿੰਘ ਖ਼ਾਲਸਾ (ਮਰਹੂਮ ਭਾਈ ਨਿਰਮਲ ਸਿੰਘ ਖ਼ਾਲਸਾ ਦੇ ਭਤੀਜਾ), ਗੁਰੂਘਰ ਦਾ ਹਜ਼ੂਰੀ ਰਾਗੀ ਜਥਾ ਅਤੇ ਹੋਰ ਅਨੇਕਾਂ ਰਾਗੀ, ਢਾਡੀ, ਕੀਰਤਨੀ ਜੱਥੇ ਤਿੰਨੋਂ ਦਿਨ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਨਗੇ।

ਆਪ ਜੀ ਨੂੰ ਪਰਿਵਾਰਾਂ ਸਮੇਤ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।

## ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ, ਸੈਕਰਾਮੈਂਟੋ

**6221 16th Street Rio Linda, CA 95673**

ਗੁਰੂਘਰ ਦਾ ਫੋਨ : 916-992-1710

Designed by : Punjab Mail USA

# ਮਿਨੀਸੋਟਾ 'ਚ ਟਰੰਪ ਪ੍ਰਸ਼ਾਸਨ ਦੀ ਸਖਤ ਇਮੀਗ੍ਰੇਸ਼ਨ ਕਾਰਵਾਈ ਖਿਲਾਫ ਹਜ਼ਾਰਾਂ ਲੋਕ ਸੜਕਾਂ 'ਤੇ ਉਤਰੇ

## ਲਗਭਗ 100 ਪਾਦਰੀ ਪੁਲਿਸ ਵੱਲੋਂ ਗ੍ਰਿਫਤਾਰ



ਮਿਨੀਆਪੋਲਿਸ, (ਪੰਜਾਬ ਮੇਲ)- ਅਮਰੀਕਾ 'ਚ ਮਿਨੀਸੋਟਾ ਸੂਬੇ ਦੇ ਸਭ ਤੋਂ ਵੱਡੇ ਹਵਾਈ ਅੱਡੇ 'ਤੇ ਸ਼ੁੱਕਰਵਾਰ ਨੂੰ ਇਮੀਗ੍ਰੇਸ਼ਨ ਇਨਫੋਰਸਮੈਂਟ ਦੇ ਵਿਰੋਧ 'ਚ ਵਿਖਾਵਾ ਕਰ ਰਹੇ ਲਗਭਗ 100 ਪਾਦਰੀਆਂ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਇਸ ਦੌਰਾਨ ਕੜਾਕੇ ਦੀ ਠੰਢ ਦੇ ਬਾਵਜੂਦ ਹਜ਼ਾਰਾਂ ਲੋਕ ਮਿਨੀਆਪੋਲਿਸ ਉਪਨਗਰ 'ਚ ਟਰੰਪ ਪ੍ਰਸ਼ਾਸਨ ਦੀ ਸਖਤ ਇਮੀਗ੍ਰੇਸ਼ਨ ਕਾਰਵਾਈ ਖਿਲਾਫ ਸੜਕਾਂ 'ਤੇ ਉਤਰੇ। ਇਹ ਵਿਖਾਵੇ ਸੂਬੇ ਭਰ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਵਧੀਆਂ ਹੋਈਆਂ ਇਮੀਗ੍ਰੇਸ਼ਨ ਕਾਰਵਾਈਆਂ ਦੇ ਵਿਰੋਧ 'ਚ ਜਾਰੀ ਵਿਆਪਕ ਅੰਦੋਲਨ ਦਾ ਹਿੱਸਾ ਹਨ। ਮਜ਼ਦੂਰ ਸੰਘਾਂ, ਪ੍ਰਗਤੀਸ਼ੀਲ ਸੰਗਠਨਾਂ ਅਤੇ ਧਰਮ ਗੁਰੂਆਂ ਨੇ ਮਿਨੀਸੋਟਾ ਦੇ ਲੋਕਾਂ ਨੂੰ ਕੰਮ, ਸਕੂਲ ਅਤੇ ਇੱਥੋਂ ਤਕ ਕਿ ਦੁਕਾਨਾਂ 'ਤੇ ਵੀ ਨਾ ਜਾਣ ਦੀ ਅਪੀਲ ਕੀਤੀ ਹੈ।

'ਮੈਟਰੋਪਾਲੀਟਨ ਏਅਰਪੋਰਟਸ ਕਮਿਸ਼ਨ' ਦੇ ਬੁਲਾਰੇ ਜੇਫ ਲੀ ਨੇ ਦੱਸਿਆ ਕਿ ਪਾਦਰੀਆਂ ਨੂੰ ਗੈਰ-ਕਾਨੂੰਨੀ ਦਾਖਲੇ ਅਤੇ ਸ਼ਾਂਤੀ ਅਧਿਕਾਰੀ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਮਾਮੂਲੀ ਅਪਰਾਧ ਦੇ ਨੋਟਿਸ ਦਿੱਤੇ ਗਏ ਅਤੇ ਬਾਅਦ 'ਚ ਛੱਡ ਦਿੱਤਾ ਗਿਆ। ਉਨ੍ਹਾਂ ਨੂੰ ਮਿਨੀਆਪੋਲਿਸ ਸੇਂਟ ਪਾਲ ਕੌਮਾਂਤਰੀ ਹਵਾਈ ਅੱਡੇ ਦੇ ਮੁੱਖ ਟਰਮੀਨਲ ਦੇ ਬਾਹਰ ਇਸ ਲਈ ਗ੍ਰਿਫਤਾਰ ਕੀਤਾ ਗਿਆ ਕਿਉਂਕਿ ਉਹ ਹਵਾਈ ਸੇਵਾਵਾਂ ਵਿਚ ਰੁਕਾਵਟ ਪਾ ਰਹੇ ਸਨ। ਵਿਖਾਵਾਕਾਰੀਆਂ ਨੇ ਅਮਰੀਕਾ ਇਮੀਗ੍ਰੇਸ਼ਨ ਤੇ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਨੂੰ ਮਿਨੀਸੋਟਾ ਤੋਂ ਜਾਣ ਦੀ ਮੰਗ ਕੀਤੀ। ਵਿਖਾਵੇ ਦੇ ਆਯੋਜਕਾਂ ਨੇ ਦੱਸਿਆ ਕਿ ਪੂਰੇ ਸੂਬੇ 'ਚ ਇਕਜੁੱਟਤਾ ਦੇ ਤੌਰ 'ਤੇ 700 ਤੋਂ ਵੱਧ ਕਾਰੋਬਾਰ ਬੰਦ ਰਹੇ। ਇਸ ਦੌਰਾਨ ਗ੍ਰਹਿ ਮੰਤਰਾਲਾ ਨੇ ਪੁਸ਼ਟੀ ਕੀਤੀ ਕਿ 2 ਸਾਲਾ ਤੇ 5 ਸਾਲਾ ਬੱਚਿਆਂ ਨੂੰ ਉਨ੍ਹਾਂ ਦੇ ਪਿਤਾ ਦੇ ਨਾਲ ਹਿਰਾਸਤ ਵਿਚ ਲਿਆ ਗਿਆ ਹੈ। ਅਸਲ 'ਚ ਮਿਨੀਸੋਟਾ 'ਚ ਫੈਡਰਲ ਏਜੰਟ ਸਕੂਲ ਤੋਂ ਘਰ ਵਾਪਸ ਆ ਰਹੇ 5 ਸਾਲਾ ਬੱਚੇ ਨੂੰ ਉਸ ਦੇ ਪਿਤਾ ਦੇ ਨਾਲ ਟੈਕਸਾਸ ਦੇ ਇਕ ਹਿਰਾਸਤ ਕੇਂਦਰ ਵਿਚ ਲੈ ਗਏ।

# ਸਿੱਖ ਵਿਰੋਧੀ ਨਫ਼ਰਤ ਨੂੰ ਰੋਕਣ ਵਾਲੇ ਬਿੱਲ ਦਾ ਜ਼ੋਈ ਲੌਫਗ੍ਰੇਨ ਵੱਲੋਂ ਸਮਰਥਨ



ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕਾ ਦੀ ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ ਵਿਚ ਸਿੱਖ ਵਿਰੋਧੀ ਭੇਦਭਾਵ ਅਤੇ ਨਫ਼ਰਤੀ ਅਪਰਾਧਾਂ ਖ਼ਿਲਾਫ਼ ਸੰਘੀ ਪੱਧਰ 'ਤੇ ਕਾਰਵਾਈ ਨੂੰ ਮਜ਼ਬੂਤ ਕਰਨ ਲਈ ਪੇਸ਼ ਕੀਤੇ ਗਏ ਕਾਨੂੰਨ ਨੂੰ ਦੋਵਾਂ ਪ੍ਰਮੁੱਖ ਪਾਰਟੀਆਂ ਦਾ ਸਮਰਥਨ ਮਿਲ ਰਿਹਾ ਹੈ। ਇਸ ਕਦਮ ਤਹਿਤ ਕਾਂਗਰਸਵੂਮੈਨ ਜ਼ੋਈ ਲੌਫਗ੍ਰੇਨ ਨੇ ਇਸ ਬਿੱਲ ਦੀ ਸਹਿ-ਪ੍ਰਸਤਾਵਕ ਵਜੋਂ ਸ਼ਮੂਲੀਅਤ ਕੀਤੀ ਹੈ।

ਸਿੱਖ ਅਮਰੀਕੀ ਭੇਦਭਾਵ ਵਿਰੋਧੀ ਐਕਟ 2025, ਜਿਸ ਨੂੰ H.R. 7100 ਕਿਹਾ ਜਾਂਦਾ ਹੈ, ਇਸਨੂੰ ਹੁਣ ਕੈਲੀਫ਼ੋਰਨੀਆ ਤੋਂ ਡੈਮੋਕ੍ਰੇਟ ਕਾਂਗਰਸਵੂਮੈਨ ਅਤੇ ਅਮਰੀਕਨ ਸਿੱਖ ਕਾਂਗਰੈਸ਼ਨਲ ਕਾਕਸ ਦੀ ਉਪ-ਚੇਅਰ ਜ਼ੋਈ ਲੌਫਗ੍ਰੇਨ ਦਾ ਸਮਰਥਨ ਵੀ ਪ੍ਰਾਪਤ ਹੋ ਗਿਆ ਹੈ। ਇਸ ਬਿੱਲ ਨੂੰ ਇਸ ਮਹੀਨੇ ਦੀ ਸ਼ੁਰੂਆਤ ਵਿਚ ਨਿਊਜਰਸੀ ਤੋਂ ਕਾਂਗਰਸਮੈਨ ਜੋਸ਼ ਗੋਟਹਾਈਮਰ ਨੇ ਪੇਸ਼ ਕੀਤਾ ਸੀ।

# ਭਾਰਤ ਤੋਂ 25 ਫੀਸਦੀ ਟੈਕਸ ਹਟਾ ਸਕਦਾ ਹੈ ਅਮਰੀਕਾ: ਬੇਸੈਂਟ



## ਭਾਰਤ ਨੇ ਰੂਸ ਤੋਂ ਤੇਲ ਦੀ ਖਰੀਦ ਘਟਾਈ: ਅਮਰੀਕਾ ਵਿੱਤ ਮੰਤਰੀ

ਨਿਊ ਯਾਰਕ, (ਪੰਜਾਬ ਮੇਲ)- ਅਮਰੀਕੀ ਵਿੱਤ ਮੰਤਰੀ ਸਕੌਟ ਬੇਸੈਂਟ ਨੇ ਕਿਹਾ ਕਿ ਡੋਨਲਡ ਟਰੰਪ ਸਰਕਾਰ ਭਾਰਤ 'ਤੇ ਲਾਏ ਗਏ 50 ਫੀਸਦੀ ਟੈਕਸ ਵਿਚੋਂ ਅੱਧਾ ਟੈਕਸ ਹਟਾਉਣ 'ਤੇ ਵਿਚਾਰ ਕਰ ਰਹੀ ਹੈ ਤੇ ਇਹ ਵਾਧੂ ਟੈਕਸ ਹਟਾਇਆ ਜਾ ਸਕਦਾ ਹੈ। ਉਨ੍ਹਾਂ ਇੱਕ ਇੰਟਰਵਿਊ ਵਿਚ ਕਿਹਾ ਕਿ ਭਾਰਤ ਨੇ ਰੂਸ ਤੋਂ ਕੱਚਾ ਤੇਲ ਖਰੀਦਣਾ ਕਾਫੀ ਘੱਟ ਕਰ ਦਿੱਤਾ ਹੈ, ਇਸ ਕਰਕੇ ਟੈਰਿਫ ਵਿਚ ਰਾਹਤ ਦੇਣ ਦੇ ਹਾਲਾਤ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਭਾਰਤ 'ਤੇ ਲਾਇਆ ਗਿਆ ਟੈਕਸ ਕਾਫੀ ਅਸਰਦਾਰ ਰਿਹਾ ਹੈ ਤੇ ਇਸ ਕਾਰਨ ਰੂਸ ਤੇਲ ਦੀ ਖਰੀਦ ਵੀ ਘੱਟ ਗਈ ਹੈ ਤੇ ਹੁਣ ਇਸ ਨੂੰ ਹਟਾਉਣ ਦੀ ਯੋਜਨਾ ਹੈ। ਅਮਰੀਕਾ ਨੇ ਪਹਿਲੀ ਵਾਰ ਪਿਛਲੇ ਸਾਲ ਅਗਸਤ ਵਿਚ ਭਾਰਤ 'ਤੇ ਟੈਕਸ ਲਾਇਆ ਸੀ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤ 'ਤੇ 50 ਫ਼ੀਸਦੀ ਟੈਰਿਫ ਲਗਾਇਆ ਹੈ, ਜਿਸ 'ਚ ਰੂਸੀ ਤੇਲ ਖ਼ਰੀਦਣ ਕਰਕੇ 25 ਫ਼ੀਸਦੀ ਟੈਰਿਫ ਵੀ ਸ਼ਾਮਲ ਹੈ। ਉਨ੍ਹਾਂ ਨੇ ਭਾਰਤ 'ਤੇ ਟੈਰਿਫ ਨਾ ਲਗਾਉਣ ਲਈ ਯੂਰਪ ਦੀ ਵੀ ਆਲੋਚਨਾ ਕਰਦਿਆਂ ਕਿਹਾ ਕਿ ਯੂਰਪੀਅਨ ਸਹਿਯੋਗੀਆਂ ਨੇ ਟੈਰਿਫ ਲਗਾਉਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਹ ਭਾਰਤ ਨਾਲ ਵੱਡੇ ਪੱਧਰ 'ਤੇ ਵਪਾਰਕ ਸਮਝੌਤੇ 'ਤੇ ਦਸਤਖਤ ਕਰਨਾ ਚਾਹੁੰਦੇ ਹਨ। ਦੱਸਣਾ ਬਣਦਾ ਹੈ ਕਿ ਇਹ ਟੈਕਸ ਲਾਉਣ ਤੋਂ ਬਾਅਦ ਦੋਵੇਂ ਦੇਸ਼ਾਂ ਦੇ ਰਿਸ਼ਤਿਆਂ ਵਿਚ ਖਟਾਸ ਆ ਗਈ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ
Designed By Punjab Mail USA

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

# ਮਿਨੀਆਪੋਲਿਸ 'ਚ ਫੈਡਰਲ ਇਮੀਗ੍ਰੇਸ਼ਨ ਏਜੰਟਾਂ ਵੱਲੋਂ ਗੋਲੀਬਾਰੀ; ਇੱਕ ਹੋਰ ਵਿਅਕਤੀ ਦੀ ਮੌਤ



**ਮਿਨੀਆਪੋਲਿਸ, (ਪੰਜਾਬ ਮੇਲ)-** ਫੈਡਰਲ ਬਾਰਡਰ ਪੈਟਰੋਲ ਏਜੰਟਾਂ ਨੇ 24 ਜਨਵਰੀ ਨੂੰ ਅਮਰੀਕਾ ਦੇ ਮਿਨੀਆਪੋਲਿਸ ਵਿਚ ਇੱਕ ਵਿਅਕਤੀ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਇਸ ਮਹੀਨੇ ਇਹ ਦੂਜੀ ਅਜਿਹੀ ਘਟਨਾ ਹੈ। ਇਹ ਗੋਲੀਬਾਰੀ ਉਸ ਸਮੇਂ ਹੋਈ, ਜਦੋਂ ਇਮੀਗ੍ਰੇਸ਼ਨ ਉਪਾਵਾਂ ਨੂੰ ਲੈ ਕੇ ਸ਼ਹਿਰ ਵਿਚ ਪਹਿਲਾਂ ਹੀ ਤਣਾਅ ਬਹੁਤ ਜ਼ਿਆਦਾ ਹੈ।

ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਦੇ ਅਨੁਸਾਰ, ਏਜੰਟ ਇੱਕ ਪ੍ਰਵਾਸੀ ਦੀ ਭਾਲ ਕਰ ਰਹੇ ਸਨ। ਉਸੇ ਪਲ, ਇੱਕ ਆਦਮੀ ਉਨ੍ਹਾਂ ਕੋਲ ਆਇਆ, ਇੱਕ ਬੰਦੂਕ ਅਤੇ ਦੋ ਮੈਗਜ਼ੀਨਾਂ ਨਾਲ ਲੈਸ। ਏਜੰਟਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਸਵੈ-ਰੱਖਿਆ ਵਿਚ ਗੋਲੀਬਾਰੀ ਕੀਤੀ। ਸੰਘੀ ਅਧਿਕਾਰੀਆਂ ਦੇ ਅਨੁਸਾਰ, ਇਹ ਵਿਅਕਤੀ ਏਜੰਟਾਂ ਤੋਂ ਹਥਿਆਰ ਖੋਹਣ ਦੀ ਕੋਸ਼ਿਸ਼ ਕਰ ਰਿਹਾ ਸੀ, ਜਾਂਚ ਜਾਰੀ ਹੈ।

ਮਿਨੀਆਪੋਲਿਸ ਪੁਲਿਸ ਮੁਖੀ ਬ੍ਰਾਇਨ ਓਹਾਰਾ ਨੇ ਕਿਹਾ ਕਿ ਮਾਰਿਆ ਗਿਆ ਵਿਅਕਤੀ 37 ਸਾਲ ਦਾ ਸੀ ਅਤੇ ਸ਼ਹਿਰ ਦਾ ਵਸਨੀਕ ਸੀ। ਉਹ ਕਾਨੂੰਨੀ ਤੌਰ 'ਤੇ ਬੰਦੂਕ ਦਾ ਮਾਲਕ ਸੀ ਅਤੇ ਟ੍ਰੈਫਿਕ ਅਪਰਾਧਾਂ ਤੋਂ ਇਲਾਵਾ ਉਸਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਸੀ। ਪੁਲਿਸ ਨੇ ਅਜੇ ਤੱਕ ਉਸਦਾ ਨਾਮ ਜਾਰੀ ਨਹੀਂ ਕੀਤਾ ਹੈ।

ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਵੀਡੀਓ ਵਿਚ ਨਕਾਬਪੋਸ਼ ਅਤੇ ਹਥਿਆਰਬੰਦ ਵਿਅਕਤੀ ਬਰਫੀਲੀ ਸੜਕ 'ਤੇ ਉਸ ਵਿਅਕਤੀ ਨੂੰ ਫੜਨ ਦੀ ਕੋਸ਼ਿਸ਼ ਕਰਦੇ ਦਿਖਾਈ ਦੇ ਰਹੇ ਹਨ। ਫਿਰ ਗੋਲੀਆਂ ਦੀ ਆਵਾਜ਼ ਸੁਣਾਈ ਦਿੰਦੀ ਹੈ ਅਤੇ ਉਹ ਜ਼ਮੀਨ 'ਤੇ ਡਿੱਗ ਪੈਂਦਾ ਹੈ। ਬਾਅਦ ਵਿਚ ਪ੍ਰਦਰਸ਼ਨਕਾਰੀਆਂ ਦੀ ਭੀੜ ਇਲਾਕੇ ਵਿਚ ਇਕੱਠੀ ਹੋ ਗਈ, ਜਿਸ ਕਾਰਨ ਸੰਘੀ ਏਜੰਟਾਂ ਨੂੰ ਅੱਥਰੂ ਗੈਸ ਦੀ ਵਰਤੋਂ ਕਰਨੀ ਪਈ।

ਸਥਿਤੀ ਹੋਰ ਵੀ ਵਿਗੜ ਗਈ, ਮਿਨੀਆਪੋਲਿਸ ਦੇ ਮੇਅਰ ਜੈਕਬ ਫ੍ਰੇ ਨੇ ਟਰੰਪ ਪ੍ਰਸ਼ਾਸਨ ਦੇ ਇਮੀਗ੍ਰੇਸ਼ਨ ਕਰੈਕਡਾਊਨ ਨੂੰ ਤੁਰੰਤ ਖਤਮ ਕਰਨ ਦੀ ਮੰਗ ਕੀਤੀ। ਉਸਨੇ ਕਿਹਾ, "ਇਸ ਕਾਰਵਾਈ ਨੂੰ ਰੋਕਣ ਤੋਂ ਪਹਿਲਾਂ ਕਿੰਨੀਆਂ ਹੋਰ ਜਾਨਾਂ ਜਾਣਗੀਆਂ?" ਰਾਜ ਦੇ ਗਵਰਨਰ ਅਤੇ ਦੋ ਅਮਰੀਕੀ ਸੈਨੇਟਰਾਂ ਨੇ ਸੰਘੀ ਏਜੰਟਾਂ ਨੂੰ ਵਾਪਸ ਲੈਣ ਦੀ ਮੰਗ ਵੀ ਕੀਤੀ।

ਇਸ ਦੌਰਾਨ, ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਥਾਨਕ ਨੇਤਾਵਾਂ 'ਤੇ ਭੜਕਾਊ ਬਿਆਨ ਦੇਣ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਮੇਅਰ ਅਤੇ ਗਵਰਨਰ ਲੋਕਾਂ ਨੂੰ ਭੜਕਾ ਰਹੇ ਹਨ। ਗੋਲੀਬਾਰੀ ਤੋਂ ਇੱਕ ਦਿਨ ਪਹਿਲਾਂ, ਮਿਨੀਸੋਟਾ ਵਿਚ ਤਾਇਨਾਤ 3,000 ਸੰਘੀ ਇਮੀਗ੍ਰੇਸ਼ਨ ਏਜੰਟਾਂ ਦੇ ਖਿਲਾਫ ਵਿਰੋਧ ਪ੍ਰਦਰਸ਼ਨ ਕਰਨ ਲਈ 10,000 ਤੋਂ ਵੱਧ ਲੋਕ ਸੜਕਾਂ 'ਤੇ ਉਤਰ ਆਏ ਸਨ।

ਸਥਾਨਕ ਲੋਕਾਂ ਵਿਚ ਗੁੱਸਾ ਹੈ ਕਿਉਂਕਿ ਹਾਲ ਹੀ ਦੇ ਸਮੇਂ ਵਿਚ ਇੱਕ ਅਮਰੀਕੀ ਨਾਗਰਿਕ ਦੀ ਮੌਤ, ਇੱਕ ਨਾਗਰਿਕ ਦੀ ਗਲਤ ਗ੍ਰਿਫਤਾਰੀ ਅਤੇ ਇੱਥੋਂ ਤੱਕ ਕਿ ਛੋਟੇ ਬੱਚਿਆਂ ਨੂੰ ਹਿਰਾਸਤ ਵਿਚ ਲੈਣ ਵਰਗੀਆਂ ਘਟਨਾਵਾਂ ਵਾਪਰੀਆਂ ਹਨ। ਇਸ ਵੇਲੇ ਸਥਿਤੀ ਕੁਝ ਹੱਦ ਤੱਕ ਸ਼ਾਂਤ ਹੈ, ਪਰ ਤਣਾਅ ਅਜੇ ਵੀ ਬਣਿਆ ਹੋਇਆ ਹੈ।

## ਗੁੱਸੇ ਦਾ ਕਹਿਰ; ਜੌਰਜੀਆ 'ਚ ਭਾਰਤੀ ਵਿਅਕਤੀ ਵੱਲੋਂ ਆਪਣੀ ਪਤਨੀ ਤੇ ਹੋਰ ਰਿਸ਼ਤੇਦਾਰਾਂ ਦਾ ਕਤਲ

**ਜੌਰਜੀਆ, (ਪੰਜਾਬ ਮੇਲ)-** ਅਮਰੀਕਾ ਦੇ ਜੌਰਜੀਆ ਵਿਚ 51 ਸਾਲਾ ਵਿਜੇ



ਕੁਮਾਰ ਨਾਮੀ ਸ਼ਖ਼ਸ ਦਾ ਆਪਣੀ ਪਤਨੀ ਨਾਲ ਘਰੇਲੂ ਕਲੇਸ਼ ਚੱਲ ਰਿਹਾ ਸੀ ਅਤੇ ਉਹ ਲੜ ਕੇ ਆਪਣੇ ਪੇਕੇ ਘਰ ਆ ਗਈ ਸੀ। ਵਿਜੇ ਕੁਮਾਰ ਨੂੰ ਸ਼ੱਕ ਸੀ ਕਿ ਉਸਦੇ ਘਰ ਵਿਚ ਹੋ ਰਹੇ ਕਲੇਸ਼ ਪਿੱਛੇ ਉਸਦੇ ਸਹੁਰੇ ਪਰਿਵਾਰ ਦਾ ਬਹੁਤ ਵੱਡਾ ਹੱਥ ਹੈ। ਸੋ ਉਸ ਦਿਨ ਵੀ ਉਸਨੇ ਗੁੱਸੇ ਵਿਚ ਆ ਕੇ ਆਪਣੇ ਸਹੁਰੇ ਪਰਿਵਾਰ ਦੇ ਘਰ ਦਾ ਰੁਖ ਕੀਤਾ ਅਤੇ ਉੱਥੇ ਪਹੁੰਚ ਕੇ ਬਹਿਸਬਾਜ਼ੀ ਸ਼ੁਰੂ ਕਰ ਦਿੱਤੀ, ਜੋ ਬਾਅਦ ਵਿਚ ਗਰਮਾ-ਗਰਮੀ ਵਿਚ ਬਦਲ ਗਈ ਅਤੇ ਕੁਮਾਰ ਨੇ ਤੈਸ਼ ਵਿਚ ਆ ਕੇ ਪਹਿਲਾਂ ਤਾਂ ਆਪਣੀ ਘਰਵਾਲੀ ਮੀਮੂ ਡੋਗਰਾ (43) ਦੇ ਗੋਲੀ ਮਾਰੀ ਅਤੇ ਫਿਰ ਆਪਣੇ ਤਿੰਨ ਹੋਰ ਰਿਸ਼ਤੇਦਾਰਾਂ ਗੌਰਵ ਕੁਮਾਰ (33), ਨਿਧੀ ਚੰਦਰ (37), ਹਰੀਸ਼ ਚੰਦਰ (38) ਨੂੰ ਗੋਲੀਆਂ ਮਾਰਕੇ ਥਾਂ 'ਤੇ ਹੀ ਮਾਰ ਮੁਕਾਇਆ। ਉਸਦੇ ਇਸ ਵਹਿਸ਼ੀਆਨਾ ਰਵੱਈਏ ਤੋਂ ਡਰ ਕੇ ਘਰ ਵਿਚ ਮੌਜੂਦ ਤਿੰਨ ਬੱਚਿਆਂ ਨੇ ਅਲਮਾਰੀ ਵਿਚ ਲੁੱਕ ਕੇ ਆਪਣੀਆਂ ਜਾਨਾਂ ਬਚਾਈਆਂ। ਫਿਰ ਉਨ੍ਹਾਂ ਬੱਚਿਆਂ ਵਿਚੋਂ ਹੀ ਇੱਕ ਨੇ 911 ਨੰਬਰ ਡਾਇਲ ਕਰਕੇ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਨੇ ਆ ਕੇ ਹਲਾਤ 'ਤੇ ਕਾਬੂ ਪਾਇਆ ਅਤੇ ਵਿਜੇ ਕੁਮਾਰ ਨੂੰ ਮੌਕੇ ਤੋਂ ਕਾਬੂ ਕੀਤਾ। ਕੁਮਾਰ ਦੇ ਕੁਝ ਮਿੰਟਾਂ ਦੇ ਗੁੱਸੇ ਨੇ ਪਲਾਂ ਵਿਚ ਹੱਸਦਾ-ਵੱਸਦਾ ਪਰਿਵਾਰ ਉਜਾੜ ਕੇ ਰੱਖ ਦਿੱਤਾ ਅਤੇ ਬੱਚੇ ਅਨਾਥ ਹੋ ਗਏ।

# ਅਮਰੀਕਾ 'ਚ 'ਟਿਕਟਾਕ' ਫਿਰ ਮੁਸ਼ਕਲਾਂ 'ਚ

- **ਨਵੀਂ ਪ੍ਰਾਈਵੇਸੀ ਪਾਲਿਸੀ ਨੂੰ ਲੈ ਕੇ ਪੈਦਾ ਹੋਏ ਖਦਸ਼ਿਆਂ ਕਾਰਨ ਅਮਰੀਕੀ ਯੂਜ਼ਰਜ਼ 'ਚ ਭਾਰੀ ਰੋਸ**
- **ਟਿਕਟਾਕ ਡਿਲੀਟ ਕਰਨ ਵਾਲੇ ਅਮਰੀਕੀ ਯੂਜ਼ਰਜ਼ ਦੀ ਗਿਣਤੀ 'ਚ ਹੋਇਆ ਵੱਡਾ ਵਾਧਾ**

**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ 'ਚ ਆਪਣੇ ਕਾਰੋਬਾਰ ਲਈ ਨਵੇਂ ਜੁਆਇੰਟ ਵੈਂਚਰ ਦੀ ਘੋਸ਼ਣਾ ਕਰਨ ਤੋਂ ਬਾਅਦ ਲੋਕਪ੍ਰਿਯ ਸੋਸ਼ਲ ਮੀਡੀਆ ਐਪ ਟਿਕਟਾਕ ਮੁਸ਼ਕਿਲਾਂ 'ਚ ਘਿਰਦੀ ਨਜ਼ਰ ਆ ਰਹੀ ਹੈ। ਨਵੀਂ ਪ੍ਰਾਈਵੇਸੀ ਪਾਲਿਸੀ ਅਤੇ ਨਿੱਜੀ ਡਾਟਾ ਦੀ ਸੁਰੱਖਿਆ ਨੂੰ ਲੈ ਕੇ ਪੈਦਾ ਹੋਏ ਖ਼ਦਸ਼ਿਆਂ ਕਾਰਨ ਅਮਰੀਕੀ ਯੂਜ਼ਰਜ਼ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ, ਜਿਸ ਕਾਰਨ ਲੱਖਾਂ ਲੋਕ ਇਸ ਐਪ ਨੂੰ ਤੇਜ਼ੀ ਨਾਲ ਡਿਲੀਟ ਕਰ ਰਹੇ ਹਨ।

ਰਿਪੋਰਟ ਅਨੁਸਾਰ, ਪਿਛਲੇ 5 ਦਿਨਾਂ ਵਿਚ ਟਿਕਟਾਕ ਡਿਲੀਟ ਕਰਨ ਵਾਲੇ ਅਮਰੀਕੀ ਯੂਜ਼ਰਜ਼ ਦੀ ਗਿਣਤੀ ਵਿਚ ਪਿਛਲੇ ਤਿੰਨ ਮਹੀਨਿਆਂ ਦੀ ਔਸਤ ਦੇ ਮੁਕਾਬਲੇ 150 ਫੀਸਦੀ ਦਾ ਵੱਡਾ ਉਛਾਲ ਦੇਖਿਆ ਗਿਆ ਹੈ। ਵਿਵਾਦ ਦੀ ਅਸਲ ਵਜ੍ਹਾ ਐਡਮ ਪ੍ਰੇਸਰ ਦੀ ਅਗਵਾਈ ਵਿਚ ਬਣੇ ਨਵੇਂ ਜੁਆਇੰਟ ਵੈਂਚਰ ਤੋਂ ਬਾਅਦ ਯੂਜ਼ਰਜ਼ ਨੂੰ ਮਿਲ ਰਿਹਾ ਨਵੀਂ ਪ੍ਰਾਈਵੇਸੀ ਪਾਲਿਸੀ ਦਾ ਨੋਟੀਫਿਕੇਸ਼ਨ ਹੈ।

ਯੂਜ਼ਰਜ਼ ਵਿਚ ਇਸ ਗੱਲ ਨੂੰ ਲੈ ਕੇ ਡਰ ਹੈ ਕਿ ਨਵੀਂ ਪਾਲਿਸੀ ਤਹਿਤ ਟਿਕਟਾਕ ਉਨ੍ਹਾਂ ਦੀਆਂ ਬੇਹੱਦ ਸੰਵੇਦਨਸ਼ੀਲ ਜਾਣਕਾਰੀਆਂ ਇਕੱਠੀਆਂ ਕਰ ਸਕਦਾ ਹੈ। ਇਸ ਵਿਚ ਯੂਜ਼ਰ ਦੀ ਜਾਤੀ, ਨਸਲ, ਜਿਨਸੀ ਪਛਾਣ, ਟਰਾਂਸਜੈਂਡਰ ਸਟੇਟਸ, ਇਮੀਗ੍ਰੇਸ਼ਨ ਸਟੇਟਸ ਅਤੇ ਵਿੱਤੀ ਰਿਕਾਰਡ ਤੱਕ ਸ਼ਾਮਲ ਹਨ। ਹਾਲਾਂਕਿ ਰਿਪੋਰਟਾਂ ਅਨੁਸਾਰ ਇਹ ਸ਼ਰਤਾਂ ਅਗਸਤ 2024 ਦੀ ਪਾਲਿਸੀ ਵਿਚ ਵੀ ਸਨ, ਪਰ ਨਵੇਂ ਬਦਲਾਅ ਨੇ ਇਸ ਚਿੰਤਾ ਨੂੰ ਮੁੜ ਹਵਾ ਦੇ ਦਿੱਤੀ ਹੈ।

ਭਰੋਸਾ ਘੱਟ ਹੋਣ ਕਾਰਨ ਕਈ ਮਸ਼ਹੂਰ ਕੰਟੈਂਟ ਕ੍ਰਿਏਟਰਸ ਵੀ ਟਿਕਟਾਕ ਨੂੰ ਅਲਵਿਦਾ ਕਹਿ ਰਹੇ ਹਨ। 4 ਲੱਖ ਫਾਲੋਅਰਜ਼ ਵਾਲੀ ਡ੍ਰੇ ਰੋਨੇਨ ਅਤੇ 40 ਲੱਖ ਤੋਂ ਵੱਧ ਫਾਲੋਅਰਜ਼ ਵਾਲੀ ਨਾਦਿਆ ਓਕਾਮੋਟੋ ਵਰਗੇ ਕ੍ਰਿਏਟਰਸ ਨੇ ਪਲੇਟਫਾਰਮ ਛੱਡਣ ਦੀ ਗੱਲ ਕਹੀ ਹੈ। ਇਸ ਤੋਂ ਇਲਾਵਾ, ਡਾਟਾ ਸੈਂਟਰ ਵਿਚ ਬਿਜਲੀ ਜਾਣ ਕਾਰਨ ਆਈਆਂ ਤਕਨੀਕੀ ਦਿੱਕਤਾਂ ਨੇ ਵੀ ਯੂਜ਼ਰਸ ਦੇ ਗੁੱਸੇ ਨੂੰ ਵਧਾਇਆ ਹੈ।

ਟਿਕਟਾਕ 'ਤੇ ਚੱਲ ਰਹੇ ਇਸ ਵਿਵਾਦ ਦਾ ਫਾਇਦਾ ਉਸ ਦੀਆਂ ਵਿਰੋਧੀ ਐਪਸ ਨੂੰ ਮਿਲ ਰਿਹਾ ਹੈ। ਜਾਣਕਾਰੀ ਅਨੁਸਾਰ **UpScrolled** ਵਿਚ 1000 ਫੀਸਦੀ ਅਤੇ **Skylight Social** ਵਿਚ 919 ਫੀਸਦੀ ਤੋਂ ਵੱਧ ਦਾ ਵਾਧਾ ਦਰਜ ਕੀਤਾ ਗਿਆ ਹੈ। ਅਨਿਸ਼ਚਿਤ ਮਾਹੌਲ ਨੂੰ ਦੇਖਦੇ ਹੋਏ ਜ਼ਿਆਦਾਤਰ ਕ੍ਰਿਏਟਰ ਹੁਣ ਇੰਸਟਾਗ੍ਰਾਮ ਅਤੇ ਯੂਟਿਊਬ ਵਰਗੇ ਪਲੇਟਫਾਰਮਾਂ ਵੱਲ ਸ਼ਿਫਟ ਹੋ ਰਹੇ ਹਨ।




# ਅਮਰੀਕੀ ਫੈਡਰਲ ਜੱਜ ਵੱਲੋਂ 8,400 ਤੋਂ ਵੱਧ ਪ੍ਰਵਾਸੀਆਂ ਦੀ ਕਾਨੂੰਨ ਸਥਿਤੀ ਰੱਦ ਕਰਨ ਦੀਆਂ ਕੋਸ਼ਿਸ਼ਾਂ 'ਤੇ ਰੋਕ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ ਇੱਕ ਸੰਘੀ ਜੱਜ ਨੇ 8,400 ਤੋਂ ਵੱਧ ਪ੍ਰਵਾਸੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵੱਡੀ ਰਾਹਤ ਦਿੱਤੀ ਹੈ, ਜਿਸ ਨਾਲ ਟਰੰਪ ਪ੍ਰਸ਼ਾਸਨ ਨੂੰ ਵੱਡਾ ਝਟਕਾ ਲੱਗਿਆ ਹੈ। ਅਦਾਲਤ ਨੇ ਟਰੰਪ ਪ੍ਰਸ਼ਾਸਨ ਵੱਲੋਂ ਉਨ੍ਹਾਂ ਦੀ ਕਾਨੂੰਨੀ ਸਥਿਤੀ ਨੂੰ ਰੱਦ ਕਰਨ ਦੀਆਂ ਕੋਸ਼ਿਸ਼ਾਂ ਨੂੰ ਰੋਕ ਦਿੱਤਾ ਹੈ। ਬੋਸਟਨ ਵਿਚ ਅਮਰੀਕੀ ਜ਼ਿਲ੍ਹਾ ਜੱਜ ਇੰਦਰਾ ਤਲਵਾਨੀ ਨੇ ਸ਼ਨੀਵਾਰ ਦੇਰ ਰਾਤ ਇੱਕ ਮੁੱਢਲਾ ਹੁਕਮ ਜਾਰੀ ਕੀਤਾ। ਇਹ ਹੁਕਮ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਨੂੰ 7 ਲਾਤੀਨੀ ਅਮਰੀਕੀ ਦੇਸ਼ਾਂ ਦੇ ਹਜ਼ਾਰਾਂ ਲੋਕਾਂ ਦੀ ਮਾਨਵਤਾਵਾਦੀ ਪੈਰੋਲ ਨੂੰ ਖਤਮ ਕਰਨ ਤੋਂ ਰੋਕਦਾ ਹੈ।

ਇਸ ਫੈਸਲੇ ਤੋਂ ਰਾਹਤ ਪ੍ਰਾਪਤ ਕਰਨ ਵਾਲੇ ਦੇਸ਼ ਕਿਊਬਾ, ਹੈਤੀ, ਕੋਲੰਬੀਆ, ਇਕਵਾਡੋਰ, ਅਲ ਸਲਵਾਡੋਰ, ਗੁਆਟੇਮਾਲਾ ਅਤੇ ਹੋਂਡੁਰਾਸ ਹਨ। ਇਹ ਲੋਕ ਅਮਰੀਕਾ

**ਟਰੰਪ ਪ੍ਰਸ਼ਾਸਨ ਨੂੰ ਵੱਡਾ ਝਟਕਾ**

ਵਿਚ ਅਮਰੀਕੀ ਨਾਗਰਿਕਾਂ ਜਾਂ ਗ੍ਰੀਨ ਕਾਰਡ ਧਾਰਕਾਂ ਦੇ ਪਰਿਵਾਰਕ ਮੈਂਬਰ ਹਨ।

ਇਨ੍ਹਾਂ ਵਿਅਕਤੀਆਂ ਨੂੰ ਪਰਿਵਾਰਕ ਪੁਨਰ-ਯੂਨੀਕਰਨ ਪੈਰੋਲ ਪ੍ਰੋਗਰਾਮ ਤਹਿਤ ਸੰਯੁਕਤ ਰਾਜ ਅਮਰੀਕਾ ਆਉਣ ਦੀ ਇਜਾਜ਼ਤ ਦਿੱਤੀ ਗਈ ਸੀ। ਇਹ ਪ੍ਰੋਗਰਾਮ ਡੈਮੋਕ੍ਰੇਟਿਕ ਰਾਸ਼ਟਰਪਤੀ ਜੋਅ ਬਾਇਡਨ ਦੇ ਕਾਰਜਕਾਲ ਦੌਰਾਨ ਸ਼ੁਰੂ ਜਾਂ ਆਧੁਨਿਕ ਬਣਾਇਆ ਗਿਆ ਸੀ। ਇਸ ਤਹਿਤ ਅਮਰੀਕੀ ਨਾਗਰਿਕ ਜਾਂ ਕਾਨੂੰਨੀ ਸਥਾਈ ਨਿਵਾਸੀ (ਗ੍ਰੀਨ ਕਾਰਡ ਧਾਰਕ) ਆਪਣੇ ਪਰਿਵਾਰਕ ਮੈਂਬਰਾਂ ਨੂੰ ਉਨ੍ਹਾਂ ਦੇ ਇਮੀਗ੍ਰੇਸ਼ਨ ਵੀਜ਼ਾ ਉਪਲਬਧ ਹੋਣ ਤੱਕ ਸੰਯੁਕਤ ਰਾਜ ਅਮਰੀਕਾ ਵਿਚ ਰਹਿਣ ਦੀ ਇਜਾਜ਼ਤ ਪ੍ਰਾਪਤ ਕਰ ਸਕਦੇ ਸਨ।

ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਉਨ੍ਹਾਂ ਦੇ ਪ੍ਰਸ਼ਾਸਨ ਨੇ ਇਮੀਗ੍ਰੇਸ਼ਨ ਨਿਯਮਾਂ ਨੂੰ ਹੋਰ ਸਖ਼ਤ ਕਰ ਦਿੱਤਾ ਹੈ। ਸਤੰਬਰ 2029 ਤੱਕ ਇਮੀਗ੍ਰੇਸ਼ਨ ਏਜੰਸੀਆਂ ਨੂੰ 170 ਬਿਲੀਅਨ ਡਾਲਰ ਦਾ ਰਿਕਾਰਡ ਬਜਟ ਅਲਾਟ ਕੀਤਾ ਗਿਆ ਹੈ। ਗ੍ਰਹਿ ਸੁਰੱਖਿਆ ਵਿਭਾਗ ਨੇ 12 ਦਸੰਬਰ ਨੂੰ ਕਿਹਾ ਕਿ ਇਹ ਪ੍ਰੋਗਰਾਮ ਟਰੰਪ ਪ੍ਰਸ਼ਾਸਨ ਦੀ ਇਮੀਗ੍ਰੇਸ਼ਨ ਨੀਤੀ ਨਾਲ ਮੇਲ ਨਹੀਂ ਖਾਂਦੇ। ਇਨ੍ਹਾਂ ਨਾਲ ਦੁਰਵਿਵਹਾਰ ਕੀਤਾ ਜਾ ਰਿਹਾ ਹੈ ਅਤੇ "ਘੱਟ ਜਾਂਚ ਕੀਤੇ ਪਰਦੇਸੀ" ਨੂੰ ਰਵਾਇਤੀ ਪੈਰੋਲ ਪ੍ਰਕਿਰਿਆ ਨੂੰ ਰੋਕਣ ਦੀ ਆਗਿਆ ਦੇ ਰਹੇ ਹਨ। ਇਸ ਦੇ ਆਧਾਰ 'ਤੇ ਵਿਭਾਗ ਇਨ੍ਹਾਂ ਪ੍ਰੋਗਰਾਮਾਂ ਨੂੰ ਖਤਮ ਕਰਨਾ ਚਾਹੁੰਦਾ ਸੀ।

ਜੱਜ ਇੰਦਰਾ ਤਲਵਾਨੀ ਨੇ ਸਵੀਕਾਰ ਕੀਤਾ ਕਿ ਪ੍ਰੋਗਰਾਮ ਨੂੰ ਅਚਾਨਕ ਖਤਮ ਕਰਨ ਨਾਲ ਹਜ਼ਾਰਾਂ ਪਰਿਵਾਰਾਂ ਨੂੰ ਗੰਭੀਰ ਨੁਕਸਾਨ ਹੋ ਸਕਦਾ ਹੈ। ਹਾਲਾਂਕਿ ਪ੍ਰੋਗਰਾਮ ਦੀ ਸਮਾਪਤੀ 14 ਜਨਵਰੀ ਨੂੰ ਲਾਗੂ ਹੋਣ ਵਾਲੀ ਸੀ, ਜੱਜ ਨੇ ਪਹਿਲਾਂ 14 ਦਿਨਾਂ ਲਈ ਇੱਕ ਅਸਥਾਈ ਰੋਕ ਦਾ ਹੁਕਮ ਲਾਗੂ ਕੀਤਾ, ਤਾਂ ਜੋ ਲੰਬੇ ਸਮੇਂ ਦੇ ਹੁਕਮ 'ਤੇ ਵਿਸਥਾਰ ਨਾਲ ਵਿਚਾਰ ਕੀਤਾ ਜਾ ਸਕੇ।

ਹੁਣ ਲਈ 8,400 ਤੋਂ ਵੱਧ ਲੋਕ ਸੰਯੁਕਤ ਰਾਜ ਅਮਰੀਕਾ ਵਿਚ ਕਾਨੂੰਨੀ ਤੌਰ 'ਤੇ ਰਹਿ ਸਕਣਗੇ। ਟਰੰਪ ਪ੍ਰਸ਼ਾਸਨ ਨੂੰ ਉਨ੍ਹਾਂ ਨੂੰ ਤੁਰੰਤ ਦੇਸ਼ ਨਿਕਾਲਾ ਦੇਣ ਜਾਂ ਉਨ੍ਹਾਂ ਦੀ ਕਾਨੂੰਨੀ ਸਥਿਤੀ ਨੂੰ ਰੱਦ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਆਉਣ ਵਾਲੇ ਦਿਨਾਂ ਵਿਚ ਅਦਾਲਤ ਦਾ ਅੰਤਿਮ ਫੈਸਲਾ ਇਹ ਨਿਰਧਾਰਤ ਕਰੇਗਾ ਕਿ ਕੀ ਇਹ ਪ੍ਰੋਗਰਾਮ ਜਾਰੀ ਰਹਿਣਗੇ। ਇਸ ਫੈਸਲੇ ਨੂੰ ਇਮੀਗ੍ਰੇਸ਼ਨ ਨੀਤੀ, ਮਾਨਵਤਾਵਾਦੀ ਰਾਹਤ ਅਤੇ ਪਰਿਵਾਰਕ ਏਕਤਾ ਨੂੰ ਲੈ ਕੇ ਸੰਯੁਕਤ ਰਾਜ ਅਮਰੀਕਾ ਵਿਚ ਵੱਡੀਆਂ ਰਾਜਨੀਤਿਕ ਅਤੇ ਕਾਨੂੰਨੀ ਲੜਾਈਆਂ ਦਾ ਇੱਕ ਮੁੱਖ ਹਿੱਸਾ ਮੰਨਿਆ ਜਾਂਦਾ ਹੈ।

# ਕੈਲਗਰੀ 'ਚ ਗੈਂਗਸਟਰਾਂ ਵੱਲੋਂ ਮਸ਼ਹੂਰ ਪੰਜਾਬੀ ਗਾਇਕ ਦੇ ਘਰ 'ਤੇ ਗੋਲੀਬਾਰੀ



**ਕੈਲਗਰੀ, (ਪੰਜਾਬ ਮੇਲ)**- ਕੈਨੇਡਾ ਦੇ ਕੈਲਗਰੀ ਵਿਚ ਉਸ ਸਮੇਂ ਸਨਸਨੀ ਫੈਲ ਗਈ, ਜਦੋਂ 24 ਜਨਵਰੀ 2026 ਦੀ ਰਾਤ ਕਰੀਬ 10:30 ਵਜੇ ਮਸ਼ਹੂਰ ਪੰਜਾਬੀ ਗਾਇਕ ਅਤੇ ਕਲਾਕਾਰ ਵੀਰ ਦਵਿੰਦਰ ਦੇ ਘਰ 'ਤੇ ਗੈਂਗਸਟਰਾਂ ਵੱਲੋਂ ਤਾੜ-ਤਾੜ ਗੋਲੀਆਂ ਚਲਾ ਦਿੱਤੀਆਂ ਗਈਆਂ। ਇਸ ਘਟਨਾ ਦੀ ਸੂਚਨਾ ਮਿਲਣ 'ਤੇ ਕੈਲਗਰੀ ਦੀ ਪੁਲਿਸ ਮੌਕੇ 'ਤੇ ਪਹੁੰਚ ਗਈ। ਜਾਣਕਾਰੀ ਮੁਤਾਬਕ ਹਮਲਾਵਰਾਂ ਵਲੋਂ ਵੀਰ ਦਵਿੰਦਰ ਤੋਂ 5 ਲੱਖ ਡਾਲਰ ਦੀ ਫਿਰੌਤੀ ਦੀ ਮੰਗ ਵੀ ਕੀਤੀ ਗਈ।

ਇਸ ਘਟਨਾ ਦੀ ਜਾਣਕਾਰੀ ਦਿੰਦੇ ਹੋਏ ਗਾਇਕ ਵੀਰ ਦਵਿੰਦਰ ਨੇ ਦੱਸਿਆ ਕਿ ਉਨ੍ਹਾਂ ਨੂੰ ਪਹਿਲੀ ਧਮਕੀ ਭਰੀ ਕਾਲ 6 ਜਨਵਰੀ 2026 ਨੂੰ ਆਈ ਸੀ। ਆਂਡਾ (ਬਟਾਲਾ) ਨਾਮ ਦੇ ਇਕ ਵਿਅਕਤੀ ਵੱਲੋਂ ਪਹਿਲੀ ਫੋਨ ਕਾਲ ਕੀਤੀ ਗਈ ਸੀ। ਉਸ ਤੋਂ ਬਾਅਦ ਅਣਪਛਾਤੇ ਵਿਅਕਤੀਆਂ ਵੱਲੋਂ ਉਸ ਦੇ ਘਰ 'ਤੇ ਗੋਲੀਆਂ ਚਲਾਈਆਂ ਗਈਆਂ। ਫਿਰੌਤੀ ਮੰਗਣ 'ਤੇ ਵੀਰ ਦਵਿੰਦਰ ਨੇ ਸਾਫ਼ ਕਿਹਾ ਕਿ ਉਸ ਕੋਲ ਪੈਸੇ ਨਹੀਂ ਹਨ ਅਤੇ ਉਹ ਰਕਮ ਨਹੀਂ ਦੇ ਸਕਦਾ। ਮੁਲਜ਼ਮਾਂ ਨੇ ਧਮਕੀ ਦਿੱਤੀ ਗਈ ਕਿ ਜੇਕਰ ਉਸ ਨੇ ਪੈਸੇ ਨਹੀਂ ਦਿੱਤੇ, ਤਾਂ ਉਸ ਨੂੰ ਮਾਰ ਦਿੱਤਾ ਜਾਵੇਗਾ, ਜਿਸ 'ਤੇ ਵੀਰ ਦਵਿੰਦਰ ਨੇ ਕਿਹਾ, "ਮਾਰ ਦਿਓ।" ਜਾਣਕਾਰੀ ਮੁਤਾਬਕ ਜਿਸ ਸਮੇਂ ਘਰ 'ਤੇ ਗੋਲੀਬਾਰੀ ਹੋਈ, ਉਸ ਸਮੇਂ ਘਰ ਵਿਚ ਕੋਈ ਵੀ ਮੌਜੂਦ ਨਹੀਂ ਸੀ।

## ਸਾਲ 2026 ਸੰਭਾਵੀ ਤੌਰ 'ਤੇ ਦੁਨੀਆਂ ਦੇ ਇਤਿਹਾਸ ਦੇ ਚਾਰ ਸਭ ਤੋਂ ਗਰਮ ਸਾਲਾਂ ਵਿਚੋਂ ਇਕ ਹੋ ਸਕਦੈ

**ਓਟਵਾ, (ਪੰਜਾਬ ਮੇਲ)**- ਐਨਵਾਇਰਨਮੈਂਟ ਐਂਡ ਕਲਾਈਮੇਟ ਚੇਂਜ ਕੈਨੇਡਾ ਮੁਤਾਬਕ ਸਾਲ 2026 ਸੰਭਾਵੀ ਤੌਰ 'ਤੇ ਦੁਨੀਆਂ ਦੇ ਇਤਿਹਾਸ ਦੇ ਚਾਰ ਸਭ ਤੋਂ ਗਰਮ ਸਾਲਾਂ ਵਿਚੋਂ ਇਕ ਹੋ ਸਕਦਾ ਹੈ। ਵਿਗਿਆਨੀਆਂ ਮੁਤਾਬਕ 2026 ਰਿਕਾਰਡਤੋੜ ਤਾਪਮਾਨ ਵਾਲੇ ਸਾਲਾਂ ਦੀ ਸੂਚੀ ਵਿਚ ਸ਼ਾਮਲ ਹੋਵੇਗਾ।

ਮਾਡਲਿੰਗ ਦੱਸਦੀ ਹੈ ਕਿ ਇਸ ਸਾਲ ਧਰਤੀ ਦਾ ਔਸਤ ਤਾਪਮਾਨ ਉਦਯੋਗੀਕਰਨ ਤੋਂ ਪਹਿਲਾਂ ਦੇ ਸਮੇਂ ਨਾਲੋਂ 1.35 ਤੋਂ 1.53 ਡਿਗਰੀ ਸੈਲਸੀਅਸ ਵੱਧ ਹੋ ਸਕਦਾ ਹੈ। ਇਸ ਗੱਲ ਦੀ ਕਰੀਬ 12 ਫ਼ੀਸਦੀ ਸੰਭਾਵਨਾ ਹੈ ਕਿ ਤਾਪਮਾਨ 1.5 ਡਿਗਰੀ ਸੈਲਸੀਅਸ ਦੀ ਮਹੱਤਵਪੂਰਨ ਹੱਦ ਤੋਂ ਵੀ ਉੱਪਰ ਚਲਾ ਜਾਵੇ। ਵਿਗਿਆਨੀਆਂ ਮੁਤਾਬਕ ਗਲੋਬਲ ਵਾਰਮਿੰਗ ਲਈ ਮੁੱਖ ਤੌਰ 'ਤੇ ਕੋਲਾ, ਤੇਲ ਅਤੇ ਗੈਸ ਵਰਗੇ ਫ਼ੋਸਿਲ ਇੰਧਨ ਨਾਲ ਵਧ ਰਹੀਆਂ ਕਾਰਬਨ ਗੈਸਾਂ ਜ਼ਿੰਮੇਵਾਰ ਹਨ। ਨਾਲ ਹੀ 2023-2024 ਦੌਰਾਨ ਆਇਆ ਤੀਬਰ ਐਲ ਨੀਨੋ ਮੌਸਮੀ ਪ੍ਰਭਾਵ ਵੀ ਉੱਚੇ ਤਾਪਮਾਨਾਂ 'ਚ ਵਾਧਾ ਕਰ ਰਿਹਾ ਹੈ।

# ਅਮਰੀਕਾ 'ਚ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ 'ਚ ਮੌਤ



**ਤਰਨਤਾਰਨ, (ਪੰਜਾਬ ਮੇਲ)**- ਤਰਨਤਾਰਨ ਦੇ ਵਿਧਾਨ ਸਭਾ ਹਲਕਾ ਖੇਮਕਰਨ ਦੇ ਸਰਹੱਦੀ ਪਿੰਡ ਖਾਲੜਾ ਦੇ ਨੌਜਵਾਨ ਦੀ ਅਮਰੀਕਾ ਵਿਚ ਵਾਪਰੇ ਸੜਕ ਹਾਦਸੇ 'ਚ ਮੌਤ ਹੋ ਜਾਣ ਦੀ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਮ੍ਰਿਤਕ ਨੌਜਵਾਨ ਦੀ ਪਹਿਚਾਨ ਦੀਪਕਰਨ ਸਿੰਘ (25) ਪੁੱਤਰ ਕੁਲਦੀਪ ਸਿੰਘ ਵਜੋਂ ਹੋਈ ਹੈ। ਮ੍ਰਿਤਕ ਨੌਜਵਾਨ ਡੇਢ ਸਾਲ ਪਹਿਲਾਂ ਅਮਰੀਕਾ ਗਿਆ ਸੀ।

ਮ੍ਰਿਤਕ ਦੇ ਪਰਿਵਾਰਿਕ ਮੈਂਬਰਾਂ ਨੇ ਦੱਸਿਆ ਕਿ ਮ੍ਰਿਤਕ ਦੀਪਕਰਨ ਸਿੰਘ ਕੈਲੀਫੋਰਨਿਆ ਦੇ ਸ਼ਹਿਰ ਸਾਨ ਫਰਾਂਸਿਸਕੋ ਵਿਚ ਰਹਿ ਰਿਹਾ ਸੀ। ਉਨ੍ਹਾਂ ਦੱਸਿਆ ਕਿ 21 ਜਨਵਰੀ ਨੂੰ ਘਰ ਵਾਪਸ ਪਰਤਣ ਮੌਕੇ ਦੀਪਕਰਨ ਦੀ ਗੱਡੀ ਨੂੰ ਪਿੱਛੋਂ ਆ ਰਹੀ ਤੇਜ਼ ਰਫ਼ਤਾਰ ਗੱਡੀ ਨੇ ਟੱਕਰ ਮਾਰ ਦਿੱਤੀ, ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਿਆ।

ਹਾਦਸੇ ਮਗਰੋਂ ਨਾਜ਼ੁਕ ਹਾਲਤ 'ਚ ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਜ਼ਿੰਦਗੀ ਮੌਤ ਦੀ ਲੜਾਈ ਲੜਦਿਆਂ ਉਸ ਨੇ ਦਮ ਤੋੜ ਦਿੱਤਾ। ਦੀਪਕਰਨ ਸਿੰਘ ਪਿੱਛੇ ਆਪਣੇ ਪਰਿਵਾਰ ਵਿਚ ਆਪਣੇ ਪਿਤਾ-ਮਾਤਾ ਤੇ ਇੱਕ ਛੋਟੇ ਭਰਾ ਨੂੰ ਛੱਡ ਕੇ ਇਸ ਦੁਨੀਆ ਨੂੰ ਅਲਵਿਦਾ ਕਹਿ ਗਿਆ ਹੈ। ਦੱਸ ਦਈਏ ਕਿ ਪਰਿਵਾਰ ਸਮੇਤ ਪਰਿਵਾਰ ਸਮੇਤ ਪੂਰੇ ਪਿੰਡ ਵਾਸੀ ਇਸ ਘਟਨਾ ਨਾਲ ਸਦਮੇ 'ਚ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਗ਼ੈਰ-ਕਾਨੂੰਨੀ ਪ੍ਰਵਾਸ : ਮਿਆਂਮਾਰ 'ਚ ਨੌਜਵਾਨਾਂ ਨੂੰ ਬਣਾਇਆ ਜਾਂਦੈ 'ਸਾਈਬਰ ਗੁਲਾਮ'

**ਚੰਡੀਗੜ੍ਹ, (ਪੰਜਾਬ ਮੇਲ)**-ਸੁਨਹਿਰੀ ਭਵਿੱਖ ਦੀ ਆਸ 'ਚ ਗੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਜਾਣ ਵਾਲੇ ਨੌਜਵਾਨ ਕਈ ਵਾਰ ਅਜਿਹੀਆਂ ਮੁਸੀਬਤਾਂ 'ਚ ਫਸ ਜਾਂਦੇ ਹਨ ਕਿ ਉਨ੍ਹਾਂ ਨੂੰ ਉਸ 'ਚੋਂ ਨਿਕਲਣਾ ਬਹੁਤ ਔਖਾ ਹੋ ਜਾਂਦਾ ਹੈ। ਇਥੋਂ ਤੱਕ ਉਥੋਂ ਨਿਕਲਣ ਲਈ ਉਨ੍ਹਾਂ ਨੂੰ ਆਪਣੀਆਂ ਜਾਨਾਂ ਵੀ ਗੁਆਉਣੀਆਂ ਪੈਂਦੀਆਂ ਹਨ।

ਮਿਆਂਮਾਰ-ਥਾਈਲੈਂਡ ਬਾਰਡਰ ਤੋਂ ਪਰਤੇ ਨੌਜਵਾਨ ਇਥੇ ਆਪਣੀ ਲੂੰ-ਕੰਡੇ ਖੜ੍ਹੇ ਕਰਨ ਵਾਲੀ ਦਾਸਤਾਨ ਸੁਣਾਈ, ਜਿਸ ਦੌਰਾਨ ਉਸ ਦੀਆਂ ਅੱਖਾਂ ਵਿਚੋਂ ਹੰਝੂ ਵਹਿਣ ਲੱਗ ਪਏ। ਉਹ ਉਨ੍ਹਾਂ 36 ਪੰਜਾਬੀਆਂ ਵਿਚ ਸ਼ਾਮਲ ਹੈ, ਜਿਨ੍ਹਾਂ ਨੂੰ ਮਿਆਂਮਾਰ-ਥਾਈਲੈਂਡ ਬਾਰਡਰ ਨੇੜੇ ਮਿਆਂਮਾਰ ਵਿਚ 'ਸਾਈਬਰ ਗੁਲਾਮ' ਬਣਾ ਕੇ ਰੱਖਿਆ ਗਿਆ ਸੀ। ਇਹ ਇਲਾਕਾ ਆਨ-ਲਾਈਨ ਧੋਖਾਧੜੀ, ਮਨੀ ਲਾਂਡਰਿੰਗ ਅਤੇ ਮਨੁੱਖੀ ਤਸਕਰੀ ਲਈ ਬਦਨਾਮ ਹੈ। ਇਥੇ ਵੀਡੀਓ ਕਾਲ ਲਈ ਏ.ਆਈ. ਸਾਫਟਵੇਅਰ ਦੀ ਵਰਤੋਂ ਹੁੰਦੀ ਹੈ।

ਇਥੋਂ ਪਰਤੇ ਨੌਜਵਾਨ ਨੇ ਆਪਣੀ ਪਛਾਣ ਜ਼ਾਹਰ ਨਾ ਕਰਨ 'ਤੇ ਦੱਸਿਆ, "ਮੈਨੂੰ ਉਮੀਦ ਨਹੀਂ ਸੀ ਕਿ ਮੈਂ ਉਥੋਂ ਜਿਊਂਦੇ ਜੀਅ ਨਿਕਲ ਸਕਾਂਗਾ।" ਫੌਜ ਨੇ ਉੱਥੇ ਛਾਪਾ ਮਾਰਿਆ, ਤਾਂ ਵਾਪਸ ਆਉਣ ਦੀ ਉਮੀਦ ਹੋਈ। ਰੱਬ ਦੁਸ਼ਮਣ ਨੂੰ ਵੀ ਇਹੋ ਜਿਹੀ ਥਾਂ ਉੱਤੇ ਨਾ ਫਸਾਵੇ। ਪੰਜਾਬ ਤੋਂ ਇਲਾਵਾ ਦੇਸ਼ ਦੇ ਹੋਰ ਸੂਬਿਆਂ ਦੇ ਨੌਜਵਾਨ ਵੀ ਮਿਆਂਮਾਰ ਵਿਚ ਚੱਲ ਰਹੇ ਸਾਈਬਰ ਸਕੈਮ ਸੈਂਟਰਾਂ

**ਪੀੜਤਾਂ ਦੇ ਨਾਂ ਜਨਤਕ ਕਰਨ ਤੋਂ ਗੁਰੇਜ਼ ਕੀਤਾ ਜਾਵੇ : ਡੀ.ਐੱਸ.ਪੀ.**

ਡੀ.ਐੱਸ.ਪੀ. ਸਿਟੀ ਗੁਰਪ੍ਰੀਤ ਸਿੰਘ ਸਰਾ, ਥਾਣਾ ਸਾਈਬਰ ਮੁਖੀ ਇੰਸਪੈਕਟਰ ਜਸਵਿੰਦਰ ਸਿੰਘ ਅਤੇ ਜਾਂਚ ਅਧਿਕਾਰੀ ਅਮਨਦੀਪ ਸਿੰਘ ਬਰਾੜ ਨੇ ਕਿਹਾ ਕਿ ਇਹ ਗੰਭੀਰ ਮਾਮਲਾ ਹੈ। ਉਨ੍ਹਾਂ ਪੀੜਤਾਂ ਜਾਂ ਮੁਲਜ਼ਮਾਂ ਦੇ ਨਾਂ ਜਨਤਕ ਕਰਨ ਤੋਂ ਗੁਰੇਜ਼ ਕਰਦਿਆਂ ਕਿਹਾ ਕਿ ਐੱਫ.ਆਈ.ਆਰ. ਦਰਜ ਕਰ ਲਈ ਗਈ ਹੈ।

ਦੇ ਜਾਲ 'ਚ ਫਸ ਚੁੱਕੇ ਹਨ। ਉਹ 8 ਅਗਸਤ 2025 ਨੂੰ ਅੰਮ੍ਰਿਤਸਰ ਤੋਂ ਬੈਂਕਾਕ ਗਿਆ। ਉਥੋਂ ਗੱਡੀ ਰਾਹੀਂ ਜੰਗਲ ਵਿਚ ਲਿਜਾ ਕੇ ਨਦੀ ਕੋਲ ਉਤਾਰ ਦਿੱਤਾ। ਉਥੇ ਪਹਿਲਾਂ ਹੀ ਇਕ ਹੋਰ ਨੌਜਵਾਨ ਸੀ ਅਤੇ ਦੋਵਾਂ ਨੂੰ ਡੰਕਰਾਂ ਨੇ ਨਦੀ ਰਾਹੀਂ ਮਿਆਂਮਾਰ ਪਹੁੰਚਾ ਦਿੱਤਾ। ਫ਼ੌਜੀ ਵਰਦੀ ਵਿਚ ਕੁੱਝ ਲੋਕਾਂ ਨੇ ਕੰਪਨੀ ਕੋਲ ਛੱਡ ਦਿੱਤਾ। ਉਨ੍ਹਾਂ ਇੰਟਰਵਿਊ ਲੈਣ ਉਪਰੰਤ ਅਗਲੇ ਦਿਨ ਕੰਮ 'ਤੇ ਆਉਣ ਲਈ ਕਿਹਾ ਗਿਆ, ਜਦ ਕੰਮਕਾਰ ਪਸੰਦ ਨਾ ਹੋਣ 'ਤੇ ਇਨਕਾਰ ਕੀਤਾ, ਤਾਂ ਸਰੀਰਕ ਤਸੀਹੇ ਦਿੱਤੇ ਗਏ ਅਤੇ ਭਾਰਤ ਵਾਪਸ ਭੇਜਣ ਲਈ 5 ਲੱਖ ਰੁਪਏ ਮੰਗੇ ਗਏ। ਸਜ਼ਾ ਤੋਂ ਡਰਦਿਆਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਐਪ ਰਾਹੀਂ ਅਮਰੀਕਾ 'ਚ ਰਹਿੰਦੇ ਏਸ਼ੀਅਨ ਲੋਕਾਂ ਨਾਲ ਚੈਟਿੰਗ ਦਾ ਕੰਮ ਲਿਆ ਜਾਣ ਲੱਗਾ। ਕੁੜੀਆਂ ਦੀ ਆਵਾਜ਼ ਕੱਢ ਕੇ ਅਮਰੀਕੀ ਮਰਦਾਂ ਨੂੰ ਠੱਗਣ ਲਈ ਮਜਬੂਰ ਕਰਦੇ ਸਨ।"

ਕਪੂਰਥਲਾ ਦਾ ਇਹ ਨੌਜਵਾਨ ਦੱਸਦਾ ਹੈ ਕਿ ਉਨ੍ਹਾਂ ਨੂੰ ਅਮਰੀਕੀ ਮਰਦਾਂ ਨੂੰ 'ਆਨਲਾਈਨ ਹਨੀਟਰੈਪ' ਵਿਚ ਫਸਾਉਣ ਲਈ ਮਜਬੂਰ ਕੀਤਾ ਜਾਂਦਾ ਸੀ। ਇਥੇ ਬਹੁ-ਗਿਣਤੀ ਇਮਾਰਤਾਂ 'ਚ ਕੰਪਨੀਆਂ ਗੁਲਾਮ ਬਣਾ ਕੇ ਲੋਕਾਂ ਤੋਂ ਜ਼ਬਰਦਸਤੀ ਆਨਲਾਈਨ ਠੱਗੀ ਮਰਵਾਉਂਦੀਆਂ ਸਨ। ਇਹ ਆਪਣੇ-ਆਪ ਵਿਚ ਇਕ ਸ਼ਹਿਰ ਪ੍ਰਤੀਤ ਹੁੰਦਾ ਸੀ। ਇਸ ਏਰੀਏ ਵਿਚ ਦਾਖ਼ਲ ਹੋਣ ਲਈ ਇਕੋ-ਇਕ ਦਰਵਾਜ਼ਾ ਹੈ। ਦਰਵਾਜ਼ੇ ਅਤੇ ਇਮਾਰਤਾਂ ਦੀ ਹਥਿਆਰਬੰਦ ਵਿਅਕਤੀ ਵੱਲੋਂ ਰੱਖਿਆ ਕੀਤੀ ਜਾਂਦੀ ਹੈ। 'ਸਕੈਮ ਕੰਪਾਊਂਡ' 'ਚ ਕਈ ਕੰਪਨੀਆਂ ਸਰਗਰਮ ਸੀ ਅਤੇ ਹਰ ਕੰਪਨੀ ਦੇ ਠੱਗੀ ਮਾਰਨ ਦੇ ਤੌਰ ਤਰੀਕੇ ਵੱਖੋ-ਵੱਖਰੇ ਹਨ, ਜਿੱਥੇ ਉਨ੍ਹਾਂ ਨੂੰ ਬੰਦੀ ਬਣਾਇਆ ਗਿਆ ਸੀ, ਉੱਥੇ ਖਾਸ ਤੌਰ ਉੱਤੇ 45 ਸਾਲ ਤੋਂ ਵੱਧ ਉਮਰ ਦੇ ਮਰਦਾਂ ਨੂੰ ਟਾਰਗੈੱਟ ਕੀਤਾ ਜਾਂਦਾ ਸੀ, ਜਦੋਂ ਅਮਰੀਕੀ ਨਾਗਰਿਕ ਵੀਡੀਓ ਕਾਲ ਕਰਨ ਲਈ ਕਹਿੰਦੇ ਤਾਂ ਸਾਈਬਰ ਅਪਰਾਧੀ ਏਸ਼ੀਅਨ 'ਕੁੜੀਆਂ' ਨਾਲ ਉਨ੍ਹਾਂ ਦੀ ਗੱਲ ਕਰਵਾਉਂਦੇ ਸਨ। ਵੀਡੀਓ ਕਾਲ ਲਈ ਅਪਰਾਧੀ ਕਈ ਏ.ਆਈ. ਸਾਫਟਵੇਅਰ ਵਰਤਦੇ ਸਨ। ਇਨ੍ਹਾਂ ਸਾਫਟਵੇਅਰਜ਼ ਦੀ ਮਦਦ ਨਾਲ ਵੀਡੀਓ ਕਾਲ ਦੌਰਾਨ ਕੁੜੀਆਂ ਦੇ ਚਿਹਰੇ ਬਦਲ ਜਾਂਦੇ ਸਨ। ਅਮਰੀਕੀ ਮਰਦਾਂ ਨਾਲ ਦੋਸਤੀ ਹੋਣ ਮਗਰੋਂ ਕ੍ਰਿਪਟੋ ਕਰੰਸੀ ਜ਼ਰੀਏ ਉਨ੍ਹਾਂ ਨਾਲ ਠੱਗੀ ਮਾਰੀ ਜਾਂਦੀ ਸੀ।

MARS
MARS 1 TAXES
MARS ONE TAXES
Michael S. Bathla
CPA*, EA, MBA
President
Michael@MarsOneCPA.com
* Licensed in Nevada and California
3650 Auburn Blvd. Suite B
Sacramento, CA 95821
Mobile : (916) 300-8887
Office : (916) 696-7800, Fax: (916) 333-1717
• MarsOneTaxes@gmail.com



Michael S. Bathla, CPA*, EA, MBA
President
Michael@MarsOneCPA.com
* Licensed in Nevada and California

# ਸੁਨੀਤਾ ਵਿਲੀਅਮਜ਼ ਨੇ 27 ਸਾਲਾਂ ਦੇ ਨਾਸਾ ਕਰੀਅਰ ਨੂੰ ਕਿਹਾ ਅਲਵਿਦਾ

**ਵਾਸ਼ਿੰਗਟਨ, (ਪੰਜਾਬ ਮੇਲ)-** ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਨੇ ਨਾਸਾ ਵਿਚ ਆਪਣੇ 27 ਸਾਲਾਂ ਦੇ ਸ਼ਾਨਦਾਰ ਕਰੀਅਰ ਨੂੰ ਅਲਵਿਦਾ ਕਹਿ ਦਿੱਤਾ ਹੈ। ਨਾਸਾ ਨੇ 20 ਜਨਵਰੀ ਨੂੰ ਉਨ੍ਹਾਂ ਦੀ ਸੇਵਾਮੁਕਤੀ ਦਾ ਐਲਾਨ ਕੀਤਾ ਅਤੇ ਪੁਲਾੜ ਖੋਜ ਵਿਚ ਉਨ੍ਹਾਂ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਸੁਨੀਤਾ ਵਿਲੀਅਮਜ਼ ਪਿਛਲੇ ਸਾਲ ਸਤੰਬਰ ਵਿਚ 60 ਸਾਲਾਂ ਦੇ ਹੋ ਗਏ ਅਤੇ ਆਪਣੇ ਕਰੀਅਰ ਵਿਚ ਤਿੰਨ ਵਾਰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈ.ਐੱਸ.ਐੱਸ.) ਦੀ ਯਾਤਰਾ ਕਰ ਚੁੱਕੇ ਹਨ।



ਸੁਨੀਤਾ ਵਿਲੀਅਮਜ਼ ਨੇ ਹੁਣ ਤੱਕ ਪੁਲਾੜ ਵਿਚ 608 ਦਿਨ ਬਿਤਾਏ ਹਨ, ਜੋ ਕਿ ਕਿਸੇ ਵੀ ਨਾਸਾ ਪੁਲਾੜ ਯਾਤਰੀ ਦੁਆਰਾ ਬਿਤਾਇਆ ਗਿਆ ਦੂਜਾ ਸਭ ਤੋਂ ਵੱਧ ਸਮਾਂ ਹੈ। ਉਨ੍ਹਾਂ ਨੇ 286 ਦਿਨ ਲਗਾਤਾਰ ਪੁਲਾੜ ਉਡਾਣ ਵੀ ਪੂਰੀ ਕੀਤੀ। ਉਨ੍ਹਾਂ ਕੋਲ ਔਰਤਾਂ ਵਿਚ ਸਭ ਤੋਂ ਲੰਬੇ ਸਪੇਸਵਾਕ ਸਮੇਂ (62 ਘੰਟੇ ਅਤੇ 6 ਮਿੰਟ) ਦਾ ਰਿਕਾਰਡ ਵੀ ਹੈ।

ਨਾਸਾ ਦੇ ਪ੍ਰਸ਼ਾਸਕ ਜੇਰੇਡ ਇਸਾਕਮੈਨ ਨੇ ਕਿਹਾ ਕਿ ਸੁਨੀਤਾ ਵਿਲੀਅਮਜ਼ ਨੇ ਮਨੁੱਖੀ ਪੁਲਾੜ ਉਡਾਣ ਵਿਚ ਨਵੇਂ ਰਸਤੇ ਖੋਲ੍ਹੇ ਹਨ ਅਤੇ ਪੁਲਾੜ ਸਟੇਸ਼ਨ 'ਤੇ ਆਪਣੀ ਅਗਵਾਈ ਨਾਲ ਭਵਿੱਖ ਦੇ ਮਿਸ਼ਨਾਂ ਨੂੰ ਮਜ਼ਬੂਤ ਕੀਤਾ ਹੈ। ਨਾਸਾ ਦੇ ਜੌਹਨਸਨ ਸਪੇਸ ਸੈਂਟਰ ਦੀ ਡਾਇਰੈਕਟਰ ਵੈਨੇਸਾ ਨੇ ਵੀ ਕਿਹਾ ਕਿ ਸੁਨੀਤਾ ਦਾ ਕੰਮ ਆਉਣ ਵਾਲੀਆਂ ਪੀੜ੍ਹੀਆਂ ਦੇ ਪੁਲਾੜ ਯਾਤਰੀਆਂ ਲਈ ਪ੍ਰੇਰਨਾ ਸਰੋਤ ਹੋਵੇਗਾ।

ਸੁਨੀਤਾ ਵਿਲੀਅਮਜ਼ ਦਾ ਜਨਮ ਯੂਕਲਿਡ, ਓਹਾਇਓ 'ਚ ਹੋਇਆ ਸੀ। ਉਹ ਨੀਡਹੈਮ, ਮੈਸੇਚਿਉਸੇਟਸ ਨੂੰ ਆਪਣਾ ਜੱਦੀ ਸ਼ਹਿਰ ਮੰਨਦੀ ਹੈ। ਉਸਦੇ ਪਿਤਾ ਦਾ ਜਨਮ ਝੂਲਾਸਨ, ਗੁਜਰਾਤ ਦੇ ਮਹਿਸਾਣਾ ਜ਼ਿਲ੍ਹੇ 'ਚ ਹੋਇਆ ਸੀ। ਹਾਲਾਂਕਿ ਉਹ ਬਾਅਦ 'ਚ ਸੰਯੁਕਤ ਰਾਜ ਅਮਰੀਕਾ ਆ ਗਏ, ਜਿੱਥੇ ਉਨ੍ਹਾਂ ਨੇ ਬੋਨੀ ਪੰਡਯਾ ਨਾਲ ਵਿਆਹ ਕੀਤਾ, ਜੋ ਸਲੋਵੇਨੀਅਨ ਮੂਲ ਦੀ ਹੈ। ਆਪਣੇ ਪੇਸ਼ੇਵਰ ਪੁਲਾੜ ਕੰਮ ਤੋਂ ਇਲਾਵਾ, ਵਿਲੀਅਮਜ਼ ਤੇ ਉਸਦੇ ਪਤੀ ਮਾਈਕਲ ਆਪਣੇ ਕੁੱਤਿਆਂ ਨਾਲ ਸਮਾਂ ਬਿਤਾਉਣ, ਕਸਰਤ ਕਰਨ, ਘਰਾਂ ਦੀ ਮੁਰੰਮਤ ਕਰਨ, ਕਾਰਾਂ ਤੇ ਹਵਾਈ ਜਹਾਜ਼ਾਂ 'ਤੇ ਕੰਮ ਕਰਨ ਤੇ ਹਾਈਕਿੰਗ ਤੇ ਕੈਂਪਿੰਗ ਵਰਗੀਆਂ ਬਾਹਰੀ ਗਤੀਵਿਧੀਆਂ 'ਚ ਹਿੱਸਾ ਲੈਣ ਦਾ ਆਨੰਦ ਮਾਣਦੇ ਹਨ।

ਸੁਨੀਤਾ ਵਿਲੀਅਮਜ਼ ਨੇ ਯੂ.ਐੱਸ. ਨੇਵਲ ਅਕੈਡਮੀ ਵਿਚ ਪੜ੍ਹਾਈ ਕੀਤੀ ਅਤੇ ਬਾਅਦ ਵਿਚ ਇੰਜੀਨੀਅਰਿੰਗ ਪ੍ਰਬੰਧਨ ਵਿਚ ਮਾਸਟਰ ਦੀ ਡਿਗਰੀ ਪ੍ਰਾਪਤ ਕੀਤੀ। ਉਹ ਇੱਕ ਸੇਵਾਮੁਕਤ ਅਮਰੀਕੀ ਜਲ ਸੈਨਾ ਕੈਪਟਨ ਅਤੇ ਇੱਕ ਤਜ਼ਰਬੇਕਾਰ ਪਾਇਲਟ ਹੈ, ਜਿਸਨੇ 4,000 ਤੋਂ ਵੱਧ ਉਡਾਣ ਘੰਟੇ ਪੂਰੇ ਕੀਤੇ ਹਨ।

2002 'ਚ, ਉਸਨੇ ਨਾਸਾ ਦੇ ਨੀਮੋ ਪ੍ਰੋਗਰਾਮ 'ਚ ਹਿੱਸਾ ਲਿਆ, ਜਿੱਥੇ ਉਸਨੇ ਨੌਂ ਦਿਨ ਪਾਣੀ ਦੇ ਅੰਦਰ ਬਿਤਾਏ। ਸੁਨੀਤਾ ਵਿਲੀਅਮਜ਼ ਦਾ ਪੁਲਾੜ 'ਚ ਕਰੀਅਰ 2006 ਨੂੰ ਸ਼ੁਰੂ ਹੋਇਆ ਸੀ। 9 ਦਸੰਬਰ, 2006 ਨੂੰ ਉਸਨੇ ਐੱਸ.ਟੀ.ਐੱਸ.-116 ਮਿਸ਼ਨ ਦੇ ਹਿੱਸੇ ਵਜੋਂ ਸਪੇਸ ਸ਼ਟਲ ਡਿਸਕਵਰੀ 'ਤੇ ਸਵਾਰ ਹੋ ਕੇ ਸ਼ੁਰੂਆਤ ਕੀਤੀ। ਉਹ ਐੱਸ.ਟੀ.ਐੱਸ.-117 ਚਾਲਕ ਦਲ ਦੇ ਨਾਲ ਸਪੇਸ ਸ਼ਟਲ ਐਟਲਾਂਟਿਸ 'ਤੇ ਵੀ ਵਾਪਸ ਆਈ। ਇਸ ਤੋਂ ਬਾਅਦ 2012 'ਚ, ਵਿਲੀਅਮਜ਼ ਨੇ ਕਜ਼ਾਕਿਸਤਾਨ ਦੇ ਬਾਈਕੋਨੂਰ ਕੋਸਮੋਡ੍ਰੋਮ ਤੋਂ ਐਕਸਪੀਡੀਸ਼ਨ 32 ਤੇ 33 ਦੇ ਹਿੱਸੇ ਵਜੋਂ 127 ਦਿਨਾਂ ਦੇ ਮਿਸ਼ਨ ਲਈ ਲਾਂਚ ਕੀਤਾ। ਉਹ ਬਾਅਦ 'ਚ ਐਕਸਪੀਡੀਸ਼ਨ 33 ਦੀ ਕਮਾਂਡਰ ਬਣ ਗਈ, ਜਿਸ ਨਾਲ ਉਹ ਆਈ.ਐੱਸ.ਐੱਸ. ਦੀ ਅਗਵਾਈ ਕਰਨ ਵਾਲੀਆਂ ਕੁਝ ਔਰਤਾਂ 'ਚੋਂ ਇੱਕ ਬਣ ਗਈ। 2024 ਦਾ ਮਿਸ਼ਨ ਕਾਫ਼ੀ ਚੁਣੌਤੀਪੂਰਨ ਸੀ, ਜਦੋਂ ਉਹ ਅਤੇ ਉਸਦੀ ਟੀਮ ਬੋਇੰਗ ਸਟਾਰਲਾਈਨਰ ਪੁਲਾੜ ਯਾਨ ਵਿਚ ਤਕਨੀਕੀ ਨੁਕਸ ਕਾਰਨ ਲਗਭਗ ਨੌਂ ਮਹੀਨਿਆਂ ਲਈ ਆਈ.ਐੱਸ.ਐੱਸ. 'ਤੇ ਫਸੇ ਰਹੇ। ਮਾਰਚ 2025 ਵਿਚ ਸੁਰੱਖਿਅਤ ਢੰਗ ਨਾਲ ਧਰਤੀ 'ਤੇ ਵਾਪਸ ਆ ਗਏ। ਵਿਲੀਅਮਜ਼ ਦੇ ਮਿਸ਼ਨ ਨੂੰ ਪੂਰੀ ਦੁਨੀਆਂ ਨੇ ਨੇੜਿਓਂ ਦੇਖਿਆ।

ਸੁਨੀਤਾ ਨੂੰ ਸ਼ੁਰੂ ਵਿਚ ਇਸ ਮਿਸ਼ਨ 'ਤੇ ਥੋੜ੍ਹੇ ਸਮੇਂ ਲਈ ਭੇਜਿਆ ਗਿਆ ਸੀ, ਪਰ ਇੱਕ ਤਕਨੀਕੀ ਸਮੱਸਿਆ ਨੇ ਉਸਨੂੰ ਸਪੇਸ ਸਟੇਸ਼ਨ 'ਤੇ ਲੰਬੇ ਸਮੇਂ ਲਈ ਰਹਿਣ ਲਈ ਮਜਬੂਰ ਕੀਤਾ। ਪੁਲਾੜ ਮਿਸ਼ਨਾਂ ਤੋਂ ਇਲਾਵਾ, ਵਿਲੀਅਮਜ਼ ਨੇ ਪੁਲਾੜ ਯਾਤਰੀ ਸਿਖਲਾਈ ਤੇ ਸੰਚਾਲਨ 'ਚ ਵੀ ਮਹੱਤਵਪੂਰਨ ਯੋਗਦਾਨ ਪਾਇਆ।

# ਕੈਨੇਡਾ 'ਚ ਪੰਜਾਬੀ ਨੌਜਵਾਨ ਦਾ ਗੋਲੀਆਂ ਮਾਰ ਕੇ ਬੇਰਹਿਮੀ ਨਾਲ ਕਤਲ

**ਬ੍ਰਿਟਿਸ਼ ਕੋਲੰਬੀਆ, (ਪੰਜਾਬ ਮੇਲ)-** ਕੈਨੇਡਾ ਵਿਚ ਪੰਜਾਬੀ ਨੌਜਵਾਨਾਂ ਦੀਆਂ ਮੌਤਾਂ ਦਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ। ਤਾਜ਼ਾ ਸਨਸਨੀਖੇਜ਼ ਵਾਰਦਾਤ ਬ੍ਰਿਟਿਸ਼ ਕੋਲੰਬੀਆ ਦੇ ਬਰਨਬੀ ਇਲਾਕੇ ਵਿਚ ਵਾਪਰੀ ਹੈ, ਜਿੱਥੇ ਇਕ ਪੰਜਾਬੀ ਨੌਜਵਾਨ ਦਾ ਗੋਲੀਆਂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਬਰਨਬੀ ਪੁਲਿਸ ਨੇ ਮ੍ਰਿਤਕ ਦੀ ਪਛਾਣ 28 ਸਾਲਾ ਦਿਲਰਾਜ ਸਿੰਘ ਗਿੱਲ ਵਜੋਂ ਕੀਤੀ ਹੈ, ਜੋ ਕਿ ਵੈਨਕੂਵਰ ਦਾ ਰਹਿਣ ਵਾਲਾ ਸੀ। ਪੁਲਿਸ ਮੁਤਾਬਕ ਇਹ ਵਾਰਦਾਤ ਕੋਈ ਹਾਦਸਾ ਨਹੀਂ, ਸਗੋਂ ਸੋਚੀ-ਸਮਝੀ ਸਾਜ਼ਿਸ਼ ਹੈ।

'ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ' (ਆਈ.ਐੱਚ.ਆਈ.ਟੀ.) ਦੀ ਜਾਂਚ ਅਧਿਕਾਰੀ ਸਾਰਜੈਂਟ ਫਰੀਡਾ ਫੋਂਗ ਨੇ ਪੁਸ਼ਟੀ ਕੀਤੀ ਹੈ ਕਿ ਦਿਲਰਾਜ ਸਿੰਘ ਗਿੱਲ ਪੁਲਿਸ ਦੇ ਰਿਕਾਰਡ ਵਿਚ ਸੀ ਅਤੇ ਉਹ ਪਹਿਲਾਂ ਹੀ ਪੁਲਿਸ ਲਈ ਜਾਣਿਆ-ਪਛਾਣਿਆ ਚਿਹਰਾ ਸੀ। ਸ਼ੁਰੂਆਤੀ ਜਾਂਚ ਤੋਂ ਸੰਕੇਤ ਮਿਲੇ ਹਨ ਕਿ ਇਸ ਗੋਲੀਬਾਰੀ ਦਾ ਸਬੰਧ ਬ੍ਰਿਟਿਸ਼ ਕੋਲੰਬੀਆ ਵਿਚ ਚੱਲ ਰਹੇ ਭਿਆਨਕ ਗੈਂਗ ਸੰਘਰਸ਼ ਨਾਲ ਹੈ।

ਪੁਲਿਸ ਨੇ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਹੈ ਕਿ ਵਾਰਦਾਤ ਤੋਂ



ਕੁਝ ਦੇਰ ਬਾਅਦ 'ਬਕਸਟਨ ਸਟ੍ਰੀਟ' ਦੇ 5000 ਬਲਾਕ ਵਿਚ ਜੋ ਸੜੀ ਹੋਈ ਗੱਡੀ ਮਿਲੀ ਸੀ, ਉਸ ਦੀ ਵਰਤੋਂ ਇਸੇ ਕਤਲਕਾਂਡ ਵਿਚ ਕੀਤੀ ਗਈ ਸੀ। ਫੋਰੈਂਸਿਕ ਟੀਮਾਂ ਹੁਣ ਉਸ ਗੱਡੀ ਵਿਚੋਂ ਅਹਿਮ ਸਬੂਤ ਜੁਟਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਸਾਰਜੈਂਟ ਫਰੀਡਾ ਫੋਂਗ ਨੇ ਕਿਹਾ, "ਜਨਤਕ ਥਾਂ 'ਤੇ ਇਸ ਤਰ੍ਹਾਂ ਦੀ ਗੋਲੀਬਾਰੀ ਹੋਣਾ ਬਹੁਤ ਹੀ ਚਿੰਤਾਜਨਕ ਹੈ। ਇਹ ਨਾ ਸਿਰਫ ਪੁਲਿਸ ਲਈ, ਸਗੋਂ ਪੂਰੇ ਭਾਈਚਾਰੇ ਲਈ ਖ਼ਤਰਨਾਕ ਹੈ।" ਉਨ੍ਹਾਂ ਦੱਸਿਆ ਕਿ ਆਈ.ਐੱਚ.ਆਈ.ਟੀ. ਇਸ ਵੇਲੇ ਬਰਨਬੀ ਆਰ.ਸੀ.ਐੱਮ.ਪੀ., ਫੋਰੈਂਸਿਕ ਵਿਭਾਗ ਅਤੇ ਕੋਰੋਨਰ ਸਰਵਿਸ ਨਾਲ ਮਿਲ ਕੇ ਕੰਮ ਕਰ ਰਹੀ ਹੈ, ਤਾਂ ਜੋ ਕਾਤਲਾਂ ਨੂੰ ਜਲਦ ਗ੍ਰਿਫ਼ਤਾਰ ਕੀਤਾ ਜਾ ਸਕੇ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com



# ਮਿੱਥਿਆ ਅੱਤਵਾਦੀ ਹਮਲਾ ਟਲਿਆ; ਹੁਸ਼ਿਆਰਪੁਰ ਤੋਂ ਚਾਰ ਬੀ.ਕੇ.ਆਈ. ਕਾਰਕੁੰਨ ਆਈ.ਈ.ਡੀ. ਅਤੇ ਦੋ ਪਿਸਤੌਲਾਂ ਸਮੇਤ ਕਾਬੂ

ਹੁਸ਼ਿਆਰਪੁਰ, (ਤਰਸੇਮ ਦੀਵਾਨਾ/ ਪੰਜਾਬ ਮੇਲ)- ਪਾਕਿਸਤਾਨ ਦੇ ਆਈ.ਐੱਸ.ਆਈ. ਸਮਰਥਿਤ ਅੱਤਵਾਦੀ ਨੈੱਟਵਰਕ ਵਿਰੁੱਧ ਵੱਡੀ ਸਫਲਤਾ ਤਹਿਤ ਹੁਸ਼ਿਆਰਪੁਰ ਪੁਲਿਸ ਨੇ ਕਾਊਂਟਰ ਇੰਟੈਲੀਜੈਂਸ (ਸੀ.ਆਈ.), ਜਲੰਧਰ ਨਾਲ ਸਾਂਝੇ ਆਪ੍ਰੇਸ਼ਨ ਵਿਚ ਪਾਬੰਦੀਸ਼ੁਦਾ ਸੰਗਠਨ, ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਨਾਲ ਸਬੰਧਤ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼ ਕਰਦਿਆਂ ਇਸ ਮਾਡਿਊਲ ਦੇ ਚਾਰ ਕਾਰਕੁੰਨਾਂ ਨੂੰ, ਲਗਭਗ 2.5 ਕਿਲੋ ਵਜ਼ਨ ਵਾਲੇ ਆਰ.ਡੀ.ਐਕਸ.-ਆਧਾਰਿਤ ਇਮਪ੍ਰੋਵਾਈਜ਼ਡ ਵਿਸਫੋਟਕ ਡਿਵਾਈਸ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿ਼ਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਦਿਲਜੋਤ ਸਿੰਘ, ਹਰਮਨ ਸਿੰਘ ਉਰਫ਼ ਹੈਰੀ ਉਰਫ਼ ਹਰੀ, ਅਜੈ ਉਰਫ਼ ਮਹਿਰਾ ਅਤੇ ਅਰਸ਼ਦੀਪ ਸਿੰਘ ਉਰਫ਼ ਅਰਸ਼ ਕੰਡੋਲਾ ਵਜੋਂ ਹੋਈ ਹੈ, ਇਹ ਸਾਰੇ ਐੱਸ.ਬੀ.ਐੱਸ. ਨਗਰ ਦੇ ਰਾਹੋਂ ਦੇ ਰਹਿਣ ਵਾਲੇ ਹਨ।



ਆਰ.ਡੀ.ਐਕਸ-ਆਧਾਰਿਤ ਆਈ.ਈ.ਡੀ. ਬਰਾਮਦ ਕਰਨ ਤੋਂ ਇਲਾਵਾ ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿਚੋਂ ਦੋ ਪਿਸਤੌਲ ਵੀ ਬਰਾਮਦ ਕੀਤੇ ਹਨ।

ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ ਕਿ ਇਹ ਮਾਡਿਊਲ ਅਮਰੀਕਾ-ਆਧਾਰਿਤ ਬੀ.ਕੇ.ਆਈ. ਹੈਂਡਲਰਾਂ ਦੁਆਰਾ ਚਲਾਇਆ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਬਰਾਮਦ ਕੀਤਾ ਗਿਆ ਆਈ.ਈ.ਡੀ. ਗਣਤੰਤਰ ਦਿਵਸ ਦੇ ਜਸ਼ਨਾਂ ਦੇ ਮੱਦੇਨਜ਼ਰ ਮਿੱਥ ਕੇ ਅੱਤਵਾਦੀ ਹਮਲਾ ਕਰਨ ਲਈ ਵਰਤਿਆ ਜਾਣਾ ਸੀ।

ਡੀ.ਜੀ.ਪੀ. ਨੇ ਕਿਹਾ ਕਿ ਇਸ ਮਾਮਲੇ ਵਿਚ ਅੱਗੇ ਅਤੇ ਪਿੱਛੇ ਸਬੰਧ

**ਅਮਰੀਕਾ-ਆਧਾਰਿਤ ਬੀ.ਕੇ.ਆਈ. ਹੈਂਡਲਰਾਂ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ ਗ੍ਰਿਫ਼ਤਾਰ ਕੀਤੇ ਵਿਅਕਤੀ: ਡੀ.ਜੀ.ਪੀ. ਗੌਰਵ ਯਾਦਵ**

ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।

ਆਪ੍ਰੇਸ਼ਨ ਸੰਬੰਧੀ ਵੇਰਵੇ ਸਾਂਝੇ ਕਰਦੇ ਹੋਏ, ਹੁਸ਼ਿਆਰਪੁਰ ਦੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐੱਸ.ਐੱਸ.ਪੀ.) ਸੰਦੀਪ ਮਲਿਕ ਨੇ ਕਿਹਾ ਕਿ ਖੁਫੀਆ ਕਾਰਵਾਈ ਵਿਚ, ਹੁਸ਼ਿਆਰਪੁਰ ਪੁਲਿਸ ਅਤੇ ਸੀ.ਆਈ. ਜਲੰਧਰ ਦੀਆਂ ਟੀਮਾਂ ਨੇ ਚਾਰ ਸ਼ੱਕੀਆਂ ਨੂੰ ਗ੍ਰਿ਼ਫਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿਚੋਂ ਆਰ.ਡੀ.ਐਕਸ-ਆਧਾਰਿਤ ਆਈ.ਈ.ਡੀ. ਅਤੇ ਦੋ ਪਿਸਤੌਲ ਬਰਾਮਦ ਕੀਤੇ ਹਨ।

ਇਸ ਸਬੰਧ ਵਿਚ ਹੁਸ਼ਿਆਰਪੁਰ ਦੇ ਗੜ੍ਹਸ਼ੰਕਰ ਪੁਲਿਸ ਥਾਣੇ ਵਿਖੇ ਬੀ.ਐੱਨ.ਐੱਸ. ਦੀਆਂ ਧਾਰਾਵਾਂ 113(1) ਅਤੇ 113(3), ਅਸਲਾ ਐਕਟ ਦੀਆਂ ਧਾਰਾਵਾਂ 25 ਅਤੇ 25(1ਬੀ)(ਏ) ਅਤੇ ਭਾਰਤੀ ਵਿਸਫੋਟਕ ਐਕਟ ਦੀਆਂ ਧਾਰਾਵਾਂ 4 ਅਤੇ 5 ਤਹਿਤ ਐੱਫ.ਆਈ.ਆਰ. ਨੰਬਰ 11 ਮਿਤੀ 23/01/2026 ਦਰਜ ਕੀਤੀ ਗਈ ਹੈ।

# ਦਿੱਲੀ ਕੋਰਟ ਵੱਲੋਂ '84 ਸਿੱਖ ਦੰਗਿਆਂ ਦੇ ਮਾਮਲੇ 'ਚ ਸੱਜਣ ਕੁਮਾਰ ਬਰੀ

ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਦੀ ਅਦਾਲਤ ਨੇ 1984 ਦੇ ਸਿੱਖ



ਦੰਗਿਆਂ ਦੌਰਾਨ ਰਾਜਧਾਨੀ ਦੇ ਜਨਕਪੁਰੀ ਅਤੇ ਵਿਕਾਸਪੁਰੀ ਇਲਾਕਿਆਂ ਵਿਚ ਹੋਈ ਹਿੰਸਾ ਨਾਲ ਸਬੰਧਤ ਮਾਮਲੇ ਵਿਚ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਬਰੀ ਕਰ ਦਿੱਤਾ ਹੈ।

ਵਿਸ਼ੇਸ਼ ਜੱਜ ਡੀ.ਆਈ.ਜੀ. ਵਿਨੈ ਸਿੰਘ ਨੇ ਪਿਛਲੇ ਸਾਲ ਦਸੰਬਰ ਵਿਚ ਮਾਮਲੇ ਵਿਚ ਅੰਤਿਮ ਬਹਿਸ ਪੂਰੀ ਹੋਣ ਤੋਂ ਬਾਅਦ 22 ਜਨਵਰੀ ਲਈ ਫੈਸਲਾ ਰਾਖਵਾਂ ਰੱਖ ਲਿਆ ਸੀ। ਫਰਵਰੀ 2015 ਵਿਚ ਵਿਸ਼ੇਸ਼ ਜਾਂਚ ਟੀਮ ਨੇ ਦਿੱਲੀ ਦੇ ਜਨਕਪੁਰੀ ਅਤੇ ਵਿਕਾਸਪੁਰੀ ਵਿਚ ਦੰਗਿਆਂ ਦੌਰਾਨ ਹਿੰਸਾ ਦੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਸੱਜਣ ਕੁਮਾਰ ਖਿਲਾਫ਼ ਦੋ ਐੱਫ.ਆਈ.ਆਰ. ਦਰਜ ਕੀਤੀਆਂ ਸਨ। ਪਹਿਲੀ ਐੱਫ.ਆਈ.ਆਰ. ਜਨਕਪੁਰੀ ਵਿਚ ਹੋਈ ਹਿੰਸਾ ਬਾਰੇ ਸੀ, ਜਿੱਥੇ 1 ਨਵੰਬਰ, 1984 ਨੂੰ ਦੋ ਵਿਅਕਤੀ ਸੋਹਣ ਸਿੰਘ ਅਤੇ ਉਸ ਦਾ ਜਵਾਈ ਅਵਤਾਰ ਸਿੰਘ ਮਾਰੇ ਗਏ ਸਨ। ਦੂਜੀ ਐੱਫ.ਆਈ.ਆਰ. ਗੁਰਚਰਨ ਸਿੰਘ ਦੇ ਮਾਮਲੇ ਵਿਚ ਦਰਜ ਕੀਤੀ ਗਈ ਸੀ, ਜਿਸ ਨੂੰ ਕਥਿਤ 2 ਨਵੰਬਰ, 1984 ਨੂੰ ਵਿਕਾਸਪੁਰੀ ਵਿਚ ਅੱਗ ਲਗਾ ਦਿੱਤੀ ਗਈ ਸੀ।

# '84 ਸਿੱਖ ਕਤਲੇਆਮ: ਦੋਸ਼ੀ ਸੱਜਣ ਕੁਮਾਰ ਨੂੰ ਬਰੀ ਕਰਨਾ ਪੀੜਤਾਂ ਨਾਲ ਇਨਸਾਫ਼ੀ ਨਹੀਂ : ਐਡਵੋਕੇਟ ਧਾਮੀ

ਅੰਮ੍ਰਿਤਸਰ, (ਪੰਜਾਬ ਮੇਲ)- ਦਿੱਲੀ 1984 ਜਨਕਪੁਰੀ ਅਤੇ ਵਿਕਾਸਪੁਰੀ ਨਾਲ ਸਬੰਧਤ ਸਿੱਖ ਕਤਲੇਆਮ ਦੇ ਮਾਮਲਿਆਂ ਵਿਚ ਦੋਸ਼ੀ ਸੱਜਣ ਕੁਮਾਰ ਨੂੰ ਅਦਾਲਤ ਵੱਲੋਂ ਬਰੀ ਕਰਨ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਰੋਸ ਜਤਾਇਆ ਹੈ। ਉਨ੍ਹਾਂ ਮੁਤਾਬਕ ਸੱਜਣ ਕੁਮਾਰ ਨੂੰ ਬਰੀ ਕਰਨਾ 41 ਸਾਲਾਂ ਤੋਂ ਇਨਸਾਫ਼ ਦੀ ਉਡੀਕ 'ਚ ਬੈਠੇ ਪੀੜਤ ਪਰਿਵਾਰਾਂ ਨਾਲ ਘੋਰ ਬੇਇਨਸਾਫ਼ੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਅਦਾਲਤ ਦੇ ਇਸ ਫੈਸਲੇ ਨੇ ਉਨ੍ਹਾਂ ਪੀੜਤ ਪਰਿਵਾਰਾਂ ਨੂੰ ਡੂੰਘੀ ਮਾਨਸਿਕ ਸੱਟ ਮਾਰੀ ਹੈ, ਜੋ ਲੰਮੇ ਸਮੇਂ ਤੋਂ ਇਨਸਾਫ਼ ਦੀ ਲੜਾਈ ਲੜ ਰਹੇ ਹਨ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਨਵੰਬਰ 1984 ਦਾ ਸਿੱਖ ਕਲਤੇਆਮ ਇਤਿਹਾਸ ਅੰਦਰ ਕਰੂਰਕਾਰੇ ਵਜੋਂ ਦਰਜ ਹੈ, ਜਦੋਂ ਸਰਕਾਰੀ ਸ਼ਹਿ 'ਤੇ ਸਿੱਖਾਂ ਨੂੰ ਬੇਰਹਿਮੀ ਨਾਲ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾਵਾਂ ਅਤੇ ਪੀੜਤ ਪਰਿਵਾਰ ਕਰੀਬ 41 ਸਾਲਾਂ ਤੋਂ ਇਨਸਾਫ਼ ਦੀ ਲੜਾਈ ਲੜ ਰਹੇ ਹਨ। ਇੰਨੀ ਲੰਬੀ ਲੜਾਈ ਲੜਨ ਤੋਂ ਬਾਅਦ ਅਦਾਲਤ ਦਾ ਇਹ



ਫੈਸਲਾ ਪੀੜਤਾਂ ਦੇ ਨਾਲ-ਨਾਲ ਸਮੁੱਚੀ ਕੌਮ ਨੂੰ ਵੱਡੀ ਪੀੜਾ ਦੇਣ ਵਾਲਾ ਹੈ।

ਉਨ੍ਹਾਂ ਕਿਹਾ ਕਿ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਸਾਫ਼ ਤੌਰ 'ਤੇ ਦਿੱਲੀ ਸਿੱਖ ਕਤਲੇਆਮ ਦਾ ਦੋਸ਼ੀ ਹੈ ਅਤੇ ਉਹ ਪਹਿਲਾਂ ਵੀ ਇਕ ਕੇਸ ਵਿਚ ਸਜ਼ਾ ਭੁਗਤ ਰਿਹਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਦਾ ਇਨ੍ਹਾਂ ਮਾਮਲਿਆਂ ਵਿਚ ਸਜ਼ਾ ਤੋਂ ਬਚ ਜਾਣਾ ਦੁਖਦਾਈ ਤੇ ਨਿਰਾਸ਼ਾਜਨਕ ਹੈ।

**ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




# ਇੰਟਰਨੈਸ਼ਨਲ ਡਰੱਗ ਤਸਕਰ ਰਾਜਾ ਕੰਦੌਲਾ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ

**ਮੁੰਬਈ, (ਪੰਜਾਬ ਮੇਲ)**- ਪੰਜਾਬ ਦੇ ਅੰਤਰਰਾਸ਼ਟਰੀ ਨਸ਼ਾ ਤਸਕਰ ਰਾਜਾ ਕੰਦੋਲਾ ਦੀ ਮੁੰਬਈ 'ਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਰਾਜਾ ਕੰਦੌਲਾ ਬੰਗਾ ਦਾ ਰਹਿਣ ਵਾਲਾ ਸੀ। ਪਰਿਵਾਰਕ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਮੁੰਬਈ 'ਚ ਰਾਜਾ ਕੰਦੋਲਾ ਨੂੰ ਦਿਲ ਦਾ ਦੌਰਾ ਪਿਆ, ਜਿਸ ਤੋਂ ਬਾਅਦ ਉਸ ਨੂੰ ਹਸਪਤਾਲ ਲੈ ਜਾਇਆ ਗਿਆ ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਰਾਜਾ ਕੰਦੋਲਾ ਕਈ ਦਿਨਾਂ ਤੋਂ ਬੀਮਾਰ ਚੱਲ ਰਿਹਾ ਸੀ। ਪਰਿਵਾਰ ਮੁਤਾਬਕ ਉਸ ਦਾ ਅੰਤਿਮ ਸੰਸਕਾਰ ਮੁੰਬਈ ਵਿਚ ਹੀ ਕੀਤਾ ਜਾਵੇਗਾ।

ਦੱਸ ਦੇਈਏ ਕਿ ਨਵਾਂਸ਼ਹਿਰ 'ਚ ਜਨਮੇ ਕੰਦੋਲਾ 2000 ਤੋਂ 2026 ਤੱਕ ਲਗਭਗ 26 ਸਾਲਾਂ ਤੱਕ ਵਿਵਾਦਾਂ ਵਿਚ ਘਿਰਿਆ ਰਿਹਾ। ਰਾਜਾ ਕੰਦੌਲਾ ਦਾ ਅਸਲੀ ਨਾਮ ਰਣਜੀਤ ਸਿੰਘ ਸੀ। ਉਸ ਦਾ ਨਾਮ ਪੰਜਾਬ ਦੇ ਸਭ ਤੋਂ ਮਸ਼ਹੂਰ ਨਸ਼ੇ ਦੇ ਤਸਕਰਾਂ ਵਿਚੋਂ ਇਕ ਸੀ। ਉਸ ਨੂੰ ਜਲੰਧਰ ਦੀ ਇਕ ਵਿਸ਼ੇਸ਼ ਪੀ.ਐੱਮ.ਐੱਲ.ਏ. (ਮਨੀ ਲਾਂਡਰਿੰਗ) ਕੋਰਟ ਨੇ 200 ਕਰੋੜ ਰੁਪਏ ਦੇ ਨਸ਼ਾ ਰੈਕੇਟ ਮਾਮਲੇ ਵਿਚ 9 ਸਾਲ ਦੀ ਸਜ਼ਾ ਸੁਣਾਈ ਸੀ। ਇਸ ਮਾਮਲੇ 'ਚ ਉਸ ਦੀ ਪਤਨੀ ਰਜਵੰਤ ਕੌਰ ਨੂੰ ਵੀ 3 ਸਾਲ ਦੀ ਸਜ਼ਾ ਮਿਲੀ ਸੀ। 2024 'ਚ ਰਾਜਾ ਕੰਦੌਲਾ ਦਾ ਨਾਂ ਆਈਸ ਡਰੱਗ (ਕ੍ਰਿਸਟਲ ਮੇਥ) ਤਸਕਰੀ ਮਾਮਲਾ ਚਰਚਾ ਵਿਚ ਰਿਹਾ ਸੀ। ਜੇਲ੍ਹ ਤੋਂ ਛੁੱਟਣ ਮਗਰੋਂ ਉਹ ਪਰਿਵਾਰ ਸਮੇਤ ਮੁੰਬਈ ਚਲਾ ਗਿਆ ਸੀ, ਜਿੱਥੇ ਦਿਲ ਦਾ ਦੌਰੇ ਕਾਰਨ ਉਸ ਦੀ ਮੌਤ ਹੋ ਗਈ। ਉਹ ਕਾਫ਼ੀ ਸਮੇਂ ਲਈ ਅਮਰੀਕਾ ਅਤੇ ਜਿੰਬਾਬਵੇ ਵਰਗੇ ਦੇਸ਼ਾਂ ਵਿਚ ਰਿਹਾ, ਜਿੱਥੇ ਉਸ ਨੇ ਨਸ਼ਾ ਤਸਕਰੀ ਦਾ ਅੰਤਰਰਾਸ਼ਟਰੀ ਨੈੱਟਵਰਕ ਬਣਾਇਆ। ਪੰਜਾਬ ਵਾਪਸ ਆਉਣ ਮਗਰੋਂ ਉਸ ਨੇ ਆਪਣੇ ਆਪ ਨੂੰ ਇਕ ਵੱਡੇ ਫਾਰਮਹਾਊਸ ਦੇ ਮਾਲਕ ਵਜੋਂ ਸਥਾਪਤ ਕੀਤਾ।

ਰਾਜਾ ਕੰਦੌਲਾ ਦਾ ਨਾਮ ਪਹਿਲੀ ਵਾਰੀ ਜੂਨ 2012 'ਚ ਉਸ ਸਮੇਂ ਚਰਚਾ ਵਿਚ ਆਇਆ, ਜਦੋਂ ਪੰਜਾਬ ਪੁਲਿਸ ਨੇ 200 ਕਰੋੜ ਰੁਪਏ ਦੇ ਸਿੰਥੈਟਿਕ ਡਰੱਗ ਰੈਕੇਟ ਦਾ ਪਰਦਾਫ਼ਾਸ਼ ਕੀਤਾ। ਇਸ ਦੌਰਾਨ ਪੁਲਿਸ ਤੋਂ ਬਚਦਿਆਂ ਉਹ ਦਿੱਲੀ ਭੱਜ ਗਿਆ ਸੀ ਪਰ ਅਗਸਤ 2012 ਵਿਚ ਉਸ ਨੂੰ ਦਿੱਲੀ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਰਣਜੀਤ ਸਿੰਘ ਉਰਫ਼ ਰਾਜਾ ਕੰਦੌਲਾ ਨੂੰ ਪੰਜਾਬ ਵਿਚ ਆਈਸ ਮੈਨ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ, ਕਿਉਂਕਿ ਉਹ ਸਿੰਥੈਟਿਕ ਡਰੱਗਸ (ਜਿਵੇਂ ਆਈਸ ਜਾਂ ਮੈਥੈਂਫੈਟਾਮਾਈਨ) ਦੇ ਗੈਰ-ਕਾਨੂੰਨੀ ਧੰਦੇ ਦਾ ਮਾਸਟਰਮਾਈਂਡ ਸੀ। ਪੁਲਿਸ ਮੁਤਾਬਕ ਰਾਜਾ ਮੈਥੈਂਫੈਟਾਮਾਈਨ (ਆਈਸ) ਅਤੇ ਹੋਰ ਨਸ਼ੀਲੇ ਪਦਾਰਥ ਬਣਾਉਣ ਲਈ ਦਿੱਲੀ ਅਤੇ ਪੰਜਾਬ ਵਿਚ ਗੈਰ-ਕਾਨੂੰਨੀ ਲੈਬ ਚਲਾਉਂਦਾ ਸੀ। ਉਹ ਕੱਚਾ ਮਾਲ ਦਿੱਲੀ ਤੋਂ ਲਿਆਉਂਦਾ ਅਤੇ ਉਸ ਨੂੰ ਰੀਫਾਈਨ ਕਰਕੇ ਵਿਦੇਸ਼ਾਂ ਵਿਚ ਸਪਲਾਈ ਕਰਦਾ ਸੀ।

ਕੰਦੌਲਾ ਨਾਲ ਉਸ ਦੀ ਪਤਨੀ ਰਜਵੰਤ ਕੌਰ ਅਤੇ ਪੁੱਤਰ ਬਾਲੀ ਸਿੰਘ ਵੀ ਕਾਨੂੰਨੀ ਮੁਸ਼ਕਿਲਾਂ ਵਿਚ ਫਸੇ। ਦੋਹਾਂ ਦਾ ਨਾਂ ਵੀ ਡਰੱਗ ਤਸਕਰੀ ਵਿਚ ਆਇਆ। ਰਾਜਾ ਦੀ ਇਕ ਮਹਿਲਾ ਮਿੱਤਰ ਸੋਨੀਆ ਦਾ ਨਾਂ ਵੀ ਇਸ ਮਾਮਲੇ ਵਿਚ ਚਰਚਾ ਵਿਚ ਰਿਹਾ, ਜੋ ਕਥਿਤ ਤੌਰ 'ਤੇ ਉਸ ਦੇ ਹੋਟਲ ਅਤੇ ਪ੍ਰਾਪਰਟੀ ਕਾਰੋਬਾਰ ਨੂੰ ਵੇਖਦੀ ਸੀ।

### ਜਗਦੀਸ਼ ਭੋਲਾ ਡਰੱਗ ਮਾਮਲੇ 'ਚ ਵੀ ਆਇਆ ਸੀ ਨਾਮ

ਰਾਜਾ ਕੰਦੌਲਾ ਦਾ ਨਾਮ ਜਗਦੀਸ਼ ਭੋਲਾ ਡਰੱਗ ਮਾਮਲੇ ਵਿਚ ਵੀ ਸਾਹਮਣੇ ਆਇਆ ਸੀ। ਉਸ ਸਮੇਂ ਜਾਂਚ ਏਜੰਸੀਆਂ ਜਗਦੀਸ਼ ਭੋਲਾ ਨੂੰ ਵੱਡੇ ਡਰੱਗ ਨੈੱਟਵਰਕ ਵਿਚ ਮੁੱਖ ਕੜੀ ਮੰਨਦੀਆਂ ਸਨ। ਆਈਸ ਡਰੱਗ (ਕ੍ਰਿਸਟਲ ਮੇਥ) ਤਸਕਰੀ ਦੇ ਮਾਮਲਿਆਂ ਵਿਚ ਉਸ ਦਾ ਨਾਮ ਕਈ ਵਾਰ ਸਾਹਮਣੇ ਆਇਆ। ਸੂਤਰਾਂ ਮੁਤਾਬਕ ਰਾਜਾ ਕਾਫ਼ੀ ਸਮੇਂ ਤੋਂ ਮੁੰਬਈ ਵਿਚ ਰਹਿ ਰਿਹਾ ਸੀ ਅਤੇ ਉਥੋਂ ਹੀ ਆਪਣਾ ਕਾਰੋਬਾਰ ਚਲਾਉਂਦਾ ਸੀ।

# ਪੰਜਾਬ 'ਚ ਚਾਈਨਾ ਡੋਰ ਨੇ ਲੋਕਾਂ ਦੀ ਜਾਨ ਖਤਰੇ 'ਚ ਪਾਈ !

**ਜਲੰਧਰ/ਫਰਿਜ਼ਨੋ, (ਮਾਛੀਕੇ/ਪੰਜਾਬ ਮੇਲ)**- ਪੰਜਾਬ ਵਿੱਚ ਪਤੰਗਬਾਜ਼ੀ ਇੱਕ ਸਮੇਂ ਸਮਾਜਿਕ ਰਿਵਾਇਤ ਹੁੰਦੀ ਸੀ, ਪਰ ਚਾਈਨਾ ਡੋਰ ਨੇ ਇਸ ਰਿਵਾਇਤ ਨੂੰ ਖ਼ੂਨੀ ਸ਼ੌਕ ਵਿਚ ਬਦਲ ਦਿੱਤਾ ਹੈ। ਹੈਰਾਨੀਜਨਕ ਗੱਲ ਇਹ ਹੈ ਕਿ ਸੂਬੇ ਵਿਚ ਚਾਹੇ ਅਕਾਲੀ ਸਰਕਾਰ ਰਹੀ ਹੋਵੇ, ਚਾਹੇ ਕਾਂਗਰਸ ਦੀ ਜਾਂ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ, ਚਾਈਨਾ ਡੋਰ ਨਾਲ ਹੋ ਰਹੀਆਂ ਮੌਤਾਂ ਅਤੇ ਜ਼ਖ਼ਮ ਰੁਕਣ ਦਾ ਨਾਮ ਨਹੀਂ ਲੈ ਰਹੇ। ਲੋਕਾਂ ਦੀ ਜਾਨ ਖਤਰੇ ਵਿਚ ਹੈ ਪਰ ਕਾਰਵਾਈ ਦਾ ਪੱਧਰ ਬਹੁਤ ਹੀ ਕਮਜ਼ੋਰ ਦਿਖਾਈ ਦੇ ਰਿਹਾ ਹੈ।

ਅੱਜ ਪੰਜਾਬ ਦੇ ਕਈ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਚਾਈਨਾ ਡੋਰ ਨਾਲ ਅਜਿਹੇ ਹਾਦਸੇ ਵੱਧ ਰਹੇ ਹਨ, ਜਿਨ੍ਹਾਂ ਨੂੰ "ਹਾਦਸਾ" ਕਹਿਣਾ ਵੀ ਨਿਆਂ ਨਹੀਂ। ਕਦੇ ਕਿਸੇ ਬੱਚੇ ਦੀ ਗਰਦਨ 'ਤੇ ਡੋਰ ਫਿਰ ਜਾਂਦੀ ਹੈ, ਕਦੇ ਕਿਸੇ ਦਾ ਚਿਹਰਾ ਸਦਾ ਲਈ ਵਿਗੜ ਜਾਂਦਾ ਹੈ, ਤੇ ਕਈ ਵਾਰ ਕਿਸੇ ਦੋ-ਪਹੀਆ ਸਵਾਰ ਦੀ ਡੌਰ ਨਾਲ ਗਰਦਨ ਤੱਕ ਕੱਟ ਜਾਂਦੀ ਹੈ। ਇਹ ਸਿਰਫ਼ ਜਖ਼ਮ ਨਹੀਂ, ਬਲਕਿ ਕਈ ਪਰਿਵਾਰਾਂ ਲਈ ਉਮਰ ਭਰ ਦਾ ਦੁੱਖ ਬਣ ਜਾਂਦਾ ਹੈ।

ਚਾਈਨਾ ਡੋਰ ਅਸਲ ਵਿਚ ਗਲਾਸ ਪਾਊਡਰ ਅਤੇ ਕੈਮੀਕਲ ਨਾਲ ਤਿਆਰ ਹੁੰਦੀ ਹੈ। ਇਹ ਚਮੜੀ ਲਈ ਚਾਕੂ ਵਾਂਗ ਕੱਟਣ ਵਾਲੀ ਹੁੰਦੀ ਹੈ, ਜੋ ਇਕ ਸਕਿੰਟ 'ਚ ਖ਼ੂਨ ਕੱਢ ਸਕਦੀ ਹੈ ਅਤੇ ਕਈ ਵਾਰ ਜਾਨ ਵੀ ਲੈ ਸਕਦੀ ਹੈ। ਇਸ ਲਈ ਹੁਣ ਇਹ ਸਿਰਫ਼ "ਡੋਰ" ਨਹੀਂ ਰਹੀ, ਇਹ ਮੌਤ ਦੀ ਡੋਰ ਬਣ ਗਈ ਹੈ। ਇਸ ਦੇ ਬਾਵਜੂਦ ਹਕੀਕਤ ਇਹ ਹੈ ਕਿ ਡੋਰ ਦੀ ਵਿਕਰੀ ਬਿਨਾਂ ਕਿਸੇ ਡਰ ਦੇ ਜਾਰੀ ਹੈ।

- **'ਮੌਤ ਦੀ ਡੋਰ' ਬਣ ਚੁੱਕੀ ਹੈ ਚਾਈਨਾ ਡੋਰ 'ਤੇ ਸਰਕਾਰਾਂ ਦੀ ਕਾਰਵਾਈ ਬੇਅਸਰ**



ਅਕਸਰ ਸਰਕਾਰਾਂ ਵੱਲੋਂ ਪਾਬੰਦੀ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਜ਼ਮੀਨੀ ਪੱਧਰ 'ਤੇ ਨਾ ਬਰਾਬਰ ਕਾਰਵਾਈ ਹੋ ਰਹੀ ਹੈ। ਸ਼ਹਿਰਾਂ ਦੇ ਬਾਜ਼ਾਰਾਂ, ਗਲੀ-ਮੁਹੱਲਿਆਂ ਦੀਆਂ ਦੁਕਾਨਾਂ ਅਤੇ ਕਈ ਥਾਵਾਂ 'ਤੇ ਆਨਲਾਈਨ ਰਾਹੀਂ ਵੀ ਇਹ ਡੋਰ ਮਿਲ ਰਹੀ ਹੈ। ਜੇ ਕਦੇ-ਕਦੇ ਛਾਪੇਮਾਰੀ ਵੀ ਹੁੰਦੀ ਹੈ ਤਾਂ ਉਹ ਕਈ ਵਾਰ ਸਿਰਫ਼ ਕਾਗਜ਼ੀ ਕਾਰਵਾਈ ਜਾਂ ਫੋਟੋ ਸੈਸ਼ਨ ਤੱਕ ਸੀਮਿਤ ਰਹਿ ਜਾਂਦੀ ਹੈ। ਸਵਾਲ ਇਹ ਹੈ ਕਿ ਜਦੋਂ ਚਾਈਨਾ ਡੋਰ ਨਾਲ ਕਿਸੇ ਦੀ ਜਾਨ ਜਾਣ ਦਾ ਡਰ ਸੱਚ ਹੈ, ਤਾਂ ਵੇਚਣ ਵਾਲੇ ਅਤੇ ਵਰਤਣ ਵਾਲੇ ਖਿਲਾਫ਼ ਕਤਲ ਵਰਗਾ ਕੇਸ ਕਿਉਂ ਨਹੀਂ? ਜੇ ਕੋਈ ਇਸ ਡੋਰ ਨੂੰ ਸਮੱਗਲ ਕਰਦਾ ਹੈ ਜਾਂ ਵੱਡੀ ਮਾਤਰਾ ਵਿਚ ਵੇਚਦਾ ਹੈ, ਤਾਂ ਉਸ 'ਤੇ ਸਿਰਫ਼ ਹਲਕੇ ਕਾਨੂੰਨ ਨਹੀਂ, ਬਲਕਿ ਇਰਾਦਾ ਕਤਲ ਜਾਂ ਘੱਟੋ-ਘੱਟ ਕਤਲ ਸਮਾਨ ਜੁਰਮ ਵਾਲੀਆਂ ਧਾਰਾਵਾਂ ਅਧੀਨ ਕੇਸ ਦਰਜ ਹੋਣਾ ਚਾਹੀਦਾ ਹੈ, ਕਿਉਂਕਿ ਇਹ ਡੋਰ ਆਪਣੇ ਆਪ ਵਿਚ ਹੀ ਇੱਕ ਘਾਤਕ ਹਥਿਆਰ ਹੈ।

ਇਸ ਮਸਲੇ ਵਿਚ ਪੰਜਾਬ ਪੁਲਿਸ ਦੀ ਭੂਮਿਕਾ ਵੀ ਮਹੱਤਵਪੂਰਨ ਹੈ। ਪੁਲਿਸ ਨੂੰ ਚਾਹੀਦਾ ਹੈ ਕਿ ਉਹ ਡੋਰ ਵੇਚਣ ਵਾਲੀਆਂ ਦੁਕਾਨਾਂ ਅਤੇ ਸਪਲਾਈ ਚੇਨ 'ਤੇ ਸਖ਼ਤ ਨਿਗਰਾਨੀ ਕਰੇ। ਪਤੰਗਬਾਜ਼ੀ ਦੇ ਸੀਜ਼ਨ ਦੌਰਾਨ ਖ਼ਾਸ ਟੀਮਾਂ ਬਣਾਕੇ ਨਿਯਮਤ ਛਾਪੇ, ਸਮਗਲਰਾਂ ਦੀ ਪਛਾਣ ਅਤੇ ਸਖ਼ਤ ਸਜ਼ਾ ਦੇ ਰਾਹੀਂ ਹੀ ਇਹ ਨਾਸੂਰ ਖ਼ਤਮ ਹੋ ਸਕਦਾ ਹੈ। ਨਾਲ ਹੀ ਸਕੂਲਾਂ, ਕਾਲਜਾਂ ਅਤੇ ਪਿੰਡ ਪੱਧਰ 'ਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਚਲਾਈ ਜਾਵੇ। ਇਹ ਗੱਲ ਵੀ ਯਾਦ ਰੱਖਣੀ ਚਾਹੀਦੀ ਹੈ ਕਿ ਇਸ ਡੋਰ ਦੇ ਜ਼ਿਆਦਾਤਰ ਬੱਚੇ ਅਤੇ ਨੌਜਵਾਨ ਸ਼ਿਕਾਰ ਹੁੰਦੇ ਹਨ। ਇੱਕ ਡੋਰ ਦੀ ਲਾਪ੍ਰਵਾਹੀ ਕਿਸੇ ਬੱਚੇ ਦੀ ਜ਼ਿੰਦਗੀ ਦਾ ਸਾਰਾ ਭਵਿੱਖ ਖਤਮ ਕਰ ਸਕਦੀ ਹੈ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਤੁਰੰਤ ਸਖ਼ਤ ਕਾਨੂੰਨ ਲਿਆਏ, ਤਾਂ ਜੋ ਕੋਈ ਵੀ ਚਾਈਨਾ ਡੋਰ ਵੇਚਣ ਜਾਂ ਖਰੀਦਣ ਤੋਂ ਪਹਿਲਾਂ ਸੌ ਵਾਰ ਸੋਚੇ।

ਸਰਕਾਰ ਅਤੇ ਪੁਲਿਸ ਨੂੰ ਇਹ ਸਮਝਣਾ ਪਵੇਗਾ ਕਿ ਅਗਲਾ ਬੱਚਾ ਕਿਸੇ ਹੋਰ ਦਾ ਨਹੀਂ, ਸਾਡਾ ਆਪਣਾ ਵੀ ਹੋ ਸਕਦਾ ਹੈ। ਜਦ ਤੱਕ ਸਖ਼ਤ ਕਾਨੂੰਨ ਅਤੇ ਕੈੜੀ ਕਾਰਵਾਈ ਨਹੀਂ ਹੁੰਦੀ, ਇਹ "ਮੌਤ ਦੀ ਡੋਰ" ਪੰਜਾਬ ਵਿਚ ਘਰਾਂ ਨੂੰ ਉਜਾੜਦੀ ਰਹੇਗੀ। ਹੁਣ ਸਮਾਂ ਆ ਗਿਆ ਹੈ ਕਿ ਚਾਈਨਾ ਡੋਰ ਦੇ ਖਿਲਾਫ਼ ਜ਼ੀਰੋ ਟੋਲਰੇਂਸ ਨੀਤੀ ਅਪਣਾਈ ਜਾਵੇ।


Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute,
Pepperdine University; Faculty member of
Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?
For Mediation Services, Contact Office Manager :
Julie McCool Email: jmccool@jamsadr.com
Call : +1 503 910 8767
www.singhadr.com
Mediation - ◇ Save Money ◇ Save Time ◇ Save Your relationship
• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave
*863

# ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ 'ਚ ਕੁਰਲੀ ਕਰਨ ਵਾਲੇ ਨੌਜਵਾਨ ਵਿਰੁੱਧ ਐੱਸ.ਜੀ.ਪੀ.ਸੀ. ਵੱਲੋਂ ਸਖ਼ਤ ਕਾਨੂੰਨੀ ਕਾਰਵਾਈ ਦੀ ਤਿਆਰੀ!

**ਅੰਮ੍ਰਿਤਸਰ, (ਪੰਜਾਬ ਮੇਲ)**- ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ 'ਚ ਕੁਰਲੀ ਕਰਨ ਵਾਲੇ ਦਿੱਲੀ ਦੇ ਇੱਕ ਮੁਸਲਿਮ ਨੌਜਵਾਨ ਵਿਰੁੱਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਤਿਆਰੀ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਸਲਾਹਕਾਰ ਅਮਨਬੀਰ ਸਿੰਘ ਸਿਆਲੀ ਨੇ ਕਿਹਾ ਕਿ ਇਸ ਮਾਮਲੇ ਵਿਚ ਜਲਦੀ ਹੀ ਪੁਲਿਸ ਨੂੰ ਐੱਫ.ਆਈ.ਆਰ. ਦਰਜ ਕਰਨ ਲਈ ਸ਼ਿਕਾਇਤ ਦਿੱਤੀ ਜਾਵੇਗੀ।

ਸੂਤਰਾਂ ਅਨੁਸਾਰ ਸ਼੍ਰੋਮਣੀ ਕਮੇਟੀ ਦੀ ਜਾਂਚ ਵਿਚ ਖੁਲਾਸਾ ਹੋਇਆ ਹੈ ਕਿ ਦਿੱਲੀ ਦਾ ਰਹਿਣ ਵਾਲਾ ਸੁਭਾਨ ਰੰਗਰੇਜ਼ ਨਾਮ ਦਾ ਇਹ ਨੌਜਵਾਨ ਮੱਥਾ ਟੇਕਣ ਨਹੀਂ, ਸਗੋਂ ਕਥਿਤ ਤੌਰ 'ਤੇ ਬੇਅਦਬੀ ਕਰਨ ਦੀ ਨੀਅਤ ਨਾਲ ਦਰਬਾਰ ਸਾਹਿਬ ਕੰਪਲੈਕਸ ਵਿਚ ਦਾਖਲ ਹੋਇਆ ਸੀ। ਉਹ ਕਰੀਬ 20 ਮਿੰਟ ਅੰਦਰ ਰਿਹਾ ਪਰ ਉਸ ਨੇ ਮੱਥਾ ਨਹੀਂ ਟੇਕਿਆ। ਉਸ ਨੇ ਸਰੋਵਰ ਵਿਚ ਪੈਰ ਪਾ ਕੇ ਬੈਠਣ, ਤਿੰਨ ਵਾਰ ਮੂੰਹ ਵਿਚ ਪਾਣੀ ਭਰ ਕੇ ਕੁਰਲੀ ਕਰਨ ਅਤੇ ਮੁੜ ਉਸੇ ਪਾਣੀ ਨੂੰ ਸਰੋਵਰ ਵਿਚ ਕੁਰਲੀ ਦੀ ਵੀਡੀਓ ਬਣਾਈ ਸੀ। ਇਸ ਤੋਂ ਇਲਾਵਾ ਉਸ ਨੇ ਵੀਡੀਓ 'ਤੇ 'ਮੁਸਲਿਮ ਸ਼ੇਰ' ਲਿਖ ਕੇ ਸੋਸ਼ਲ ਮੀਡੀਆ 'ਤੇ ਪਾਇਆ ਅਤੇ



ਦਰਬਾਰ ਸਾਹਿਬ ਵੱਲ ਉਂਗਲ ਵੀ ਉਠਾਈ।

ਇਸ ਘਟਨਾ ਤੋਂ ਬਾਅਦ ਸਿੱਖ ਸੰਗਤ ਵਿਚ ਭਾਰੀ ਰੋਸ ਹੈ। ਕਾਰਵਾਈ ਵਿਚ ਦੇਰੀ ਹੁੰਦੀ ਦੇਖ ਨਿਹੰਗ ਸਿੰਘਾਂ ਦੇ ਇੱਕ ਜਥੇ ਨੇ ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਵਿਚ ਸ਼ਿਕਾਇਤ ਦਰਜ ਕਰਵਾਈ ਹੈ। ਨਿਹੰਗਾਂ ਦਾ ਕਹਿਣਾ ਹੈ ਕਿ ਅਜਿਹੀਆਂ ਹਰਕਤਾਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀਆਂ ਹਨ। ਉਨ੍ਹਾਂ ਮੰਗ ਕੀਤੀ ਹੈ ਕਿ ਨੌਜਵਾਨ ਜਨਤਕ ਤੌਰ 'ਤੇ ਆ ਕੇ ਸਿੱਖ ਮਰਿਯਾਦਾ ਅਨੁਸਾਰ ਮੁਆਫ਼ੀ ਮੰਗੇ, ਨਹੀਂ ਤਾਂ ਉਨ੍ਹਾਂ ਕੋਲ ਨੌਜਵਾਨ ਬਾਰੇ ਸਾਰੀ ਜਾਣਕਾਰੀ ਮੌਜੂਦ ਹੈ।

ਵਿਵਾਦ ਵਧਦਾ ਦੇਖ ਸੁਭਾਨ ਰੰਗਰੇਜ਼ ਨੇ ਦੋ ਵਾਰ ਵੀਡੀਓ ਜਾਰੀ ਕਰਕੇ ਮੁਆਫ਼ੀ ਮੰਗੀ ਹੈ। ਪਹਿਲੀ ਵਾਰ ਉਸ ਨੇ ਕਿਹਾ ਕਿ ਉਸ ਨੂੰ ਮਰਿਯਾਦਾ ਬਾਰੇ ਪਤਾ ਨਹੀਂ ਸੀ ਅਤੇ ਗ਼ਲਤੀ ਨਾਲ ਪਾਣੀ ਮੂੰਹ 'ਚੋਂ ਨਿਕਲ ਗਿਆ, ਪਰ ਇਸ ਦੌਰਾਨ ਉਸ ਦੇ ਹੱਥ ਜੇਬ ਵਿਚ ਸਨ, ਜਿਸ ਨੂੰ ਸੰਗਤ ਨੇ ਨਿਰਾਦਰ ਮੰਨਿਆ। ਦੂਜੀ ਵਾਰ ਉਸ ਨੇ ਹੱਥ ਜੋੜ ਕੇ ਮੁਆਫ਼ੀ ਮੰਗੀ, ਪਰ ਐੱਸ.ਜੀ.ਪੀ.ਸੀ. ਅਤੇ ਨਿਹੰਗ ਜਥੇਬੰਦੀਆਂ ਉਸ ਦੇ ਇਸ ਤਰੀਕੇ ਤੋਂ ਸੰਤੁਸ਼ਟ ਨਹੀਂ ਹਨ ਅਤੇ ਕਾਨੂੰਨੀ ਕਾਰਵਾਈ ਦੀ ਮੰਗ 'ਤੇ ਅੜੀਆਂ ਹੋਈਆਂ ਹਨ। ਗਾਜ਼ੀਆਬਾਦ ਪੁਲਿਸ ਨੇ ਸ਼ਿਕਾਇਤ ਮਿਲਣ ਤੋਂ ਬਾਅਦ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਨੌਜਵਾਨ ਤੋਂ ਪੁੱਛਗਿੱਛ ਕਰਨ ਦੀ ਗੱਲ ਕਹੀ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਚੰਡੀਗੜ੍ਹ 'ਚ ਹੋਣ ਵਾਲੀਆਂ ਮੇਅਰ ਚੋਣਾਂ 'ਚ ਤਿੰਨਾਂ ਅਹੁਦਿਆਂ 'ਤੇ ਚੋਣ ਲੜੇਗੀ 'ਆਪ'

**ਚੰਡੀਗੜ੍ਹ, (ਪੰਜਾਬ ਮੇਲ)**- ਆਮ ਆਦਮੀ ਪਾਰਟੀ (ਆਪ) ਨੇ 29 ਜਨਵਰੀ ਨੂੰ ਹੋਣ ਵਾਲੀਆਂ ਮੇਅਰ ਚੋਣਾਂ ਵਿੱਚ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ, ਤਿੰਨੋਂ ਅਹੁਦਿਆਂ 'ਤੇ ਚੋਣ ਲੜਨ ਦਾ ਫੈਸਲਾ ਕੀਤਾ ਹੈ। ਸੂਤਰਾਂ ਨੇ ਦੱਸਿਆ ਕਿ ਇਹ ਫੈਸਲਾ ਪਾਰਟੀ ਦੀ ਸਿਖਰਲੀ ਲੀਡਰਸ਼ਿਪ ਦੀ ਮੀਟਿੰਗ ਤੋਂ ਬਾਅਦ ਲਿਆ ਗਿਆ ਹੈ। ਪਾਰਟੀ ਨੇ ਅਜੇ ਤੱਕ ਇਸ ਅਹੁਦੇ ਲਈ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਨਹੀਂ ਕੀਤਾ ਹੈ। ਸੂਤਰਾਂ ਨੇ ਦੱਸਿਆ ਕਿ 'ਆਪ' ਵਿਚ ਮੇਅਰ ਦੇ ਅਹੁਦੇ ਲਈ ਕੌਂਸਲਰ ਯੋਗੇਸ਼ ਢੀਂਗਰਾ, ਜਸਬੀਰ ਸਿੰਘ ਲਾਡੀ, ਦਮਨਪ੍ਰੀਤ ਸਿੰਘ, ਹਰਦੀਪ ਸਿੰਘ ਅਤੇ ਰਾਮ ਚੰਦਰ ਯਾਦਵ ਚੋਣ ਮੈਦਾਨ ਵਿਚ ਹਨ।

ਇਸ ਦੌਰਾਨ ਉਮੀਦਵਾਰਾਂ ਦਾ ਫੈਸਲਾ ਕਰਨ ਲਈ ਭਾਜਪਾ ਦੀ ਕੋਰ ਕਮੇਟੀ ਦੀ ਮੀਟਿੰਗ ਚੱਲ ਰਹੀ ਹੈ। ਪਾਰਟੀ ਵੱਲੋਂ ਮਹੇਸ਼ਇੰਦਰ ਸਿੰਘ ਸਿੱਧੂ, ਸੌਰਭ ਜੋਸ਼ੀ, ਕੰਵਰਜੀਤ ਸਿੰਘ ਰਾਣਾ ਅਤੇ ਦਲੀਪ ਸ਼ਰਮਾ ਇਸ ਅਹੁਦੇ ਲਈ ਦਾਅਵੇਦਾਰ ਹਨ। ਕਾਂਗਰਸੀ ਕੌਂਸਲਰ ਵੀ 'ਆਪ' ਨਾਲ ਕਿਸੇ ਵੀ ਗੱਠਜੋੜ ਬਾਰੇ ਫੈਸਲਾ ਲੈਣ ਲਈ ਮੀਟਿੰਗ ਕਰ ਰਹੇ ਹਨ। ਹਾਲਾਂਕਿ ਕਾਂਗਰਸੀ ਕੌਂਸਲਰ ਗੱਠਜੋੜ ਦਾ ਵਿਰੋਧ ਕਰ ਰਹੇ ਹਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਹੜ੍ਹਾਂ ਤੋਂ ਪ੍ਰਭਾਵਿਤ ਪਰਿਵਾਰਾਂ ਦੀਆਂ 300 ਲੜਕੀਆਂ ਦੇ ਤਿੰਨ ਕਰੋੜ ਲਗਾ ਕੇ ਕਰੇਗਾ ਵਿਆਹ : ਡਾ. ਓਬਰਾਏ

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ "ਹੜ੍ਹ ਪ੍ਰਭਾਵਿਤ ਵਿਆਹ ਯੋਜਨਾ" ਸਕੀਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਪੂਰੇ ਪੰਜਾਬ ਵਿਚ ਬੀਤੇ ਦਿਨੀਂ ਆਏ ਹੜ੍ਹਾਂ ਦੌਰਾਨ ਪ੍ਰਭਾਵਿਤ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਟਰੱਸਟ ਵੱਲੋਂ ਕਰਨ ਦਾ ਫੈਸਲਾ ਕੀਤਾ ਗਿਆ ਹੈ, ਵਿਆਹ ਵਾਲੀ ਹਰ ਲੜਕੀ ਨੂੰ ਇੱਕ-ਇੱਕ ਲੱਖ ਰੁਪਏ ਦਿੱਤੇ ਜਾਣਗੇ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਜ਼ਿਲ੍ਹਾ ਫਿਰੋਜ਼ਪੁਰ ਦੇ ਕਸਬਾ ਮੱਖੂ ਵਿਚ 21 ਹੜ੍ਹਾਂ ਤੋਂ ਪ੍ਰਭਾਵਿਤ ਪਰਿਵਾਰਾਂ ਦੀਆਂ ਲੜਕੀਆਂ ਨੂੰ ਇੱਕ-ਇੱਕ ਲੱਖ ਰੁਪਏ ਦੇ, ਤਰਨ ਤਾਰਨ ਵਿਚ 27 ਲੜਕੀਆਂ ਨੂੰ, ਅੰਮ੍ਰਿਤਸਰ ਸਹਿਬ ਵਿਚ 8 ਲੜਕੀਆਂ ਨੂੰ ਚੈੱਕ ਦਿੱਤੇ ਗਏ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇੱਥੇ ਡਾਕਟਰ ਓਬਰਾਏ ਨੇ ਦੱਸਿਆ ਕਿ ਹੜ੍ਹਾਂ ਤੋਂ ਪ੍ਰਭਾਵਿਤ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹਾਂ ਲਈ ਤਿੰਨ ਕਰੋੜ ਦਾ ਬਜਟ ਰੱਖਿਆ ਗਿਆ ਹੈ। ਇਸ ਪ੍ਰੋਜੈਕਟ ਵਿਚ ਸਿਆਟਲ (ਯੂ.ਐੱਸ.ਏ.) ਦੀ ਸਾਧ ਸੰਗਤ ਵੱਲੋਂ ਵੀ ਯੋਗਦਾਨ ਪਾਇਆ ਜਾ ਰਿਹਾ ਹੈ।



ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਸਿਆਟਲ (ਯੂ.ਐੱਸ.ਏ.) ਦੇ ਸੇਵਾਦਾਰਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ ਅਤੇ ਦੱਸਿਆ ਕਿ ਸਿਆਟਲ ਤੋਂ ਆ ਕੇ ਸੇਵਾਦਾਰ ਇਸ ਕਾਰਜ ਵਿਚ ਸੇਵਾ ਵੀ ਕਰ ਰਹੇ ਹਨ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਨੇ ਦੱਸਿਆ ਕਿ ਸਾਡੀਆਂ ਟੀਮਾਂ ਇਸ ਪ੍ਰੋਗਰਾਮ ਨੂੰ ਸਿਰੇ ਚਾੜ੍ਹਨ ਲਈ ਮਿਹਨਤ ਕਰ ਰਹੀਆਂ ਹਨ।ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਡਾ. ਓਬਰਾਏ ਮੁਤਾਬਕ ਇਸ ਤੋਂ ਪਹਿਲਾਂ 120 ਦੇ ਕਰੀਬ ਲੜਕੀਆਂ ਦੇ ਵਿਆਹਾਂ 'ਤੇ ਇੱਕ ਕਰੋੜ ਵੀਹ ਲੱਖ ਰੁਪਏ ਦੇ ਚੁੱਕੇ ਹਾਂ। ਸਹਾਇਤਾ ਰਾਸ਼ੀ ਲੈਣ ਉਪਰੰਤ ਲੜਕੀਆਂ ਦੇ ਪਰਿਵਾਰਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸਮੂਹ ਸੇਵਾਦਾਰ ਹਾਜ਼ਰ ਸਨ।




# ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਸਬੰਧੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਜਾਇਆ ਨਗਰ ਕੀਰਤਨ

**■ ਸੰਗਤ ਵੱਲੋਂ ਵੱਖ-ਵੱਖ ਥਾਵਾਂ 'ਤੇ ਨਗਰ ਕੀਰਤਨ ਦਾ ਕੀਤਾ ਗਿਆ ਭਰਵਾਂ ਸਵਾਗਤ**





**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਸਬੰਧੀ ਧਾਰਮਿਕ ਸਭਾ-ਸੁਸਾਇਟੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਨੇ ਪੰਜ ਪਿਆਰੇ ਸਾਹਿਬਾਨ ਤੇ ਨਿਸ਼ਾਨਚੀ ਸਿੰਘਾਂ ਨੂੰ ਸਿਰੋਪਾਓ ਦੇ ਕੇ ਨਿਵਾਜਿਆ। ਅਰਦਾਸ ਉਪਰੰਤ ਗਿਆਨੀ ਅਮਰਜੀਤ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕੀਤਾ ਅਤੇ ਨਗਰ ਕੀਰਤਨ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਚੌਰ ਸਾਹਿਬ ਦੀ ਸੇਵਾ ਨਿਭਾਈ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋਏ ਨਗਰ ਕੀਰਤਨ ਦਾ ਪਲਾਜ਼ਾ ਘੰਟਾ ਘਰ, ਜ਼ਲ੍ਹਿਆਂ ਵਾਲਾ ਬਾਗ, ਚੌਂਕ ਘਿਓ ਮੰਡੀ, ਪਾਣੀ ਵਾਲੀ ਟੈਂਕੀ, ਸਵਰਨ ਹਾਊਸ, ਸੁਲਤਾਨਵਿੰਡ ਰੋਡ, 100 ਫੁੱਟੀ ਰੋਡ ਤੋਂ ਤੇਜ ਨਗਰ ਚੌਕ, ਸ਼ਹੀਦ ਊਧਮ ਸਿੰਘ ਨਗਰ, ਕੋਟ ਮਾਹਣਾ ਸਿੰਘ ਤਰਨ ਤਾਰਨ ਰੋਡ ਆਦਿ ਥਾਵਾਂ 'ਤੇ ਸੰਗਤ ਨੇ ਭਰਵਾਂ ਸਵਾਗਤ ਕਰਦਿਆਂ ਸਤਿਕਾਰ ਭੇਟ ਕੀਤਾ। ਨਗਰ ਕੀਰਤਨ ਵਿਚ ਨਿਹੰਗ ਸਿੰਘ ਜਥੇਬੰਦੀਆਂ ਘੋੜੇ, ਊਠ ਅਤੇ ਹਾਥੀ ਸਮੇਤ ਜਾਹੋ-ਜਲਾਲ ਨਾਲ ਸ਼ਾਮਲ ਹੋਈਆਂ। ਇਸੇ ਦੌਰਾਨ ਗਤਕਾ ਤੇ ਬੈਂਡ ਪਾਰਟੀਆਂ ਨੇ ਵੀ ਭਰਵੀਂ ਸ਼ਮੂਲੀਅਤ ਕੀਤੀ। ਵੱਖ-ਵੱਖ ਪੜਾਵਾਂ 'ਤੇ ਸੰਗਤਾਂ ਵੱਲੋਂ ਕਈ ਪ੍ਰਕਾਰ ਦੇ ਲੰਗਰ ਲਗਾਏ ਗਏ ਸਨ।

# ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ ਸਿੱਖਾਂ ਦੀ ਲਗਾਤਾਰ ਘੱਟ ਰਹੀ ਅਬਾਦੀ 'ਤੇ ਚਿੰਤਾ ਜ਼ਾਹਰ

## ਕਿਹਾ : ਸਿੱਖ ਪਰਿਵਾਰ ਤਿੰਨ ਜਾਂ ਉਸ ਤੋਂ ਵੱਧ ਬੱਚੇ ਪੈਦਾ ਕਰਨ ਬਾਰੇ ਸੋਚਣ



**ਸ੍ਰੀ ਆਨੰਦਪੁਰ ਸਾਹਿਬ, (ਪੰਜਾਬ ਮੇਲ)-** ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖਾਂ ਦੀ ਲਗਾਤਾਰ ਘੱਟ ਰਹੀ ਅਬਾਦੀ 'ਤੇ ਚਿੰਤਾ ਜ਼ਾਹਰ ਕੀਤੀ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਗਿਣਤੀ ਵਿਚ ਆ ਰਹੀ ਕਮੀ ਕੌਮ ਲਈ ਗੰਭੀਰ ਚੁਣੌਤੀ ਬਣਦੀ ਜਾ ਰਹੀ ਹੈ, ਜਿਸ ਵੱਲ ਹਰੇਕ ਸਿੱਖ ਨੂੰ ਧਿਆਨ ਦੇਣ ਦੀ ਲੋੜ ਹੈ। ਜਥੇਦਾਰ ਨੇ ਸਿੱਖ ਪਰਿਵਾਰਾਂ ਨੂੰ ਅਪੀਲ ਕੀਤੀ ਕਿ ਉਹ ਘੱਟੋ-ਘੱਟ ਤਿੰਨ ਜਾਂ ਉਸ ਤੋਂ ਵੱਧ ਬੱਚੇ ਪੈਦਾ ਕਰਨ ਬਾਰੇ ਸੋਚਣ, ਤਾਂ ਜੋ ਭਵਿੱਖ ਵਿਚ ਕੌਮ ਦੀ ਮਜ਼ਬੂਤੀ ਬਰਕਰਾਰ ਰਹਿ ਸਕੇ।

ਜਥੇਦਾਰ ਗੜਗੱਜ ਨੇ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਦਿੱਤੀਆਂ ਗਈਆਂ ਸ਼ਿਕਾਇਤਾਂ ਤਖਤ ਸਾਹਿਬ ਦੇ ਵਿਚਾਰ ਅਧੀਨ ਹਨ। ਉਨ੍ਹਾਂ ਮੀਡੀਆ ਅਦਾਰਿਆਂ ਨੂੰ ਤਾਕੀਦ ਕੀਤੀ ਕਿ ਕਿਸੇ ਵੀ ਤਰ੍ਹਾਂ ਦਾ ਮੀਡੀਆ ਟਰਾਇਲ ਕਰਨ ਤੋਂ ਪ੍ਰਹੇਜ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕੋਈ ਮੀਡੀਆ ਅਦਾਰਾ ਇਨ੍ਹਾਂ ਸ਼ਕਾਇਤਾਂ ਸਬੰਧੀ ਕੋਈ ਖ਼ਬਰ ਬਿਨ੍ਹਾਂ ਤੱਥਾਂ ਤੋਂ ਪ੍ਰਕਾਸ਼ਿਤ ਕਰਦਾ ਹੈ ਤਾਂ ਉਸ ਨੂੰ ਅਜਿਹੇ ਕੰਮਾਂ ਤੋ ਗੁਰੇਜ਼ ਕਰਨਾ ਚਾਹੀਦਾ ਹੈ।

# ਹਾਈਕੋਰਟ ਵੱਲੋਂ ਅੰਮ੍ਰਿਤਪਾਲ ਦੇ ਸੰਸਦ ਸੈਸ਼ਨ 'ਚ ਹਿੱਸਾ ਲੈਣ ਬਾਰੇ ਪਟੀਸ਼ਨ ਦਾ ਨਿਪਟਾਰਾ

**■ ਪੰਜਾਬ ਸਰਕਾਰ ਨੂੰ ਦਿੱਤੇ ਨਿਰਦੇਸ਼: ਇਜਲਾਸ 'ਚ ਹਿੱਸਾ ਲੈਣ ਦੀ ਇਜਾਜ਼ਤ ਦੇਣੀ ਹੈ ਜਾਂ ਨਹੀਂ, ਅਥਾਰਟੀ 7 ਦਿਨਾਂ 'ਚ ਕਰੇ ਫ਼ੈਸਲਾ**



**ਚੰਡੀਗੜ੍ਹ, (ਪੰਜਾਬ ਮੇਲ)-** ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਵਲੋਂ ਸੰਸਦ ਦੇ ਬਜਟ ਸੈਸ਼ਨ 'ਚ ਹਿੱਸਾ ਲੈਣ ਲਈ ਦਾਇਰ ਕੀਤੀ ਗਈ ਪਟੀਸ਼ਨ ਦਾ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਨਿਪਟਾਰਾ ਕਰ ਦਿੱਤਾ ਗਿਆ ਹੈ। ਇਸ ਪਟੀਸ਼ਨ 'ਤੇ ਵੱਡਾ ਫ਼ੈਸਲਾ ਸੁਣਾਉਂਦੇ ਹੋਏ ਅਦਾਲਤ ਨੇ ਪੰਜਾਬ ਸਰਕਾਰ ਨੂੰ ਨਿਰਦੇਸ਼ ਦਿੱਤੇ ਹਨ ਕਿ ਅੰਮ੍ਰਿਤਪਾਲ ਦਾ ਕੇਸ ਦੇਖ ਰਹੀ ਅਥਾਰਟੀ ਇਸ ਬਾਰੇ ਫ਼ੈਸਲਾ ਲਵੇ ਕਿ ਉਸ ਨੂੰ ਇਜਲਾਸ 'ਚ ਹਿੱਸਾ ਲੈਣ ਦੀ ਇਜਾਜ਼ਤ ਦੇਣੀ ਹੈ ਜਾਂ ਨਹੀਂ ਅਤੇ ਅਥਾਰਟੀ ਨੂੰ 7 ਦਿਨਾਂ ਦੇ ਅੰਦਰ ਫ਼ੈਸਲਾ ਦੇਣਾ ਪਵੇਗਾ। ਦੱਸ ਦੇਈਏ ਕਿ ਅੰਮ੍ਰਿਤਪਾਲ ਸਿੰਘ ਪਿਛਲੇ ਲੰਬੇ ਸਮੇਂ ਤੋਂ ਅਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਬੰਦ ਹੈ।

ਦੱਸਣਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਨੇ ਬਜਟ ਇਜਲਾਸ 'ਚ ਹਿੱਸਾ ਲੈਣ ਦੀ ਇਜਾਜ਼ਤ ਮੰਗਦਿਆਂ ਹਾਈਕੋਰਟ 'ਚ ਪਟੀਸ਼ਨ ਦਾਇਰ ਕੀਤੀ ਸੀ। ਆਪਣੀ ਪਟੀਸ਼ਨ 'ਚ ਅੰਮ੍ਰਿਤਪਾਲ ਸਿੰਘ ਨੇ ਕਿਹਾ ਸੀ ਕਿ ਸੰਸਦ ਦਾ ਬਜਟ ਸੈਸ਼ਨ 28 ਜਨਵਰੀ ਨੂੰ ਸ਼ੁਰੂ ਹੋਣ ਜਾ ਰਿਹਾ ਹੈ ਅਤੇ ਇਕ ਚੁਣੇ ਹੋਏ ਸੰਸਦ ਮੈਂਬਰ ਹੋਣ ਦੇ ਨਾਤੇ ਇਸ ਸੈਸ਼ਨ 'ਚ ਉਸ ਦੀ ਹਾਜ਼ਰੀ ਜ਼ਰੂਰੀ ਹੈ। ਪਟੀਸ਼ਨ 'ਚ ਕਿਹਾ ਗਿਆ ਸੀ ਕਿ ਸੰਸਦ 'ਚ ਸ਼ਾਮਲ ਹੋਣਾ ਨਾ ਸਿਰਫ ਉਸ ਦਾ ਸੰਵਿਧਾਨਕ ਅਧਿਕਾਰ ਹੈ, ਸਗੋਂ ਉਸ ਦੀ ਜ਼ਿੰਮੇਵਾਰੀ ਵੀ ਹੈ

ਅੰਮ੍ਰਿਤਪਾਲ ਸਿੰਘ ਨੇ ਪਹਿਲਾਂ ਵੀ ਬੀਤੀ 21 ਨਵੰਬਰ ਨੂੰ ਹਾਈਕੋਰਟ 'ਚ ਪਟੀਸ਼ਨ ਦਾਇਰ ਕੀਤੀ ਸੀ ਕਿ ਉਸ ਨੂੰ 1 ਤੋਂ 19 ਦਸੰਬਰ ਤੱਕ ਚੱਲਣ ਵਾਲੇ ਸੰਸਦ ਦੇ ਸਰਦ ਰੁੱਤ ਸੈਸ਼ਨ 'ਚ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਜਾਵੇ, ਜਿਸ ਤੋਂ ਬਾਅਦ ਅਦਾਲਤ ਨੇ ਸੂਬੇ ਦੇ ਗ੍ਰਹਿ ਸਕੱਤਰ, ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਇਕ ਹਫ਼ਤੇ ਅੰਦਰ ਫ਼ੈਸਲਾ ਲੈਣ ਦੇ ਨਿਰਦੇਸ਼ ਦਿੱਤੇ ਸਨ ਪਰ ਫਿਰ ਰਿਪੋਰਟ ਦੇ ਆਧਾਰ 'ਤੇ ਉਸ ਦੀ ਪੈਰੋਲ ਰੱਦ ਕਰ ਦਿੱਤੀ ਗਈ ਸੀ।




# ਫਿਲਮ "ਬੇਬੇ ਮੈਂ ਬਦਮਾਸ਼ ਬਣੂੰਗਾ" ਨੇ ਰਿਲੀਜ਼ ਹੋਣ ਤੋਂ ਪਹਿਲਾਂ ਹੀ ਮਾਹੌਲ ਰੰਗੀਨ ਕੀਤਾ

- ਟ੍ਰੇਲਰ 'ਚੋਂ ਝਲਕ ਰਹੀ ਹੈ ਡਾਇਰੈਕਟਰ ਸੁਖਮਿੰਦਰ ਧੰਜਲ ਦੀ ਮਿਹਨਤ
- ਭੋਲੇ ਤੋਂ ਬਦਮਾਸ਼ ਬਣਨ ਤੁਰਿਆ ਜਗਜੀਤ ਸੰਧੂ ਟ੍ਰੇਲਰ ਰਾਹੀਂ ਵੀ ਛਾਇਆ






**ਗਲਾਸਗੋ/ਲੰਡਨ, (ਮਨਦੀਪ ਖੁਰਮੀ ਹਿੰਮਤਪੁਰਾ/ਪੰਜਾਬ ਮੇਲ)**- ਪੰਜਾਬੀ ਸਿਨੇਮਾ ਡਾਂਵਾਡੋਲ ਵਾਲੀ ਸਥਿਤੀ 'ਚੋਂ ਬਾਹਰ ਨਹੀਂ ਨਿਕਲ ਰਿਹਾ ਸੀ। ਸਿਰਫ ਤੇ ਸਿਰਫ ਵਿਆਹ ਦਾ ਮਾਹੌਲ, ਫੁੱਫੜਾਂ ਪ੍ਰਾਹੁਣਿਆਂ ਦੀ ਫੂਹੜ ਜਿਹੀ ਕਾਮੇਡੀ ਨੇ ਦਰਸ਼ਕ ਨੂੰ ਨਿਰਾਸ਼ ਕੀਤਾ ਹੋਇਆ ਹੈ। ਅਜਿਹੇ ਦੌਰ ਵਿਚ ਸਾਲ 2026 ਦੀ ਪਹਿਲੀ ਫਿਲਮ "ਬੇਬੇ ਮੈਂ ਬਦਮਾਸ਼ ਬਣੂੰਗਾ" ਬੇਸ਼ੱਕ ਫਰਵਰੀ ਦੇ ਪਹਿਲੇ ਹਫਤੇ ਰਿਲੀਜ਼ ਹੋਣੀ ਹੈ ਪਰ ਉਸ ਤੋਂ ਪਹਿਲਾਂ ਰਿਲੀਜ਼ ਹੋਏ ਟ੍ਰੇਲਰ ਨੇ ਹੀ ਖੜ੍ਹੇ ਪਾਣੀਆਂ ਵਿਚ ਘੜੀ ਦੀ ਡੀਕਰੀ ਦੀ ਤਾਰੀ ਵਾਂਗ ਖੂਬਸੂਰਤ ਜਿਹੀ ਹਿੱਲਜੁੱਲ ਕੀਤੀ ਹੈ। ਟ੍ਰੇਲਰ ਵਿਚ ਫਿਲਮ ਦੇ ਡਾਇਰੈਕਟਰ ਸੁਖਮਿੰਦਰ ਧੰਜਲ ਦੀ ਮਿਹਨਤ ਮੂੰਹੋਂ ਬੋਲਦੀ ਹੈ। ਪਾਤਰਾਂ ਮੂੰਹੋਂ ਬੁਲਵਾਏ ਸੰਵਾਦ ਤੇ ਸਿਰਜੇ ਹੋਏ ਦ੍ਰਿਸ਼ ਟ੍ਰੇਲਰ ਦੇਖਣ ਵਾਲੇ ਨੂੰ ਫਿਲਮ ਦੇਖਣ ਲਈ ਉਕਸਾਉਂਦੇ ਹਨ। ਭੋਲੇ ਦੇ ਕਿਰਦਾਰ ਨਾਲ ਪੰਜਾਬੀ ਫਿਲਮ ਜਗਤ ਵਿਚ ਤਰਥੱਲੀ ਮਚਾਉਣ ਵਾਲੇ ਜਗਜੀਤ ਸੰਧੂ ਦਾ ਬਦਮਾਸ਼ ਬਣਨਾ ਵੀ ਦਰਸ਼ਕ ਖੂਬ ਸਰਾਹ ਰਹੇ ਹਨ। ਜਗਜੀਤ ਸੰਧੂ ਦੇ ਮੂੰਹੋਂ ਇੱਕ ਇੱਕ ਬੋਲ ਨੂੰ ਜਿਸ ਸੰਜੀਦਗੀ ਤੇ ਖੂਬਸੂਰਤੀ ਨਾਲ ਬੁਲਵਾਇਆ ਗਿਆ ਹੈ, ਉਹ ਕੰਮ ਸੁਖਮਿੰਦਰ ਧੰਜਲ ਵਰਗਾ ਪ੍ਰਬੀਨ ਨਿਰਦੇਸ਼ਕ ਹੀ ਕਰ ਸਕਦਾ ਹੈ। ਇਹ ਵੀ ਜ਼ਿਕਰਯੋਗ ਹੈ ਕਿ ਫਿਲਮ ਦੀ ਕਹਾਣੀ ਵੀ ਸੁਖਮਿੰਦਰ ਧੰਜਲ ਨੇ ਲਿਖੀ ਹੈ। ਪ੍ਰੋਡਿਊਸਰ ਰੁਪਾਲੀ ਤੇ ਜਗਜੀਤ ਸੰਧੂ ਖੁਦ ਹਨ। ਫਿਲਮ ਵਿਚ ਜੌਹਰ ਦਿਖਾਉਣ ਵਾਲੇ ਕਲਾਕਾਰਾਂ ਦੀ ਗੱਲ ਕਰੀਏ, ਤਾਂ ਜਗਜੀਤ ਸੰਧੂ ਦੇ ਨਾਲ ਹੀਰੋਇਨ ਵਜੋਂ ਅਵੀਰਾ ਸਿੰਘ ਮਸੌਣ ਮੁੱਖ ਭੂਮਿਕਾ 'ਚ ਨਜ਼ਰ ਆਉਣਗੇ। ਦਿੱਗਜ ਕਲਾਕਾਰ ਅਸੀਸ਼ ਦੁੱਗਲ, ਸੰਜੇ ਸੋਲੰਕੀ, ਪਰਮਵੀਰ ਸਿੰਘ, ਸਤਵੰਤ ਕੌਰ, ਰਾਹੁਲ ਜੰਗਰਾਲ, ਇਕੱਤਰ ਸਿੰਘ, ਜੱਸੀ ਲੌਂਗੋਵਾਲੀਆ, ਗੁਰੀ ਤੂਰ, ਬੇਅੰਤ ਸਿੰਘ ਵੀ ਨਜ਼ਰੀਂ ਪੈਣਗੇ। ਪੰਜ ਦਰਿਆ ਯੂ.ਕੇ. ਨਾਲ ਗੱਲਬਾਤ ਦੌਰਾਨ ਡਾਇਰੈਕਟਰ ਸੁਖਮਿੰਦਰ ਧੰਜਲ ਨੇ ਕਿਹਾ ਕਿ "ਅਣਥੱਕ ਮਿਹਨਤ ਦਾ ਫਲ ਉਮੀਦ ਤੋਂ ਵੀ ਵਧੇਰੇ ਮਿੱਠਾ ਹੁੰਦਾ ਹੈ। ਸਾਡੀ ਕੋਸ਼ਿਸ਼ ਹੀ ਇਹ ਐ ਕਿ ਪੰਜਾਬੀ ਫਿਲਮਾਂ ਦੇ ਨਾਂ 'ਤੇ ਦਰਸ਼ਕ ਨੂੰ ਹਾਸੇ ਦੀ ਆੜ 'ਚ ਰੋਣ-ਹਾਕਾ ਨਾ ਕੀਤਾ ਜਾਵੇ। ਦਰਸ਼ਕ ਫਿਲਮ ਦੇਖ ਕੇ ਘਰ ਨੂੰ ਜਾਣ ਵੇਲੇ ਫਿਲਮ ਟੀਮ ਲਈ ਭੱਦੀ ਸ਼ਬਦਾਵਲੀ ਵਰਤ ਕੇ ਟਿਕਟ 'ਤੇ ਪੈਸਿਆਂ ਦੀ ਬਰਬਾਦੀ ਦਾ ਰੋਣਾ ਨਾ ਰੋਵੇ। ਸਾਡੀ ਮਿਹਨਤ ਦਾ ਜਸ ਦਰਸ਼ਕ ਖੁਦ ਗਾਉਣਗੇ, ਜਦੋਂ ਦੇਖਣਗੇ ਕਿ ਜਗਜੀਤ ਸੰਧੂ ਬਦਮਾਸ਼ ਬਣਨਾ ਕਿਉਂ ਚਾਹੁੰਦਾ ਹੈ?"

ਸੁਖਮਿੰਦਰ ਧੰਜਲ ਨੇ ਕਿਹਾ ਪੰਜਾਬੀ ਫਿਲਮ ਜਗਤ ਤੋਂ ਉਮੀਦਾਂ ਲਾਈ ਬੈਠੇ ਦਰਸ਼ਕਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਹਲਕੇ ਪੱਧਰ ਦੀ ਕਾਮੇਡੀ 'ਚੋਂ ਬਾਹਰ ਨਿਕਲਣ ਦੀ ਲੋੜ ਸੀ, ਅਸੀਂ ਓਸੇ ਕੋਸ਼ਿਸ਼ ਨੂੰ ਅਮਲੀ ਜਾਮਾ ਪਹਿਨਾਇਆ ਹੈ।

ਫਿਲਮ "ਬੇਬੇ ਮੈਂ ਬਦਮਾਸ਼ ਬਣੂੰਗਾ" ਦਾ ਟ੍ਰੇਲਰ ਦੇਖਦਿਆਂ ਮਹਿਸੂਸ ਹੁੰਦਾ ਹੈ ਕਿ ਸੁਖਮਿੰਦਰ ਧੰਜਲ ਇਸ ਫ਼ਿਲਮ ਰਾਹੀਂ ਕੁਝ ਨਿਵੇਕਲਾ ਕਰਨ ਜਾ ਰਹੇ ਹਨ। ਪੰਜਾਬੀ ਫਿਲਮ ਜਗਤ ਦੀ ਚੜ੍ਹਦੀ ਕਲਾ ਲਈ ਉਮੀਦਵਾਨ ਹੁੰਦਿਆਂ ਦੁਆ ਕਰਦੇ ਹਾਂ ਕਿ ਇਸ ਵਰ੍ਹੇ ਦੀ ਪਹਿਲੀ ਫਿਲਮ ਦਰਸ਼ਕਾਂ ਨੂੰ ਪਸੰਦ ਆਵੇ ਤੇ ਪੰਜਾਬੀ ਸਿਨੇਮਾ ਦੇ ਵੀ ਭਲੇ ਦਿਨ ਪਰਤਣ।

# ਅਮਰੀਕਾ ਵੱਲੋਂ ਹੈਤੀ ਨੂੰ ਖੁੱਲ੍ਹੀ ਚੇਤਾਵਨੀ; ਦੇਸ਼ ਨੂੰ ਹੋਰ ਅਸਥਿਰ ਕਰਨ ਦੀ ਕੋਸ਼ਿਸ਼ 'ਤੇ ਹੋਵੇਗੀ ਸਖਤ ਕਾਰਵਾਈ

**ਸੈਨ ਜੁਆਨ, (ਪੰਜਾਬ ਮੇਲ)**- ਹੈਤੀ ਵਿਚ ਲਗਾਤਾਰ ਵਧ ਰਹੀ ਹਿੰਸਾ ਅਤੇ ਸਿਆਸੀ ਅਸਥਿਰਤਾ ਦੇ ਵਿਚਕਾਰ ਅਮਰੀਕਾ ਨੇ ਸਖ਼ਤ ਰੁਖ਼ ਅਖਤਿਆਰ ਕਰ ਲਿਆ ਹੈ। ਅਮਰੀਕਾ ਨੇ ਹੈਤੀ ਦੀ ਅੰਤਰਿਮ ਕੌਂਸਲ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਉੱਥੋਂ ਦੇ ਸਿਆਸਤਦਾਨਾਂ ਨੇ ਦੇਸ਼ ਨੂੰ ਹੋਰ ਅਸਥਿਰ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਹੈਤੀ ਸਥਿਤ ਅਮਰੀਕੀ ਦੂਤਘਰ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਜਾਰੀ ਬਿਆਨ ਵਿਚ ਕਿਹਾ ਕਿ ਜੋ ਵੀ ਵਿਅਕਤੀ ਅਜਿਹੀ ਕਿਸੇ ਪਹਿਲ ਦਾ ਸਮਰਥਨ ਕਰਦਾ ਹੈ, ਜੋ ਗੈਂਗਾਂ ਨੂੰ ਫਾਇਦਾ ਪਹੁੰਚਾਉਂਦੀ ਹੈ, ਉਹ ਅਮਰੀਕਾ ਅਤੇ ਹੈਤੀ ਦੇ ਹਿੱਤਾਂ ਦੇ ਵਿਰੁੱਧ ਕੰਮ ਕਰ ਰਿਹਾ ਮੰਨਿਆ ਜਾਵੇਗਾ। ਅਮਰੀਕੀ ਵਿਦੇਸ਼ ਵਿਭਾਗ ਦੇ ਬਿਊਰੋ ਆਫ ਵੈਸਟਰਨ ਹੈਮੀਸਫੇਅਰ ਅਫੇਅਰਜ਼ ਨੇ ਹੈਤੀ ਦੀ ਸਥਿਤੀ ਲਈ ਉੱਥੋਂ ਦੇ ਭ੍ਰਿਸ਼ਟ ਸਿਆਸਤਦਾਨਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਬਿਊਰੋ ਨੇ ਦੋਸ਼ ਲਾਇਆ ਕਿ ਇਹ ਸਿਆਸਤਦਾਨ ਸੜਕਾਂ 'ਤੇ ਹਫੜਾ-ਦਫੜੀ ਮਚਾਉਣ ਲਈ ਗੈਂਗਾਂ ਦੀ ਵਰਤੋਂ ਕਰਦੇ ਹਨ ਅਤੇ ਫਿਰ ਇਸੇ ਹਫੜਾ-ਦਫੜੀ ਨੂੰ ਰੋਕਣ ਦੇ ਬਹਾਨੇ ਸਰਕਾਰ ਵਿਚ ਅਹੁਦੇ ਹਾਸਲ ਕਰਦੇ ਹਨ। ਅਮਰੀਕਾ ਨੇ ਅਜਿਹੇ ਨੇਤਾਵਾਂ ਨੂੰ 'ਦੇਸ਼ ਭਗਤ' ਨਹੀਂ, ਬਲਕਿ 'ਅਪਰਾਧੀ' ਕਰਾਰ ਦਿੱਤਾ ਹੈ।

ਇਹ ਚੇਤਾਵਨੀ ਅਜਿਹੇ ਸਮੇਂ ਆਈ ਹੈ, ਜਦੋਂ ਕੌਂਸਲ ਦੇ ਕੁਝ ਮੈਂਬਰਾਂ ਅਤੇ ਪ੍ਰਧਾਨ ਮੰਤਰੀ ਐਲਿਕਸ ਡਿਡੀਅਰ ਫਿਲਸ-ਐਮੇ ਵਿਚਕਾਰ ਮਤਭੇਦ ਡੂੰਘੇ ਹੋ ਗਏ ਹਨ। ਕੌਂਸਲ ਦੇ ਮੁਖੀ ਲਾਰੈਂਟ ਸੇਂਟ-ਸਾਈਰ ਨੇ ਵੀ ਕਿਸੇ ਵੀ ਅਜਿਹੇ ਕਦਮ ਦਾ ਵਿਰੋਧ ਕੀਤਾ ਹੈ, ਜੋ 7 ਫਰਵਰੀ ਦੀ ਮਿਆਦ ਤੋਂ ਪਹਿਲਾਂ ਸਰਕਾਰੀ ਸਥਿਰਤਾ ਨੂੰ ਕਮਜ਼ੋਰ ਕਰਦਾ ਹੋਵੇ। ਜ਼ਿਕਰਯੋਗ ਹੈ ਕਿ 7 ਫਰਵਰੀ ਨੂੰ ਕੌਂਸਲ ਦਾ ਕਾਰਜਕਾਲ ਖਤਮ ਹੋਣ ਵਾਲਾ ਹੈ, ਪਰ ਚੋਣਾਂ ਨਾ ਹੋਣ ਕਾਰਨ ਸਥਿਤੀ ਅਸਪੱਸ਼ਟ ਬਣੀ ਹੋਈ ਹੈ।

ਸੰਯੁਕਤ ਰਾਸ਼ਟਰ ਦੀ ਇੱਕ ਤਾਜ਼ਾ ਰਿਪੋਰਟ ਅਨੁਸਾਰ, ਹੈਤੀ ਦੀ ਰਾਜਧਾਨੀ ਪੋਰਟ-ਓ-ਪ੍ਰਿੰਸ ਦੇ ਲਗਭਗ 90 ਫੀਸਦੀ ਹਿੱਸੇ 'ਤੇ ਹਥਿਆਰਬੰਦ ਗੈਂਗਾਂ ਦਾ ਕਬਜ਼ਾ ਹੈ। ਪਿਛਲੇ ਸਾਲ ਜਨਵਰੀ ਤੋਂ ਨਵੰਬਰ ਦੇ ਵਿਚਕਾਰ ਦੇਸ਼ ਵਿਚ 8,100 ਤੋਂ ਵੱਧ ਹੱਤਿਆਵਾਂ ਦਰਜ ਕੀਤੀਆਂ ਗਈਆਂ ਹਨ। ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਨੇ ਵੀ ਇਸ ਗੰਭੀਰ ਸਥਿਤੀ 'ਤੇ ਚਿੰਤਾ ਜਤਾਉਂਦਿਆਂ ਕਿਹਾ ਹੈ ਕਿ ਹੈਤੀ ਕੋਲ ਹੁਣ ਆਪਸੀ ਸਿਆਸੀ ਲੜਾਈਆਂ ਵਿਚ ਬਰਬਾਦ ਕਰਨ ਲਈ ਬਿਲਕੁਲ ਵੀ ਸਮਾਂ ਨਹੀਂ ਬਚਿਆ ਹੈ।

# ਡਬਲਯੂ.ਐੱਚ.ਓ. ਤੋਂ ਵੱਖ ਹੋਇਆ ਅਮਰੀਕਾ

- ਜਿਨੇਵਾ ਸਥਿਤ ਹੈੱਡਕੁਆਰਟਰ ਤੋਂ ਉਤਾਰਿਆ ਆਪਣਾ ਝੰਡਾ

World Health Organization

**ਵਾਸ਼ਿੰਗਟਨ/ਜਿਨੇਵਾ, (ਪੰਜਾਬ ਮੇਲ)**- ਅਮਰੀਕਾ ਅਧਿਕਾਰਤ ਤੌਰ 'ਤੇ ਵਿਸ਼ਵ ਸਿਹਤ ਸੰਗਠਨ (ਡਬਲਯੂ.ਐੱਚ.ਓ.) ਤੋਂ ਵੱਖ ਹੋ ਗਿਆ ਹੈ। ਅਮਰੀਕੀ ਸਿਹਤ ਅਤੇ ਵਿਦੇਸ਼ ਵਿਭਾਗ ਨੇ ਬਿਆਨ ਜਾਰੀ ਕਰਕੇ ਐਲਾਨ ਕੀਤਾ ਹੈ ਕਿ ਅਮਰੀਕਾ ਹੁਣ ਇਸ ਸੰਸਥਾ ਦਾ ਮੈਂਬਰ ਨਹੀਂ ਰਿਹਾ। ਇਸ ਇਤਿਹਾਸਕ ਫੈਸਲੇ ਦੇ ਪ੍ਰਤੀਕ ਵਜੋਂ, ਸਵਿਟਜ਼ਰਲੈਂਡ ਦੇ ਜਿਨੇਵਾ ਵਿਚ ਸਥਿਤ ਡਬਲਯੂ.ਐੱਚ.ਓ. ਦੇ ਮੁੱਖ ਦਫਤਰ ਦੇ ਬਾਹਰੋਂ ਅਮਰੀਕੀ ਝੰਡਾ ਵੀ ਹਟਾ ਦਿੱਤਾ ਗਿਆ ਹੈ।

ਅਮਰੀਕਾ ਅਨੁਸਾਰ, ਇਹ ਕਦਮ ਕੋਵਿਡ-19 ਮਹਾਂਮਾਰੀ ਦੇ ਪ੍ਰਬੰਧਨ ਵਿਚ ਸੰਯੁਕਤ ਰਾਸ਼ਟਰ ਦੀ ਇਸ ਸਿਹਤ ਏਜੰਸੀ ਦੀਆਂ ਨਾਕਾਮੀਆਂ ਨੂੰ ਦਰਸਾਉਂਦਾ ਹੈ। ਰਾਸ਼ਟਰਪਤੀ ਟਰੰਪ ਨੇ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਡਬਲਯੂ.ਐੱਚ.ਓ. ਨੂੰ ਦਿੱਤੇ ਜਾਣ ਵਾਲੇ ਸਾਰੇ ਸਰਕਾਰੀ ਸਾਧਨਾਂ ਅਤੇ ਫੰਡਿੰਗ 'ਤੇ ਰੋਕ ਲਗਾ ਦਿੱਤੀ ਹੈ। ਅਮਰੀਕੀ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਸ ਸੰਗਠਨ ਕਾਰਨ ਦੇਸ਼ ਨੂੰ ਪਹਿਲਾਂ ਹੀ ਖਰਬਾਂ ਡਾਲਰ ਦਾ ਨੁਕਸਾਨ ਹੋ ਚੁੱਕਾ ਹੈ।

ਅਮਰੀਕਾ ਨੇ ਸਾਫ ਕਰ ਦਿੱਤਾ ਹੈ ਕਿ ਉਸ ਦੀ ਭਵਿੱਖ ਵਿਚ ਇਸ ਸੰਗਠਨ ਵਿਚ ਦੁਬਾਰਾ ਸ਼ਾਮਲ ਹੋਣ ਜਾਂ 'ਪਰਿਸ਼ਦ' (ਆਬਜ਼ਰਵਰ) ਵਜੋਂ ਕੰਮ ਕਰਨ ਦੀ ਕੋਈ ਯੋਜਨਾ ਨਹੀਂ ਹੈ। ਹੁਣ ਅਮਰੀਕਾ ਬਿਮਾਰੀਆਂ ਦੀ ਨਿਗਰਾਨੀ ਅਤੇ ਹੋਰ ਜਨਤਕ ਸਿਹਤ ਸੇਵਾਵਾਂ ਲਈ ਕਿਸੇ ਅੰਤਰਰਾਸ਼ਟਰੀ ਸੰਸਥਾ 'ਤੇ ਨਿਰਭਰ ਰਹਿਣ ਦੀ ਬਜਾਏ ਦੂਜੇ ਦੇਸ਼ਾਂ ਨਾਲ ਸਿੱਧੇ ਤੌਰ 'ਤੇ ਮਿਲ ਕੇ ਕੰਮ ਕਰੇਗਾ।

ਡਬਲਯੂ.ਐੱਚ.ਓ. ਮੁਤਾਬਕ, ਅਮਰੀਕਾ ਸਿਰ ਸਾਲ 2024 ਅਤੇ 2025 ਦੇ ਬਕਾਇਆ ਸ਼ੁਲਕ ਵਜੋਂ 26 ਕਰੋੜ ਡਾਲਰ (ਲਗਭਗ 2,100 ਕਰੋੜ ਰੁਪਏ) ਦੇਣਦਾਰੀ ਹੈ। ਹਾਲਾਂਕਿ, ਅਮਰੀਕੀ ਵਿਦੇਸ਼ ਵਿਭਾਗ ਨੇ ਇਨ੍ਹਾਂ ਦਾਅਵਿਆਂ ਨੂੰ ਖਾਰਜ ਕਰਦਿਆਂ ਕਿਹਾ ਹੈ ਕਿ ਅਮਰੀਕੀ ਜਨਤਾ ਪਹਿਲਾਂ ਹੀ ਬਹੁਤ ਭੁਗਤਾਨ ਕਰ ਚੁੱਕੀ ਹੈ ਅਤੇ ਬਾਹਰ ਨਿਕਲਣ ਲਈ ਅਜਿਹੀ ਕੋਈ ਕਾਨੂੰਨੀ ਸ਼ਰਤ ਨਹੀਂ ਹੈ। ਦੂਜੇ ਪਾਸੇ, ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਅਮਰੀਕੀ ਕਾਨੂੰਨ ਦੀ ਉਲੰਘਣਾ ਹੋ ਸਕਦੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਟੈਰਿਫ ਵਧਾਉਣ ਦੀਆਂ ਧਮਕੀਆਂ ਨੇ ਯੂਰਪੀਅਨ ਯੂਨੀਅਨ ਨੂੰ ਕੀਤਾ ਚੌਕਸ

**ਵਾਸ਼ਿੰਗਟਨ/ਬ੍ਰਸਲਜ਼, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਗ੍ਰੀਨਲੈਂਡ ਨੂੰ ਲੈ ਕੇ ਦਿੱਤੇ ਗਏ ਹਮਲਾਵਰ ਬਿਆਨਾਂ ਅਤੇ ਟੈਰਿਫ ਵਧਾਉਣ ਦੀਆਂ ਧਮਕੀਆਂ ਨੇ ਯੂਰਪੀਅਨ ਯੂਨੀਅਨ (ਈ.ਯੂ.) ਨੂੰ ਚੌਕਸ ਕਰ ਦਿੱਤਾ ਹੈ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨੇ ਯੂਰਪੀਅਨ ਯੂਨੀਅਨ ਨੂੰ ਅਮਰੀਕਾ ਦੇ ਖਿਲਾਫ ਸਖ਼ਤ ਵਪਾਰਕ ਜਵਾਬੀ ਕਾਰਵਾਈ ਕਰਨ ਲਈ ਤਿਆਰ ਰਹਿਣ ਲਈ ਕਿਹਾ ਹੈ, ਜਿਸ ਨੂੰ ਗੈਰ-ਅਧਿਕਾਰਤ ਤੌਰ 'ਤੇ 'ਟ੍ਰੇਡ ਬਾਜ਼ੂਕਾ' ਕਿਹਾ ਜਾ ਰਿਹਾ ਹੈ। ਇਸ ਦਾ ਅਧਿਕਾਰਤ ਨਾਂ ਐਂਟੀ-ਕੋਅਰਸ਼ਨ ਇੰਸਟਰੂਮੈਂਟ ਹੈ। ਇਹ ਇਕ ਅਜਿਹੀ ਵਿਵਸਥਾ ਹੈ, ਜਿਸ ਤਹਿਤ ਯੂਰਪੀਅਨ ਯੂਨੀਅਨ ਉਨ੍ਹਾਂ ਦੇਸ਼ਾਂ ਜਾਂ ਕੰਪਨੀਆਂ ਵਿਰੁੱਧ ਸਖ਼ਤ ਕਾਰਵਾਈ ਕਰ ਸਕਦੀ ਹੈ, ਜੋ ਯੂਰਪ 'ਤੇ ਆਰਥਿਕ ਜਾਂ ਰਾਜਨੀਤਿਕ ਦਬਾਅ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਜੇਕਰ ਇਸ ਨੂੰ ਲਾਗੂ ਕੀਤਾ ਜਾਂਦਾ ਹੈ, ਤਾਂ ਅਮਰੀਕੀ ਕੰਪਨੀਆਂ ਦੇ ਯੂਰਪੀਅਨ ਬਾਜ਼ਾਰ 'ਚ ਦਾਖਲੇ 'ਤੇ ਰੋਕ ਲਗਾਈ ਜਾ ਸਕਦੀ ਹੈ ਅਤੇ ਉਨ੍ਹਾਂ ਨੂੰ ਸਰਕਾਰੀ ਟੈਂਡਰਾਂ ਤੋਂ ਬਾਹਰ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ, ਵਿਦੇਸ਼ੀ ਨਿਵੇਸ਼ ਅਤੇ ਆਯਾਤ-ਨਿਰਯਾਤ 'ਤੇ ਵੀ ਪਾਬੰਦੀਆਂ ਲੱਗ ਸਕਦੀਆਂ ਹਨ, ਜਿਸ ਨਾਲ ਅਮਰੀਕਾ ਨੂੰ ਅਰਬਾਂ ਡਾਲਰਾਂ ਦਾ ਨੁਕਸਾਨ ਹੋ ਸਕਦਾ ਹੈ।

ਦਾਵੋਸ ਵਿਚ ਬੋਲਦਿਆਂ ਮੈਕਰੋਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਅਮਰੀਕਾ ਨਵੇਂ ਟੈਰਿਫ ਲਗਾਉਂਦਾ ਹੈ ਤਾਂ ਈ.ਯੂ. ਨੂੰ ਪਹਿਲੀ ਵਾਰ ਇਸ ਸ਼ਕਤੀਸ਼ਾਲੀ ਹਥਿਆਰ ਦੀ ਵਰਤੋਂ ਕਰਨੀ ਪੈ ਸਕਦੀ ਹੈ। ਉਨ੍ਹਾਂ ਕਿਹਾ ਕਿ ਆਪਣੇ ਸਹਿਯੋਗੀ ਵਿਰੁੱਧ ਅਜਿਹਾ ਕਦਮ ਚੁੱਕਣਾ 'ਪਾਗਲਪਨ' ਹੋਵੇਗਾ ਅਤੇ ਬਿਹਤਰ ਹੁੰਦਾ ਕਿ ਸਾਰਾ ਧਿਆਨ ਯੂਕਰੇਨ ਵਿਚ ਸ਼ਾਂਤੀ ਸਥਾਪਤ ਕਰਨ 'ਤੇ ਲਗਾਇਆ ਜਾਂਦਾ, ਪਰ ਅਮਰੀਕਾ ਦੀ ਬੇਵਜ੍ਹਾ ਦੀ ਹਮਲਾਵਰਤਾ ਉਨ੍ਹਾਂ ਨੂੰ ਮਜਬੂਰ ਕਰ ਸਕਦੀ ਹੈ।

**Editorial Board**

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh

**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਬੰਗਲਾਦੇਸ਼ ਦੀ ਥਾਂ ਸਕਾਟਲੈਂਡ ਖੇਡੇਗਾ ਟੀ-20 ਵਿਸ਼ਵ ਕੱਪ

**■ ਆਈ.ਸੀ.ਸੀ. ਨੇ ਬੀ.ਸੀ.ਬੀ. ਨੂੰ ਪੱਤਰ ਭੇਜ ਕੇ ਦਿੱਤੀ ਜਾਣਕਾਰੀ; ਬੰਗਲਾਦੇਸ਼ ਨੇ ਸੁਰੱਖਿਆ ਕਾਰਨਾਂ ਕਰ ਕੇ ਭਾਰਤ ਵਿਚ ਖੇਡਣ ਤੋਂ ਕੀਤਾ ਸੀ ਇਨਕਾਰ**




**ਨਵੀਂ ਦਿੱਲੀ, (ਪੰਜਾਬ ਮੇਲ)-** ਇੰਟਰਨੈਸ਼ਨਲ ਕ੍ਰਿਕਟ ਕਾਊਂਸਲ (ਆਈ.ਸੀ.ਸੀ.) ਨੇ ਬੰਗਲਾਦੇਸ਼ ਦੀ ਥਾਂ ਸਕਾਟਲੈਂਡ ਦੀ ਟੀਮ ਨੂੰ ਆਉਣ ਵਾਲੇ ਟੀ-20 ਵਿਸ਼ਵ ਕੱਪ ਵਿਚ ਸ਼ਾਮਲ ਕਰ ਲਿਆ ਹੈ। ਆਈ.ਸੀ.ਸੀ. ਨੇ ਇਸ ਸਬੰਧੀ ਬੰਗਲਾਦੇਸ਼ ਕ੍ਰਿਕਟ ਬੋਰਡ (ਬੀ.ਸੀ.ਬੀ.) ਨੂੰ ਅਧਿਕਾਰਤ ਤੌਰ 'ਤੇ ਸੂਚਿਤ ਕਰ ਦਿੱਤਾ ਹੈ। ਇਹ ਫੈਸਲਾ ਆਈ.ਸੀ.ਸੀ. ਦੇ ਚੇਅਰਮੈਨ ਜੈ ਸ਼ਾਹ ਤੇ ਹੋਰ ਸੀਨੀਅਰ ਅਧਿਕਾਰੀਆਂ ਨੇ ਦੁਬਈ ਵਿਚ ਲਿਆ ਤੇ ਇਸ ਸਬੰਧੀ ਦੇਰ ਸ਼ਾਮ ਬੀ.ਸੀ.ਬੀ. ਦੇ ਚੇਅਰਮੈਨ ਅਮੀਨੁਲ ਇਸਲਾਮ ਬੁਲਬੁਲ ਨੂੰ ਈਮੇਲ ਭੇਜ ਕੇ ਗਲੋਬਲ ਬਾਡੀ ਦੇ ਫੈਸਲੇ ਬਾਰੇ ਜਾਣਕਾਰੀ ਦਿੱਤੀ ਗਈ ਹੈ।

ਆਈ.ਸੀ.ਸੀ. ਦੇ ਇਕ ਅਧਿਕਾਰੀ ਨੇ ਦੱਸਿਆ ਕਿ ਬੀ.ਸੀ.ਬੀ. ਦੇ ਚੇਅਰਮੈਨ ਨੂੰ ਇੱਕ ਈਮੇਲ ਭੇਜੀ ਗਈ ਸੀ, ਜਿਸ ਵਿਚ ਉਨ੍ਹਾਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਉਨ੍ਹਾਂ ਦੇ ਬੋਰਡ ਨੇ 24 ਘੰਟੇ ਦੀ ਸਮਾਂ ਸੀਮਾ ਤੋਂ ਬਾਅਦ ਅਧਿਕਾਰਤ ਤੌਰ 'ਤੇ ਆਈ.ਸੀ.ਸੀ. ਨਾਲ ਸੰਪਰਕ ਨਹੀਂ ਕੀਤਾ ਤੇ ਨਾ ਹੀ ਭਾਰਤ ਖੇਡਣ ਆਉਣ ਬਾਰੇ ਦੱਸਿਆ। ਬੰਗਲਾਦੇਸ਼ ਵਲੋਂ ਭਾਰਤ ਵਿਚ ਖੇਡਣ ਤੋਂ ਇਨਕਾਰ ਕਰਨ 'ਤੇ ਸਕਾਟਲੈਂਡ ਦੀ ਟੀਮ ਨੂੰ ਵਿਸ਼ਵ ਕੱਪ ਵਿਚ ਬੰਗਲਾਦੇਸ਼ ਦੀ ਥਾਂ ਸ਼ਾਮਲ ਕੀਤਾ ਗਿਆ ਹੈ।

ਇਸ ਤਰ੍ਹਾਂ ਸਕਾਟਲੈਂਡ ਆਪਣੇ ਚਾਰ ਗਰੁੱਪ ਲੀਗ ਮੈਚ ਵੈਸਟ ਇੰਡੀਜ਼ (7 ਫਰਵਰੀ), ਇਟਲੀ (9 ਫਰਵਰੀ) ਅਤੇ ਇੰਗਲੈਂਡ (14 ਫਰਵਰੀ) ਵਿਰੁੱਧ ਕੋਲਕਾਤਾ ਵਿਚ ਖੇਡੇਗਾ ਅਤੇ ਉਸ ਤੋਂ ਬਾਅਦ 17 ਫਰਵਰੀ ਨੂੰ ਮੁੰਬਈ ਵਿਚ ਨੇਪਾਲ ਵਿਰੁੱਧ ਮੈਚ ਖੇਡੇਗਾ।

ਬੰਗਲਾਦੇਸ਼ ਕ੍ਰਿਕਟ ਬੋਰਡ ਨੇ ਭਾਵੇਂ ਆਈ.ਸੀ.ਸੀ. ਦੀ ਵਿਵਾਦ ਨਿਪਟਾਰਾ ਕਮੇਟੀ (ਡੀ.ਆਰ.ਸੀ.) ਨੂੰ ਪੱਤਰ ਲਿਖ ਕੇ ਅਪੀਲ ਕੀਤੀ ਹੈ ਕਿ ਉਹ ਭਾਰਤ ਦੀ ਥਾਂ ਸ੍ਰੀਲੰਕਾ ਵਿਚ ਟੀ-20 ਵਿਸ਼ਵ ਕੱਪ ਮੈਚ ਕਰਵਾਉਣ ਬਾਰੇ ਫੈਸਲਾ ਲਵੇ ਪਰ ਬੰਗਲਾਦੇਸ਼ ਦੀ ਅਪੀਲ 'ਤੇ ਸੁਣਵਾਈ ਨਹੀਂ ਹੋਵੇਗੀ ਕਿਉਂਕਿ ਇਹ ਮਾਮਲਾ ਇਸ ਕਮੇਟੀ ਦੇ ਅਧਿਕਾਰ ਖੇਤਰ ਤੋਂ ਬਾਹਰ ਹੈ।

ਬੰਗਲਾਦੇਸ਼ ਦੇ ਇਕ ਅਧਿਕਾਰੀ ਨੇ ਕਿਹਾ ਸੀ ਕਿ ਬੀ.ਸੀ.ਬੀ. ਨੇ ਆਈ.ਸੀ.ਸੀ. ਦੇ ਡੀ.ਆਰ.ਸੀ. ਨਾਲ ਸੰਪਰਕ ਕੀਤਾ ਹੈ। ਜੇਕਰ ਡੀ.ਆਰ.ਸੀ. ਬੀ.ਸੀ.ਬੀ. ਖ਼ਿਲਾਫ਼ ਫੈਸਲਾ ਸੁਣਾਉਂਦੀ ਹੈ, ਤਾਂ ਇਸ ਤੋਂ ਬਾਅਦ ਇਕ ਹੀ ਸੰਸਥਾ ਰਹਿ ਜਾਂਦੀ ਹੈ, ਜਿਸ ਨਾਲ ਇਸ ਮਾਮਲੇ 'ਤੇ ਸੰਪਰਕ ਕੀਤਾ ਜਾ ਸਕਦਾ ਹੈ, ਇਹ ਸੰਸਥਾ ਸਵਿਟਜ਼ਰਲੈਂਡ ਵਿਚ ਕੋਰਟ ਆਫ਼ ਆਰਬੀਟਰੇਸ਼ਨ ਆਫ਼ ਸਪੋਰਟਸ (ਸੀ.ਏ.ਐੱਸ.) ਹੈ।

ਇਸ ਤੋਂ ਇਕ ਦਿਨ ਪਹਿਲਾਂ ਬੰਗਲਾਦੇਸ਼ ਕ੍ਰਿਕਟ ਬੋਰਡ (ਬੀ.ਸੀ.ਬੀ.) ਨੇ ਅੰਤਰਰਾਸ਼ਟਰੀ ਕ੍ਰਿਕਟ ਕੌਂਸਲ (ਆਈ.ਸੀ.ਸੀ.) ਦੀ ਸੁਤੰਤਰ ਵਿਵਾਦ ਨਿਪਟਾਰਾ ਕਮੇਟੀ (ਡੀ.ਆਰ.ਸੀ.) ਨੂੰ ਆਉਣ ਵਾਲੇ ਆਈ.ਸੀ.ਸੀ. ਟੀ-20 ਵਿਸ਼ਵ ਕੱਪ ਲਈ ਬੰਗਲਾਦੇਸ਼ ਦੇ ਮੈਚਾਂ ਨੂੰ ਭਾਰਤ ਤੋਂ ਬਾਹਰ ਤਬਦੀਲ ਕਰਨ ਬਾਰੇ ਦਖਲ ਦੇਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਸੰਸਥਾ ਬੰਗਲਾਦੇਸ਼ ਦੇ ਖਿਡਾਰੀਆਂ ਦੇ ਹਿੱਤ ਅਨੁਸਾਰ ਫੈਸਲਾ ਲਵੇ ਤੇ ਮੈਚ ਭਾਰਤ ਦੀ ਥਾਂ ਸ੍ਰੀਲੰਕਾ ਵਿਚ ਕਰਵਾਏ ਜਾਣ।

ਆਈ.ਸੀ.ਸੀ. ਵਿਵਾਦ ਨਿਪਟਾਰਾ ਕਮੇਟੀ ਇੱਕ ਸੁਤੰਤਰ ਸਾਲਸੀ ਸੰਸਥਾ ਹੈ, ਜੋ ਆਈ.ਸੀ.ਸੀ., ਇਸ ਦੇ ਮੈਂਬਰ ਬੋਰਡਾਂ, ਖਿਡਾਰੀਆਂ ਅਤੇ ਅਧਿਕਾਰੀਆਂ ਨਾਲ ਜੁੜੇ ਵਿਵਾਦਾਂ ਨਾਲ ਨਜਿੱਠਦੀ ਹੈ।

# ਟੀ-20 ਵਿਸ਼ਵ ਕੱਪ: ਪਾਕਿਸਤਾਨ ਦੇ ਵਿਸ਼ਵ ਕੱਪ ਵਿੱਚ ਸ਼ਾਮਲ ਹੋਣ ਬਾਰੇ ਹਾਲੇ ਨਾ ਬਣੀ ਸਹਿਮਤੀ

**ਲਾਹੌਰ, (ਪੰਜਾਬ ਮੇਲ)-** ਪਾਕਿਸਤਾਨ ਕ੍ਰਿਕਟ ਬੋਰਡ (ਪੀ.ਸੀ.ਬੀ.) ਟੀ-20 ਵਿਸ਼ਵ ਕੱਪ ਵਿਚ ਹਿੱਸਾ ਲੈਣ ਬਾਰੇ ਅੰਤਿਮ ਫੈਸਲਾ ਕੁਝ ਦਿਨਾਂ ਬਾਅਦ ਲਵੇਗਾ। ਪੀ.ਸੀ.ਬੀ. ਦੇ ਚੇਅਰਮੈਨ ਮੋਹਸਿਨ ਨਕਵੀ ਨੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨਾਲ ਮੁਲਾਕਾਤ ਕੀਤੀ ਤੇ ਇਸ ਤੋਂ ਬਾਅਦ ਨਕਵੀ ਨੇ ਸੋਸ਼ਲ ਮੀਡੀਆ 'ਤੇ ਪੁਸ਼ਟੀ ਕੀਤੀ ਕਿ ਉਨ੍ਹਾਂ ਪ੍ਰਧਾਨ ਮੰਤਰੀ ਨਾਲ ਇਸ ਮੁੱਦੇ 'ਤੇ ਵਿਸਥਾਰ ਨਾਲ ਚਰਚਾ ਕੀਤੀ। ਇਹ ਵੀ ਚਰਚੇ ਹਨ ਕਿ ਪਾਕਿਸਤਾਨ ਇਸ ਟੂਰਨਾਮੈਂਟ ਦਾ ਬਾਈਕਾਟ ਕਰ ਸਕਦਾ ਹੈ ਪਰ ਜੇ ਪਾਕਿਸਤਾਨ ਇਸ ਟੂਰਨਾਮੈਂਟ ਵਿਚ ਸ਼ਾਮਲ ਹੋਇਆ, ਤਾਂ ਉਸ ਦੇ ਭਾਰਤ ਨਾਲ ਹੋਣ ਵਾਲੇ ਮੈਚ ਦਾ ਬਾਈਕਾਟ ਕਰਨ ਦੀ ਵੀ ਸੰਭਾਵਨਾ ਹੈ।ਨਕਵੀ ਨੇ ਟਵੀਟ ਕਰ ਕੇ ਕਿਹਾ, 'ਮੇਰੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਹੋਈ ਅਤੇ ਉਨ੍ਹਾਂ ਨੂੰ ਆਈ.ਸੀ.ਸੀ. ਮਾਮਲੇ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਇਹ ਸਹਿਮਤੀ ਬਣੀ ਕਿ ਅੰਤਿਮ ਫੈਸਲਾ ਸ਼ੁੱਕਰਵਾਰ ਜਾਂ ਅਗਲੇ ਸੋਮਵਾਰ ਨੂੰ ਲਿਆ ਜਾਵੇਗਾ।'ਸੂਤਰਾਂ ਅਨੁਸਾਰ ਪ੍ਰਧਾਨ ਮੰਤਰੀ ਸ਼ਰੀਫ ਨੇ ਨਕਵੀ ਨੂੰ ਕਿਹਾ ਕਿ ਪਾਕਿਸਤਾਨ ਨੂੰ ਬੰਗਲਾਦੇਸ਼ ਨੂੰ ਹਰ ਸੰਭਵ ਸਹਾਇਤਾ ਦੇਣੀ ਚਾਹੀਦੀ ਹੈ, ਜਿਸ ਨੂੰ ਹਾਲ ਹੀ ਵਿਚ 7 ਫਰਵਰੀ ਤੋਂ ਸ਼ੁਰੂ ਹੋਣ ਵਾਲੇ ਟੂਰਨਾਮੈਂਟ ਵਿਚੋਂ ਬਾਹਰ ਕਰ ਦਿੱਤਾ ਗਿਆ ਹੈ।ਸੂਤਰਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਸਾਰੇ ਪੱਖਾਂ ਬਾਰੇ ਜਾਣਕਾਰੀ ਦਿੱਤੀ ਗਈ, ਜਿਸ ਵਿਚ ਪਾਕਿਸਤਾਨ ਵੱਲੋਂ ਵਿਸ਼ਵ ਕੱਪ ਲਈ ਆਪਣੀ ਟੀਮ ਨਾ ਭੇਜਣ ਜਾਂ ਟੂਰਨਾਮੈਂਟ ਵਿਚ ਹਿੱਸਾ ਨਾ ਲੈਣ ਦੀ ਸੰਭਾਵਨਾ ਸ਼ਾਮਲ ਹੈ। ਇਹ ਵੀ ਚਰਚੇ ਹਨ ਕਿ ਪਾਕਿਸਤਾਨ 15 ਫਰਵਰੀ ਨੂੰ ਭਾਰਤ ਨਾਲ ਹੋਣ ਵਾਲੇ ਹਾਈ-ਪ੍ਰੋਫਾਈਲ ਮੈਚ ਦਾ ਬਾਈਕਾਟ ਵੀ ਕਰ ਸਕਦਾ ਹੈ।

# ਯੂ.ਕੇ. 'ਚ ਵੀ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਲੱਗ ਸਕਦੀ ਹੈ ਪਾਬੰਦੀ

**ਲੰਡਨ, (ਪੰਜਾਬ ਮੇਲ)-** ਬਰਤਾਨੀਆ ਦੀ ਸਰਕਾਰ ਸਲਾਹ ਕਰ ਰਹੀ ਹੈ ਕਿ ਕੀ ਯੂ.ਕੇ. 'ਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ? ਇਸਦੇ ਨਾਲ ਹੀ 'ਤੁਰੰਤ ਪ੍ਰਭਾਵ ਨਾਲ' ਆਫਸਟੇਡ ਨੂੰ ਸਕੂਲਾਂ 'ਚ ਫ਼ੋਨ ਦੀ ਵਰਤੋਂ ਬਾਰੇ ਨੀਤੀਆਂ ਦੀ ਜਾਂਚ ਕਰਨ ਦੀ ਸ਼ਕਤੀ ਦੇਵੇਗੀ ਤੇ ਇਸ ਐਲਾਨ ਦੇ ਨਤੀਜੇ ਵਜੋਂ ਸਕੂਲ 'ਡਿਫਾਲਟ ਤੌਰ 'ਤੇ ਫ਼ੋਨ-ਮੁਕਤ' ਹੋਣ ਦੀ ਉਮੀਦ ਕਰਦੇ ਹਨ। ਇਸ ਤਰ੍ਹਾਂ ਦੀ ਪਾਬੰਦੀ ਦਸੰਬਰ 2025 'ਚ ਆਸਟ੍ਰੇਲੀਆ 'ਚ ਵੀ ਲਾਗੂ ਹੋਈ ਸੀ, ਜੋ ਕਿ ਦੁਨੀਆਂ 'ਚ ਆਪਣੀ ਕਿਸਮ ਦੀ ਪਹਿਲੀ ਸੀ। ਕਿਹਾ ਜਾਂਦਾ ਹੈ ਕਿ ਹੋਰ ਦੇਸ਼ ਅਜਿਹੇ ਕਾਨੂੰਨ 'ਤੇ ਵਿਚਾਰ ਕਰ ਰਹੇ ਹਨ। ਯੂ.ਕੇ. ਦੇ 60 ਤੋਂ ਵੱਧ ਲੇਬਰ ਸੰਸਦ ਮੈਂਬਰਾਂ ਵੱਲੋਂ ਇਸ ਮੁੱਦੇ ਬਾਰੇ ਪ੍ਰਧਾਨ ਮੰਤਰੀ ਨੂੰ ਲਿਖਿਆ ਗਿਆ ਹੈ। ਬਰਤਾਨੀਆ ਦੀ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਵੀ ਇਸ ਪਾਬੰਦੀ ਦਾ ਸਮਰਥਨ ਕਰਦੀ ਹੈ।

# ਕੈਨੇਡਾ ਦੀ ਕਾਰਨੀ ਸਰਕਾਰ ਖਿਲਾਫ਼ 31 ਜਨਵਰੀ ਨੂੰ ਦੇਸ਼ ਪੱਧਰੀ ਪ੍ਰਦਰਸ਼ਨਾਂ ਦਾ ਐਲਾਨ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਵਿੱਚ 31 ਜਨਵਰੀ ਨੂੰ ਇੱਕ ਵੱਡਾ ਰਾਜਨੀਤਿਕ ਅਤੇ ਸਮਾਜਿਕ ਹੰਗਾਮਾ ਦੇਖਣ ਨੂੰ ਮਿਲ ਸਕਦਾ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਲੋਕਾਂ ਨੇ ਇੱਕਜੁੱਟ ਹੋ ਕੇ 'ਦੇਸ਼-ਵਿਆਪੀ ਪ੍ਰਦਰਸ਼ਨ' ਦਾ ਸੱਦਾ ਦਿੱਤਾ ਹੈ। ਇਸ ਤਹਿਤ ਕੈਨੇਡਾ ਦੇ ਪੂਰਬੀ ਤੱਟ ਤੋਂ ਲੈ ਕੇ ਪੱਛਮੀ ਤੱਟ ਤੱਕ ਦੇ ਮੁੱਖ ਸ਼ਹਿਰਾਂ ਵਿਚ ਹਜ਼ਾਰਾਂ ਲੋਕ ਸੜਕਾਂ 'ਤੇ ਉਤਰ ਕੇ ਸਰਕਾਰ ਵਿਰੁੱਧ ਆਪਣਾ ਰੋਸ ਪ੍ਰਗਟ ਕਰਨਗੇ।

ਇਨ੍ਹਾਂ ਪ੍ਰਦਰਸ਼ਨਾਂ ਦਾ ਮੁੱਖ ਉਦੇਸ਼ ਮੌਜੂਦਾ ਸਿਆਸੀ ਅਗਵਾਈ ਤੋਂ ਜਵਾਬਦੇਹੀ ਦੀ ਮੰਗ ਕਰਨਾ ਹੈ। ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਦੇਸ਼ ਨੂੰ ਇਸ ਸਮੇਂ 'ਅਸਲ ਅਗਵਾਈ' ਦੀ ਲੋੜ ਹੈ। ਸੋਸ਼ਲ ਮੀਡੀਆ ਅਤੇ ਵੱਖ-ਵੱਖ ਜਥੇਬੰਦੀਆਂ ਰਾਹੀਂ ਲੋਕਾਂ ਨੂੰ ਜਨਤਕ ਥਾਵਾਂ 'ਤੇ ਇਕੱਠੇ ਹੋਣ ਦੀ ਅਪੀਲ ਕੀਤੀ ਜਾ ਰਹੀ ਹੈ, ਤਾਂ ਜੋ ਸਾਂਝੀ ਆਵਾਜ਼ ਬੁਲੰਦ ਕੀਤੀ ਜਾ ਸਕੇ।

ਜਾਣਕਾਰੀ ਅਨੁਸਾਰ ਟੋਰਾਂਟੋ, ਵੈਨਕੂਵਰ, ਕੈਲਗਰੀ, ਐਡਮੰਟਨ ਅਤੇ ਰਾਜਧਾਨੀ ਓਟਾਵਾ ਵਰਗੇ ਵੱਡੇ ਸ਼ਹਿਰਾਂ ਵਿਚ ਪ੍ਰਦਰਸ਼ਨਾਂ ਦੀ ਰੂਪ-ਰੇਖਾ ਤਿਆਰ ਕਰ ਲਈ ਗਈ ਹੈ। ਪ੍ਰਦਰਸ਼ਨਕਾਰੀ ਵੱਖ-ਵੱਖ ਮੁੱਦਿਆਂ 'ਤੇ ਕਾਰਨੀ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰ ਰਹੇ ਹਨ ਅਤੇ ਪਾਰਦਰਸ਼ੀ ਪ੍ਰਸ਼ਾਸਨ ਦੀ ਮੰਗ ਕਰ ਰਹੇ ਹਨ।

31 ਜਨਵਰੀ ਨੂੰ ਹੋਣ ਵਾਲੇ ਇਸ ਵਿਸ਼ਾਲ ਇਕੱਠ ਨੂੰ ਦੇਖਦੇ ਹੋਏ ਵੱਖ-ਵੱਖ ਸ਼ਹਿਰਾਂ ਦੀ ਪੁਲਿਸ ਨੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕਰਨੇ ਸ਼ੁਰੂ ਕਰ ਦਿੱਤੇ ਹਨ। ਪ੍ਰਸ਼ਾਸਨ ਵੱਲੋਂ ਅਪੀਲ ਕੀਤੀ ਗਈ ਹੈ ਕਿ ਪ੍ਰਦਰਸ਼ਨ ਸ਼ਾਂਤਮਈ ਰੱਖਿਆ ਜਾਵੇ, ਤਾਂ ਜੋ ਆਮ ਜਨ-ਜੀਵਨ ਵਿਚ ਵਿਘਨ ਨਾ ਪਵੇ।

ਹਾਲਾਂਕਿ ਇਸ ਪ੍ਰਦਰਸ਼ਨ ਦੇ ਪਿੱਛੇ ਕਈ ਸਥਾਨਕ ਅਤੇ ਰਾਸ਼ਟਰੀ ਮੁੱਦੇ ਜੁੜੇ ਹੋਏ ਹਨ, ਪਰ ਮੁੱਖ ਤੌਰ 'ਤੇ ਲੋਕ ਸਰਕਾਰੀ ਫੈਸਲਿਆਂ ਵਿਚ ਪਾਰਦਰਸ਼ਤਾ, ਆਰਥਿਕ ਨੀਤੀਆਂ ਅਤੇ ਰਹਿਣ-ਸਹਿਣ ਦੀ ਵਧਦੀ ਲਾਗਤ, ਲੀਡਰਸ਼ਿਪ ਵਿਚ ਬਦਲਾਅ ਅਤੇ ਜ਼ਿੰਮੇਵਾਰੀ ਦੀ ਭਾਵਨਾ ਦੀ ਮੰਗ ਕਰ ਰਹੇ ਹਨ। ਇਹ ਪ੍ਰਦਰਸ਼ਨ ਕੈਨੇਡਾ ਦੀ ਮੌਜੂਦਾ ਰਾਜਨੀਤਿਕ ਸਥਿਤੀ ਵਿਚ ਇੱਕ ਮਹੱਤਵਪੂਰਨ ਮੋੜ ਸਾਬਤ ਹੋ ਸਕਦਾ ਹੈ, ਕਿਉਂਕਿ ਦੇਸ਼ ਭਰ ਵਿਚ ਇੱਕੋ ਦਿਨ ਇੰਨੇ ਵੱਡੇ ਪੱਧਰ 'ਤੇ ਇਕੱਠ ਹੋਣਾ ਇੱਕ ਵੱਡੀ ਚੁਣੌਤੀ ਵਜੋਂ ਦੇਖਿਆ ਜਾ ਰਿਹਾ ਹੈ।

**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਬਦਰੀਨਾਥ ਤੇ ਕੇਦਾਰਨਾਥ ਮੰਦਰਾਂ 'ਚ ਗੈਰ-ਹਿੰਦੂਆਂ ਦੇ ਦਾਖਲੇ 'ਤੇ ਲੱਗ ਸਕਦੀ ਹੈ ਪਾਬੰਦੀ

**■ ਪ੍ਰਸਤਾਵ ਨੂੰ ਇਸ ਹਫ਼ਤੇ ਮਨਜ਼ੂਰੀ ਮਿਲਣ ਦੀ ਸੰਭਾਵਨਾ**

**ਦੇਹਰਾਦੂਨ, (ਪੰਜਾਬ ਮੇਲ)-** ਬਦਰੀਨਾਥ, ਕੇਦਾਰਨਾਥ ਅਤੇ ਗੰਗੋਤਰੀ ਮੰਦਰਾਂ ਵਿਚ ਗੈਰ-ਹਿੰਦੂਆਂ ਦੇ ਦਾਖਲੇ 'ਤੇ ਪਾਬੰਦੀ ਲੱਗ ਸਕਦੀ ਹੈ, ਜਿਸ ਸਬੰਧੀ ਪ੍ਰਸਤਾਵ ਨੂੰ ਇਸ ਹਫ਼ਤੇ ਦੇ ਅੰਤ ਵਿਚ ਮਨਜ਼ੂਰੀ ਮਿਲਣ ਦੀ ਸੰਭਾਵਨਾ ਹੈ। ਇਕ ਮੰਦਰ ਕਮੇਟੀ ਦੇ ਅਧਿਕਾਰੀ ਨੇ ਦੱਸਿਆ ਕਿ ਇਸ ਸਬੰਧੀ ਸਾਰੀਆਂ ਧਿਰਾਂ ਨੇ ਸਹਿਮਤੀ ਜਤਾ ਦਿੱਤੀ ਹੈ। ਹਾਲਾਂਕਿ, ਚਾਰ ਪਵਿੱਤਰ ਸਥਾਨਾਂ ਵਿਚੋਂ ਇਕ ਯਮੁਨੋਤਰੀ ਮੰਦਰ ਕਮੇਟੀ ਨੇ ਹਾਲੇ ਤੱਕ ਇਸ ਮਾਮਲੇ 'ਤੇ ਕੋਈ ਫੈਸਲਾ ਨਹੀਂ ਹੈ।

ਬਦਰੀਨਾਥ ਕੇਦਾਰਨਾਥ ਮੰਦਰ ਕਮੇਟੀ ਦੇ ਚੇਅਰਮੈਨ ਹੇਮੰਤ ਦਿਵੇਦੀ ਨੇ ਦੱਸਿਆ ਕਿ ਕਮੇਟੀ ਨੇ ਮੰਦਰ ਖੇਤਰਾਂ ਵਿਚ ਗੈਰ-ਹਿੰਦੂਆਂ ਦੇ ਦਾਖਲੇ 'ਤੇ ਪਾਬੰਦੀ ਲਗਾਉਣ ਬਾਰੇ ਸੰਤਾਂ, ਤੀਰਥ ਪੁਜਾਰੀਆਂ ਅਤੇ ਸਥਾਨਕ ਲੋਕਾਂ ਸਮੇਤ ਸਾਰੇ ਹਿੱਸੇਦਾਰਾਂ ਵਿਚਕਾਰ ਸਹਿਮਤੀ ਬਣਾ ਲਈ ਹੈ। ਗੰਗੋਤਰੀ ਮੰਦਰ ਕਮੇਟੀ ਪਹਿਲਾਂ ਹੀ ਆਪਣਾ ਫੈਸਲਾ ਲੈ ਚੁੱਕੀ ਹੈ। ਦਿਵੇਦੀ ਨੇ ਕਿਹਾ, "ਇਸ ਪ੍ਰਸਤਾਵ ਨੂੰ ਇਸ ਹਫ਼ਤੇ ਦੇ ਅੰਤ ਵਿਚ ਮੰਦਰ ਕਮੇਟੀ ਬੋਰਡ ਦੀ ਮੀਟਿੰਗ ਵਿਚ ਰਸਮੀ ਤੌਰ 'ਤੇ ਮਨਜ਼ੂਰੀ ਦਿੱਤੀ ਜਾਵੇਗੀ, ਜਿਸ ਤੋਂ ਬਾਅਦ ਇਹ ਨਿਯਮ ਬਦਰੀਨਾਥ ਅਤੇ ਕੇਦਾਰਨਾਥ ਮੰਦਰਾਂ 'ਤੇ ਲਾਗੂ ਹੋਵੇਗਾ। ਗੈਰ-ਹਿੰਦੂਆਂ ਦੇ ਦਾਖਲੇ 'ਤੇ ਪਾਬੰਦੀ ਆਦਿ ਸ਼ੰਕਰਾਚਾਰੀਆ ਦੇ ਸਮੇਂ ਤੋਂ ਹੀ ਹੈ, ਅਤੇ ਸਾਡਾ ਸੰਵਿਧਾਨ ਸਾਨੂੰ ਆਪਣੇ ਧਾਰਮਿਕ ਸਥਾਨਾਂ ਦਾ ਪ੍ਰਬੰਧਨ ਕਰਨ ਦਾ ਅਧਿਕਾਰ ਵੀ ਦਿੰਦਾ ਹੈ।"







# ਕੈਨੇਡੀਅਨ ਫ਼ੌਜ ਵੱਲੋਂ ਅਮਰੀਕੀ ਹਮਲੇ ਨਾਲ ਨਜਿੱਠਣ ਦੀ ਤਿਆਰੀ

**ਟੋਰਾਂਟੋ, (ਪੰਜਾਬ ਮੇਲ)-** ਬੀਤੇ ਲੰਮੇ ਸਮੇਂ ਤੋਂ ਕੈਨੇਡਾ ਅਤੇ ਅਮਰੀਕਾ ਚੰਗੇ ਗੁਆਂਢੀ ਦੇਸ਼ਾਂ ਵਜੋਂ ਜਾਣੇ ਜਾਂਦੇ ਰਹੇ ਹਨ ਪਰ ਬੀਤੇ ਸਾਲ ਕੁ ਸਮੇਂ ਤੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਆਪਣੀਆਂ ਨੀਤੀਆਂ ਤਹਿਤ ਕੈਨੇਡਾ ਨਾਲ ਧਮਕੀ ਭਰੇ ਅੰਦਾਜ਼ ਵਿਚ ਵਿਵਹਾਰ ਕੀਤਾ ਜਾ ਰਿਹਾ ਹੈ ਅਤੇ ਉਸੇ ਅੰਦਾਜ਼ ਵਿਚ ਭਾਰਤ ਸਮੇਤ ਹੋਰ ਬਹੁਤ ਸਾਰੇ ਦੇਸ਼ਾਂ ਨੂੰ ਵੀ ਆਪਣੇ ਕਹਿਣੇ ਵਿਚ ਰੱਖਣ ਦੇ ਯਤਨ ਕੀਤੇ ਜਾ ਰਹੇ ਹਨ। ਟਰੰਪ ਨੇ ਆਪਣੇ ਕਾਰਜਕਾਲ ਦੀ ਵਰ੍ਹੇਗੰਢ ਮਨਾ ਕੇ ਆਰਟਫੀਸ਼ੀਅਲ ਇੰਟੈਲੀਜੈਂਸ ਤਕਨੀਕ ਨਾਲ ਤਿਆਰ ਕਰ ਕੇ ਤਸਵੀਰ ਸੋਸ਼ਲ ਮੀਡੀਆ ਰਾਹੀਂ ਜਾਰੀ ਕੀਤੀ, ਜਿਸ ਵਿਚ ਕੈਨੇਡਾ, ਗਰੀਨਲੈਂਡ ਅਤੇ ਵੈਂਜ਼ੂਏਲਾ ਨੂੰ ਅਮਰੀਕੀ ਝੰਡੇ ਰਾਹੀਂ ਅਮਰੀਕਾ



ਦਾ ਹਿੱਸਾ ਦਿਖਾਇਆ ਗਿਆ ਹੈ।

ਅਜਿਹੇ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਦੇਸ਼ ਦੀਆਂ ਫ਼ੌਜਾਂ ਨੂੰ ਮਜ਼ਬੂਤ ਕਰਨ ਲਈ ਰੱਖਿਆ ਬਜਟ ਵਧਾਇਆ ਅਤੇ ਨਾਟੋ ਭਾਈਵਾਲ ਦੇਸ਼ਾਂ ਨਾਲ ਤਾਲਮੇਲ ਵਧਾਇਆ ਜਾ ਰਿਹਾ ਹੈ। ਵਪਾਰ ਦੇ ਸਿਲਸਿਲੇ ਵਿਚ ਚੀਨ, ਭਾਰਤ ਅਤੇ ਯੂਰਪੀ ਦੇਸ਼ਾਂ ਨਾਲ ਕੈਨੇਡਾ ਦੀ ਨੇੜਤਾ ਵਧ ਰਹੀ ਹੈ। ਇਸੇ ਦੌਰਾਨ ਤਾਜ਼ਾ ਖ਼ਬਰ ਅਨੁਸਾਰ ਕੈਨੇਡਾ ਦੀਆਂ ਫ਼ੌਜਾਂ ਵੱਲੋਂ ਕਿਸੇ ਸੰਭਾਵੀ ਅਮਰੀਕੀ ਹਮਲੇ ਦਾ ਸਾਹਮਣਾ ਕਰਨ ਲਈ ਜੰਗੀ ਅਭਿਆਸ ਕੀਤੇ ਜਾ ਰਹੇ ਹਨ। ਦੇਸ਼ ਦੇ ਰੱਖਿਆ ਅਧਿਕਾਰੀ ਅਮਰੀਕੀ ਹਮਲੇ ਦੀ ਸੰਭਾਵਨਾ ਬਹੁਤ ਘੱਟ ਸਮਝ ਰਹੇ ਹਨ ਪਰ ਫ਼ੌਜਾਂ ਨੂੰ ਤਿਆਰ ਰੱਖਣ ਦੀ ਨੀਤੀ ਤਹਿਤ ਦੇਸ਼ ਦੇ ਉੱਤਰ ਵਿਚ (ਗਰੀਨਲੈਂਡ ਵਾਲੇ ਪਾਸੇ ਵੀ) ਫ਼ੌਜਾਂ ਦੀ ਗਸ਼ਤ, ਫ਼ੌਜੀ ਮਸ਼ੀਨਰੀ ਨਵਿਆਉਣ, ਅਮਰੀਕੀ ਸਰਹੱਦ ਉੱਪਰ ਹੈਲੀਕਾਪਟਰਾਂ ਰਾਹੀਂ ਚੌਕਸੀ ਦੇ ਤਰੀਕੇ ਵਰਤੇ ਜਾ ਰਹੇ ਹਨ। ਇਸ ਦੇ ਨਾਲ ਹੀ ਅਫ਼ਗਾਨ ਤੇ ਤਾਲਿਬਾਨ ਲੜਾਕਿਆਂ ਵੱਲੋਂ ਰੂਸ ਅਤੇ ਅਮਰੀਕੀ ਫ਼ੌਜਾਂ ਉੱਪਰ ਬੰਬ ਨਾਲ ਹਮਲਾ ਕਰ ਕੇ ਨੱਸ ਜਾਣ ਵਾਲੇ ਤਰੀਕੇ ਨਾਲ ਵੀ ਕੈਨੇਡੀਅਨ ਫ਼ੌਜੀਆਂ ਨੂੰ ਤਿਆਰ ਕੀਤਾ ਜਾ ਰਿਹਾ ਹੈ। ਸਾਲ 2001 ਤੋਂ 2014 ਤੱਕ ਅਫ਼ਗਾਨਿਸਤਾਨ ਵਿਚ ਅਮਰੀਕੀ ਫ਼ੌਜ ਦਾ ਸਾਥ ਦਿੰਦੇ ਹੋਏ ਕੈਨੇਡਾ ਦੇ 158 ਫ਼ੌਜੀ ਜਵਾਨ ਮਾਰੇ ਗਏ ਸਨ।

ਮੰਨਿਆ ਜਾ ਰਿਹਾ ਹੈ ਕਿ ਕੈਨੇਡਾ ਕੋਲ ਅਮਰੀਕੀ ਫ਼ੌਜ ਦੇ ਬਰਾਬਰ ਨਵੀਨਤਮ ਹਥਿਆਰ ਤੇ ਥਲ, ਜਲ, ਅਤੇ ਹਵਾਈ ਤੇ ਹਵਾਈ ਫ਼ੌਜਾਂ ਨਹੀਂ ਹਨ, ਜਿਸ ਕਰ ਕੇ ਹਮਲਾ ਕਰ ਕੇ ਨੱਸਣ ਵਾਲੀ ਤਕਨੀਕ ਅਮਰੀਕੀ ਫ਼ੌਜ ਨੂੰ ਡਰਾਉਣ ਲਈ ਵਧੇਰੇ ਕਾਰਗਰ ਹੋਵੇਗੀ। ਬੀਤੀਆਂ ਦੋ ਕੁ ਸਦੀਆਂ ਵਿਚ ਦੋਵਾਂ ਦੇਸ਼ਾਂ ਵਿਚਕਾਰ ਅਜਿਹੇ ਅਸਥਿਰ ਹਾਲਾਤ ਪਹਿਲੀ ਵਾਰ ਪੈਦਾ ਹੋਏ ਹਨ, ਜਿਸ ਕਰ ਕੇ ਕੈਨੇਡਾ ਦੇ ਲੋਕਾਂ ਵੱਲੋਂ ਅਮਰੀਕਾ 'ਚ ਸੈਰ ਕਰਨ ਜਾਣਾ ਅਤੇ ਉਸ ਦੇਸ਼ ਵਿਚ ਵਪਾਰ ਘੱਟ ਕੀਤਾ ਜਾਣਾ ਜਾਰੀ ਹੈ।

# ਅਮਰੀਕੀ ਕਾਂਗਰਸ ਵੱਲੋਂ ਸਿੱਖਾਂ ਵਿਰੁੱਧ ਇੰਟਰਨੈਸ਼ਨਲ ਦਬਾਅ ਨੂੰ ਰੋਕਣ ਲਈ ਜੁਆਇੰਟ ਬਿੱਲ ਪੇਸ਼

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਇਤਿਹਾਸ 'ਚ ਯਹੂਦੀਆਂ ਦੇ ਕਤਲੇਆਮ ਤੋਂ ਬਾਅਦ ਸਿੱਖਾਂ ਵਿਰੁੱਧ ਇੰਟਰਨੈਸ਼ਨਲ ਦਬਾਅ ਨੂੰ ਰੋਕਣ ਲਈ ਦੋਵਾਂ ਪਾਰਟੀਆਂ ਨੇ ਅਮਰੀਕੀ ਕਾਂਗਰਸ 'ਚ ਇਕ ਜੁਆਇੰਟ ਬਿੱਲ ਪੇਸ਼ ਕੀਤਾ। ਕਾਂਗਰਸੀ ਡੇਵਿਡ ਵਲਾਡੋ ਨੇ ਕਾਂਗਰਸੀ ਜੋਸ਼ ਗੋਟੇਈਮਰ ਦੇ ਨਾਲ ਮਿਲ ਕੇ 'ਸਿੱਖ ਅਮਰੀਕਨ ਐਂਟੀ-ਡਿਸਕ੍ਰਿਮੀਨੇਸ਼ਨ ਐਕਟ' ਪੇਸ਼ ਕੀਤਾ। ਇਹ ਦੋਵਾਂ ਪਾਰਟੀਆਂ ਦਾ ਬਿੱਲ ਡਿਪਾਰਟਮੈਂਟ ਆਫ ਜਸਟਿਸ ਦੇ ਅਧੀਨ ਇਕ 'ਸਿੱਖ ਐਂਟੀ-ਡਿਸਕ੍ਰਿਮੀਨੇਸ਼ਨ ਟਾਸਕ ਫੋਰਸ' ਬਣਾਏਗਾ, ਜਿਸ ਲਈ ਸਿੱਖ ਭਾਈਚਾਰੇ ਦੇ ਨਾਲ ਮਿਲ ਕੇ ਕੰਮ ਕਰਨਾ ਲਾਜ਼ਮੀ ਹੋਵੇਗਾ।

ਡਿਪਾਰਟਮੈਂਟ ਆਫ ਜਸਟਿਸ ਨੇ ਸਿੱਖਾਂ ਵਿਰੁੱਧ ਹਿੰਸਾ ਅਤੇ ਵਿਦੇਸ਼ੀ ਧਰਤੀ ਤੋਂ ਟ੍ਰਾਂਸਨੈਸ਼ਨਲ ਦਬਾਅ ਨੂੰ ਰੋਕਣ ਲਈ ਵੱਡੇ, ਅਰਥਪੂਰਨ ਅਤੇ ਇਤਿਹਾਸਕ ਕਦਮ ਚੁੱਕੇ ਹਨ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਕੈਲੀਫੋਰਨੀਆ ਵਿਚ ਸਿੱਖਾਂ ਦੇ ਅਧਿਕਾਰਾਂ ਲਈ ਅਸੈਂਬਲੀ ਅਤੇ ਸੈਨੇਟ ਵੱਲੋਂ ਸਰਬਸੰਮਤੀ ਨਾਲ ਬਿੱਲ ਪਾਸ ਕੀਤੇ ਜਾਣ ਤੋਂ ਬਾਅਦ, ਗਵਰਨਰ ਨੇ ਆਪਣੀ ਵੀਟੋ ਪਾਵਰ ਦੀ ਵਰਤੋਂ ਕਰ ਕੇ ਇਸ ਨੂੰ ਰੱਦ ਕਰ ਦਿੱਤਾ ਸੀ। ਅਮਰੀਕਾ ਦੇ ਵੱਡੇ ਨੇਤਾਵਾਂ ਨੇ ਇਸ ਦੀ ਸਖ਼ਤ ਆਲੋਚਨਾ ਕੀਤੀ ਸੀ ਅਤੇ ਇਸ ਨੂੰ ਅਮਰੀਕਾ ਦੇ ਬੁਨਿਆਦੀ ਅਧਿਕਾਰਾਂ

# ਟਰੰਪ ਵੱਲੋਂ ਫਰਾਂਸੀਸੀ ਵਾਈਨ ਅਤੇ ਸ਼ੈਂਪੇਨ 'ਤੇ 200 ਫੀਸਦੀ ਟੈਰਿਫ ਲਾਉਣ ਦੀ ਧਮਕੀ

■ **ਫਰਾਂਸ ਦੇ ਰਾਸ਼ਟਰਪਤੀ ਨੇ ਗਾਜ਼ਾ ਪੀਸ ਬੋਰਡ 'ਚ ਸ਼ਾਮਲ ਹੋਣ ਤੋਂ ਕੀਤਾ ਸੀ ਇਨਕਾਰ**

**ਵਾਸ਼ਿੰਗਟਨ/ਪੈਰਿਸ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਫਰਾਂਸੀਸੀ ਵਾਈਨ ਅਤੇ ਸ਼ੈਂਪੇਨ 'ਤੇ 200 ਫੀਸਦੀ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਹੈ। ਇਹ ਚਿਤਾਵਨੀ ਫਰਾਂਸੀਸੀ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਦੇ ਗਾਜ਼ਾ ਪੀਸ ਬੋਰਡ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰਨ ਤੋਂ ਬਾਅਦ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਨੇ ਫਰਾਂਸ ਨੂੰ ਗਾਜ਼ਾ ਪੀਸ ਬੋਰਡ 'ਚ ਸ਼ਾਮਲ ਹੋਣ ਲਈ ਕਿਹਾ ਸੀ।



ਟਰੰਪ ਨੇ ਨਾਰਾਜ਼ਗੀ ਜ਼ਾਹਰ ਕਰਦੇ ਹੋਏ ਕਿਹਾ ਕਿ ਉਹ ਇਮੈਨੁਅਲ ਮੈਕਰੋਂ ਨੂੰ ਹੁਣ ਸ਼ਾਂਤੀ ਬੋਰਡ ਵਿਚ ਸ਼ਾਮਲ ਵੀ ਨਹੀਂ ਕਰਨਾ ਚਾਹੁੰਦੇ ਕਿਉਂਕਿ ਫਰਾਂਸ ਦੇ ਰਾਸ਼ਟਰਪਤੀ ਦੀ ਕੁਰਸੀ ਵੀ ਖਤਰੇ ਵਿਚ ਹੈ। ਜ਼ਿਕਰਯੋਗ ਹੈ ਕਿ ਟਰੰਪ ਨੇ ਗਾਜ਼ਾ ਵਿਚ ਪ੍ਰਸ਼ਾਸਕੀ ਕਾਰਵਾਈ ਕਰਨ ਲਈ ਨੈਸ਼ਨਲ ਕਮੇਟੀ ਫਾਰ ਦਿ ਐਡਮਨਿਸਟਰੇਸ਼ਨ ਆਫ ਗਾਜ਼ਾ ਬਣਾਈ ਸੀ। ਟਰੰਪ ਨੇ ਇਸ ਕਮੇਟੀ ਵਿਚ ਸ਼ਾਮਲ ਹੋਣ ਲਈ 60 ਦੇਸ਼ਾਂ ਨੂੰ ਸੱਦਾ ਦਿੱਤਾ ਹੈ। ਇਹ ਵੀ ਦੱਸਣਾ ਬਣਦਾ ਹੈ ਕਿ ਟਰੰਪ ਨੇ ਮੈਕਰੋਂ ਦਾ ਇਕ ਮੋਬਾਈਲ ਸੰਦੇਸ਼ ਵੀ ਵਾਇਰਲ ਕਰ ਦਿੱਤਾ ਹੈ। ਮੈਕਰੋਂ ਨੇ ਇਸ ਸੰਦੇਸ਼ ਵਿਚ ਕਿਹਾ ਸੀ ਕਿ ਉਹ ਸੀਰੀਆ ਦੇ ਮੁੱਦੇ 'ਤੇ ਅਮਰੀਕਾ ਨਾਲ ਸਹਿਮਤ ਹਨ ਤੇ ਈਰਾਨ ਦੇ ਮਾਮਲੇ ਵਿਚ ਵੀ ਉਹ ਕਾਫੀ ਕੁਝ ਕਰ ਸਕਦੇ ਹਨ ਪਰ ਉਨ੍ਹਾਂ ਨੂੰ ਸਮਝ ਨਹੀਂ ਆ ਰਿਹਾ ਕਿ ਅਮਰੀਕਾ ਗਰੀਨਲੈਂਡ ਵਿਚ ਕੀ ਕਰ ਰਿਹਾ ਹੈ। ਇਨ੍ਹਾਂ ਮੁੱਦਿਆਂ 'ਤੇ ਵਿਚਾਰ ਕਰਨ ਲਈ ਮੈਕਰੋਂ ਨੇ ਟਰੰਪ ਨੂੰ ਜੀ-7 ਮੀਟਿੰਗ ਸੱਦਣ ਦਾ ਸੁਝਾਅ ਦਿੱਤਾ।

# ਮਿਨੀਸੋਟਾ 'ਚ ਪ੍ਰਵਾਸੀਆਂ ਦੀ ਫੜੋ-ਫੜਾਈ 'ਤੇ ਕਾਨੂੰਨੀ ਲੜਾਈ ਭਖੀ

■ **ਮਿਨੀਸੋਟਾ ਦੇ ਗਵਰਨਰ ਸਮੇਤ ਹੋਰ ਅਧਿਕਾਰੀਆਂ ਨੂੰ ਸੰਮਨ**

**ਮਿਨੀਪੋਲਿਸ, (ਪੰਜਾਬ ਮੇਲ)-** ਮਿਨੀਸੋਟਾ ਵਿਚ ਵੱਡੇ ਪੱਧਰ 'ਤੇ ਪ੍ਰਵਾਸੀਆਂ ਖ਼ਿਲਾਫ਼ ਕਾਰਵਾਈ ਨੂੰ ਲੈ ਕੇ ਫੈਡਰਲ ਅਧਿਕਾਰੀਆਂ ਨਾਲ ਟਕਰਾਅ ਰੁਕਣ ਦੇ ਕੋਈ ਸੰਕੇਤ ਦਿਖਾਈ ਨਹੀਂ ਦੇ ਰਹੇ ਹਨ; ਫੜੋ-ਫੜਾਈ ਅਤੇ ਇਸ ਮੁਤੱਲਕ ਸਥਾਨਕ ਪ੍ਰਤੀਕਿਰਿਆ ਬਾਰੇ ਕਾਨੂੰਨੀ ਲੜਾਈ ਤੇਜ਼ ਹੋ ਗਈ ਹੈ। ਇਕ ਵਰ੍ਹੇ 'ਚ ਮਿਨੀਸੋਟਾ 'ਚੋਂ 10 ਹਜ਼ਾਰ ਤੋਂ ਵੱਧ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ, ਜਿਨ੍ਹਾਂ 'ਚੋਂ ਤਿੰਨ ਹਜ਼ਾਰ ਪਿਛਲੇ 6 ਹਫਤਿਆਂ 'ਚ ਫੜੇ ਗਏ ਹਨ।




*ਅਮਰੀਕਾ 'ਚ ਮਿਨੀਆਪੋਲਿਸ ਡਾਊਨਟਾਊਨ ਵਿਚ ਆਈ.ਸੀ.ਈ. ਖਿਲਾਫ਼ ਮੁਜ਼ਾਹਰਾ ਕਰਦੇ ਹੋਏ ਲੋਕ।*

ਜਾਣਕਾਰੀ ਮੁਤਾਬਕ ਫੈਡਰਲ ਸਰਕਾਰੀ ਵਕੀਲਾਂ ਨੇ ਮਿਨੀਸੋਟਾ ਦੇ ਗਵਰਨਰ ਟਿਮ ਵਾਲਜ਼ ਦੇ ਦਫ਼ਤਰ ਅਤੇ ਸੂਬੇ ਦੇ ਪੰਜ ਹੋਰ ਅਧਿਕਾਰੀਆਂ ਨੂੰ ਮਹਾ ਜਿਊਰੀ ਦੇ ਸੰਮਨ ਭੇਜੇ ਹਨ। ਇਹ ਸੰਮਨ ਜਾਂਚ ਤਹਿਤ ਭੇਜੇ ਗਏ ਹਨ ਕਿ ਕੀ ਉਨ੍ਹਾਂ ਨੇ ਮਿਨੀਪੋਲਿਸ-ਸੇਂਟ ਪਾਲ ਖੇਤਰ ਵਿਚ ਪ੍ਰਵਾਸੀਆਂ ਖ਼ਿਲਾਫ਼ ਕਾਰਵਾਈ ਦੌਰਾਨ ਕੋਈ ਅੜਿੱਕੇ ਡਾਹੇ ਸਨ ਜਾਂ ਨਹੀਂ। ਸੰਮਨ ਅਟਾਰਨੀ ਜਨਰਲ ਕੀਥ ਐਲੀਸਨ, ਮਿਨੀਪੋਲਿਸ ਦੇ ਮੇਅਰ ਜੈਕਬ ਫਰੇਅ, ਸੇਂਟ ਪਾਲ ਦੇ ਮੇਅਰ ਕਾਓਲੀ ਹਰ ਅਤੇ ਰੈਮਸੇ ਤੇ ਹੇਨੇਪਿਨ ਕਾਊਂਟੀਆਂ ਦੇ ਅਧਿਕਾਰੀਆਂ ਦੇ ਦਫ਼ਤਰਾਂ ਨੂੰ ਵੀ ਭੇਜੇ ਗਏ ਹਨ।

ਐਲੀਸਨ ਨੇ ਕਿਹਾ ਕਿ ਸਰਕਾਰ ਪ੍ਰਗਟਾਵੇ ਦੀ ਆਜ਼ਾਦੀ ਅਤੇ ਹੋਰ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਕਰ ਰਹੀ ਹੈ। ਇਸ ਦੌਰਾਨ ਉਪ ਰਾਸ਼ਟਰਪਤੀ ਜੇ ਡੀ ਵੈਂਸ ਵੱਲੋਂ ਮਿਨੀਪੋਲਿਸ ਦਾ ਦੌਰਾ ਕਰਨ ਦੀ ਉਮੀਦ ਹੈ, ਜਿੱਥੇ ਉਹ ਸਥਾਨਕ ਆਗੂਆਂ ਅਤੇ ਭਾਈਚਾਰੇ ਦੇ ਮੈਂਬਰਾਂ ਨਾਲ ਗੋਲਮੇਜ਼ ਮੀਟਿੰਗ ਕਰ ਸਕਦੇ ਹਨ।

ਉਧਰ, ਮਿਨੀਸੋਟਾ ਦੀ ਚਰਚ ਦੇ ਪਾਦਰੀ ਜੋਨਾਥਨ ਪਾਰਨੇਲ ਨੇ ਦਾਅਵਾ ਕੀਤਾ ਕਿ ਆਈ.ਸੀ.ਈ. ਵਿਰੋਧੀ ਲੋਕਾਂ ਨੇ ਐਤਵਾਰ ਨੂੰ ਚਰਚ 'ਤੇ ਹਮਲਾ ਕੀਤਾ। ਕਰੀਬ ਤਿੰਨ ਦਰਜਨ ਲੋਕ ਚਰਚ ਅੰਦਰ ਦਾਖ਼ਲ ਹੋ ਗਏ। ਪ੍ਰਦਰਸ਼ਨਕਾਰੀਆਂ ਨੇ ਆਈ ਸੀ ਈ ਦੇ ਸਥਾਨਕ ਦਫਤਰ 'ਚ ਕੰਮ ਕਰਦੇ ਚਰਚ ਦੇ ਆਗੂ ਤੋਂ ਅਸਤੀਫਾ ਮੰਗਿਆ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**






ਬਲਦੇਵ ਸਿੰਘ ਬੇਦੀ
ਜਲੰਧਰ
ਪੰਜਾਬ ਮੇਲ USA



# ਸੁਰੀਲੀ ਗਾਇਕੀ ਦਾ ਬਾਬਾ ਬੋਹੜ : ਦੀਦਾਰ ਸਿੰਘ ਪਰਦੇਸੀ

ਸੰਗੀਤ ਦੀ ਦੁਨੀਆਂ ’ਚ ਹਰ ਰੋਜ਼ ਕਈ ਆਵਾਜ਼ਾਂ ਉਭਰਦੀਆਂ ਤੇ ਕਈ ਗੁੰਮ ਹੋ ਜਾਂਦੀਆਂ ਨੇ, ਪਰ ਕੁਝ ਆਵਾਜ਼ਾਂ ਅਜਿਹੀਆਂ ਵੀ ਹੁੰਦੀਆਂ ਹਨ, ਜੋ ਆਪਣੇ ਅੰਦਰ ਇੱਕ ਕਲਾ, ਇੱਕ ਜਜ਼ਬਾ ਅਤੇ ਇੱਕ ਅਸਰ ਛੁਪਾਈ ਬੈਠੀਆਂ ਹੁੰਦੀਆਂ ਹਨ। ਅਜਿਹੀਆਂ ਆਵਾਜ਼ਾਂ ਦਿਲਾਂ ’ਤੇ ਅਮਿੱਟ ਛਾਪ ਛੱਡ ਜਾਂਦੀਆਂ ਹਨ। ਅਜਿਹਾ ਹੀ ਇਕ ਨਾਂ ਹੈ ਦੀਦਾਰ ਸਿੰਘ ਪਰਦੇਸੀ, ਜਿਸ ਨੇ ਪਿੰਡ ਪੱਤੜ ਕਲਾਂ ਦੀ ਮਿੱਟੀ ’ਤੇ ਜਨਮ ਲੈ ਕੇ ਆਪਣੀ ਸੁਰੀਲੀ ਆਵਾਜ਼ ਰਾਹੀਂ ਅਫਰੀਕਾ ਦੀ ਧਰਤੀ ’ਤੇ ਪੰਜਾਬੀ ਅਤੇ ਹਿੰਦੀ ਸੰਗੀਤ ਦੀ ਖੁਸ਼ਬੂ ਬਿਖੇਰ ਦਿੱਤੀ।

ਉਹ ਕੇਵਲ ਇਕ ਗਾਇਕ ਨਹੀਂ, ਸਗੋਂ ਸੱਭਿਆਚਾਰਕ ਰੂਹ ਦਾ ਰੂਪ ਹੈ, ਜਿਸ ਦੀ ਆਵਾਜ਼ ਵਿਚ ਲੋਕਧਰੋਹੀ ਮਿਠਾਸ, ਗ਼ਜ਼ਲਾਂ ਦੀ ਕੋਮਲਤਾ ਅਤੇ ਕੀਰਤਨ ਦੀ ਅਧਿਆਤਮਿਕਤਾ ਇਸ ਤਰ੍ਹਾਂ ਰਮ ਗਈ ਹੈ ਕਿ ਜਿਥੇ ਵੀ ਉਹ ਸੁਰ ਛੇੜਦਾ ਹੈ, ਉਥੇ ਹੀ ਸੱਭਿਆਚਾਰਕ ਰਸਾਵਲੀ ਦਾ ਮਾਹੌਲ ਬਣ ਜਾਂਦਾ ਹੈ। ਉਸਦੇ ਸੰਗੀਤਕ ਸਫ਼ਰ ’ਚ ਹਰ ਸੁਰ, ਹਰ ਸ਼ਬਦ ਇੱਕ ਜਜ਼ਬਾਤੀ ਪੁਲ ਬਣ ਜਾਂਦਾ, ਜੋ ਦਿਲਾਂ ਨੂੰ ਜੋੜਦਾ ਹੋਇਆ ਰੂਹ ਨੂੰ ਛੂਹ ਲੈਂਦਾ ਹੈ।



ਪਰਦੇਸੀ ਜੀ ਆਪਣੇ ਅੰਦਾਜ਼ ’ਚ।



ਦੀਦਾਰ ਸਿੰਘ ਪਰਦੇਸੀ ਆਪਣੇ ਪੋਤਰੇ ਨਾਲ।

ਮਿੱਠੜੇ ਸੁਭਾਅ ਅਤੇ ਭਰਪੂਰ ਸਾਦਗੀ ਦੇ ਪ੍ਰਤੀਕ ਦੀਦਾਰ ਸਿੰਘ ਪਰਦੇਸੀ ਦਾ ਜਨਮ 14 ਜੁਲਾਈ, 1937 ਨੂੰ ਪਿੰਡ ਪੱਤੜ ਕਲਾਂ (ਜ਼ਿਲ੍ਹਾ ਜਲੰਧਰ) ਵਿਚ ਸ. ਮੱਘਰ ਸਿੰਘ ਅਤੇ ਮਾਤਾ ਰਤਨ ਕੌਰ ਦੇ ਘਰ ਹੋਇਆ। ਪ੍ਰਸਿੱਧ ਸ਼ਾਇਰ ਤੇ ਕਵੀ ਸੁਰਜੀਤ ਪਾਤਰ ਦੇ ਚਚੇਰੇ ਭਰਾ ਅਤੇ ਉਨ੍ਹਾਂ ਤੋਂ ਅੱਠ ਸਾਲ ਵੱਡੇ ਪਰਦੇਸੀ ਜੀ ਦੇ ਮਨ ਵਿਚ ਬਚਪਨ ਤੋਂ ਹੀ ਸੰਗੀਤ ਦੀ ਸੁਰਭੀ ਵੱਸਦੀ ਸੀ। ਕੇਵਲ ਪੰਜ ਸਾਲ ਦੀ ਉਮਰ ’ਚ ਹੀ ਉਹ ਗੁਰੂ-ਘਰਾਂ ਵਿਚ ਨਜ਼ਮ ਤੇ ਧਾਰਮਿਕ ਕਵਿਤਾਵਾਂ ਰਾਹੀਂ ਆਪਣੀ ਮਿੱਠੀ ਆਵਾਜ਼ ਦੀ ਛਾਪ ਛੱਡਣ ਲੱਗੇ।



ਦੀਦਾਰ ਸਿੰਘ ਪਰਦੇਸੀ ਆਪਣੇ ਚਚੇਰੇ ਭਰਾ ਸੁਰਜੀਤ ਪਾਤਰ ਦੇ ਨਾਲ।

ਪਿੰਡ ਦੀ ਰੌਣਕ ’ਚ ਜਦੋਂ ਵਿਆਹ ਦੀਆਂ ਜੰਞਾਂ ਨਾਲ ਵਾਜਿਆਂ ਦੀ ਧੁਨ ਘੁੰਮਦੀ, ਤਾਂ ਪਰਦੇਸੀ ਦੋਸਤਾਂ ਨਾਲ ਉਹ ਸੁਰਾਂ ਦੀ ਲਹਿਰ ਵਿਚ ਝੂਮਦੇ ਹੋਏ ਉਨ੍ਹਾਂ ਦੀ ਰਾਗਣੀ ਸੁਣਨ ਨਿਕਲ ਪੈਂਦੇ। ਇੱਕ ਵਾਰ ਗੁਰਦੁਆਰੇ ਵਿਚ ਗਾਈ ਇੱਕ ਨਜ਼ਮ ’ਤੇ ਮਿਲੇ ਚਾਂਦੀ ਦੇ ਰੁਪਏ ਦੀ ਇਨਾਮੀ ਝਲਕ ਨੇ ਉਨ੍ਹਾਂ ਦੇ ਮਨ ਵਿਚ ਸੰਗੀਤ ਪ੍ਰਤੀ ਪਿਆਰ ਨੂੰ ਹੋਰ ਵੀ ਮਜ਼ਬੂਤ ਕਰ ਦਿੱਤਾ।

1951 ਵਿਚ 14 ਸਾਲਾ ਦੀਦਾਰ ਸਿੰਘ ਆਪਣਾ ਕੈਰੀਅਰ ਬਣਾਉਣ ਲਈ ਕੀਨੀਆ ਆਪਣੇ ਪਿਤਾ ਜੀ ਅਤੇ ਆਪਣੇ ਭਰਾ ਕੋਲ ਚਲਾ ਗਿਆ। ਜਿੱਥੇ ਪੜ੍ਹਾਈ ਮੁਕੰਮਲ ਕਰਕੇ ਅਧਿਆਪਕ ਬਣਿਆ ਅਤੇ ਆਪਣੀ ਪੇਸ਼ਾਵਰ ਜ਼ਿੰਦਗੀ ਦੀ ਸ਼ੁਰੂਆਤ ਕੀਤੀ। ਹਾਲਾਂਕਿ ਪੇਸ਼ਾ ਅਧਿਆਪਨ ਦਾ ਸੀ ਪਰ ਦਿਲ ਗਾਇਕੀ ਦੇ ਰਾਹ ਤੇ ਉੱਡਣਾ ਚਾਹੁੰਦਾ ਸੀ।

ਉਸ ਦੀ ਆਵਾਜ਼ ’ਚ ਉਹ ਜਾਦੂ ਸੀ ਕਿ ਪੂਰਬੀ ਅਫ਼ਰੀਕਾ ਦੇ ਘਰ-ਘਰ ’ਚ ਉਸ ਦੀ ਰੋਮਾਂਚਕ ਗਾਇਕੀ ਦੀ ਗੂੰਜ ਰੇਡੀਓ ਰਾਹੀਂ ਗੂੰਜਣ ਲੱਗੀ। ‘ਹੀਰ ਵਾਰਿਸ ਸ਼ਾਹ’ ਦੀ ਰਚਨਾ ਨਾਲ ਉਸ ਨੇ ਆਪਣੀ ਗਾਇਕੀ ਦੀ ਸ਼ੁਰੂਆਤ ਉਸ ਧਰਤੀ ਤੋਂ ਕੀਤੀ। ਭੈਰਵੀ ਰਾਗ ਵਿਚ ਵਾਰਿਸ ਸ਼ਾਹ ਦੀ ‘ਹੀਰ’ ਸੁਣ ਕੇ ਉਸਤਾਦ ਅਲੀ ਅਕਬਰ ਖਾਂ ਪਰਦੇਸੀ ਤੋਂ ਇੰਨੇ ਖੁਸ਼ ਹੋਏ ਕਿ ਉਨ੍ਹਾਂ ਆਪਣੀ ਮੁੰਦਰੀ ਉਤਾਰ ਕੇ ਪਰਦੇਸੀ ਦੀ ਉਂਗਲ ਵਿਚ ਪਾ ਦਿੱਤੀ। ਪਰਦੇਸੀ ਨੇ ਅੱਜ ਵੀ ਉਸ ਪਿਆਰ ਦੀ ਨਿਸ਼ਾਨੀ ਨੂੰ ਬੜੇ ਸਤਿਕਾਰ ਨਾਲ ਸੰਭਾਲ ਕੇ ਰੱਖਿਆ ਹੋਇਆ ਹੈ।

ਨੈਰੋਬੀ ਦੇ ਇੱਕ ਸਮਾਗਮ ਵਿਚ ਜਦੋਂ ਪਰਦੇਸੀ ਨੇ ਮੁਹੰਮਦ ਰਫ਼ੀ ਸਾਹਿਬ ਤੋਂ ਇਜਾਜ਼ਤ ਲੈ ਕੇ ਉਨ੍ਹਾਂ ਦਾ ਹੀ ਗੀਤ ‘ਚੌਦਵੀਂ ਕਾ ਚਾਂਦ ਹੋ’ ਗਾਇਆ, ਤਾਂ ਰਫ਼ੀ ਸਾਹਿਬ ਇੰਨੇ ਖੁਸ਼ ਹੋਏ ਕਿ ਉਨ੍ਹਾਂ ਨੇ ਪਰਦੇਸੀ ਨੂੰ ਗਲਵੱਕੜੀ ਵਿਚ ਲੈ ਕੇ ਕਿਹਾ “ਤੁਸੀਂ ਤਾਂ ਇਥੋਂ ਦੇ ਰਫ਼ੀ ਹੋ... ਪੂਰਬੀ ਅਫ਼ਰੀਕਾ ਦੇ ਰਫ਼ੀ!” ਇਹ ਉਪਾਧੀ ਪਰਦੇਸੀ ਲਈ ਸਿਰਫ਼ ਇੱਕ ਸਨਮਾਨ ਹੀ ਨਹੀਂ ਸੀ, ਸਗੋਂ ਉਸ ਦੀ ਮਿਹਨਤ ਅਤੇ ਕਲਾ ਦੀ ਸਭ ਤੋਂ ਵੱਡੀ ਪ੍ਰਾਪਤੀ ਸੀ।

ਦੀਦਾਰ ਸਿੰਘ ਪਰਦੇਸੀ ਨੇ ਉਰਦੂ, ਹਿੰਦੀ, ਪੰਜਾਬੀ ਦੀਆਂ ਗ਼ਜ਼ਲਾਂ, ਰੁਬਾਈਆਂ ਅਤੇ ਲੋਕਗੀਤਾਂ ਨੂੰ ਆਪਣੀ ਅਨਮੋਲ ਆਵਾਜ਼ ਦਿੱਤੀ। ਪਰ ਕਮਰਸ਼ੀਅਲ ਗਾਇਕੀ ਦੀਆਂ ਚਮਕਦਾਰ ਰਾਹਾਂ ਨੂੰ ਛੱਡ ਕੇ ਉਸ ਨੇ ਆਪਣਾ ਮਨ ਅਧਿਆਪਨ ਅਤੇ ਪ੍ਰਮਾਣਿਕ ਗਾਇਕੀ ’ਚ ਹੀ ਲਗਾਇਆ। ਮਹਾਨ ਸ਼ਾਇਰਾਂ ਦੀਆਂ ਰਚਨਾਵਾਂ ਨੂੰ ਉਹ ਮਹਿਫ਼ਲਾਂ ਦੀ ਰੌਣਕ ਬਣਾਉਂਦਾ। ਲੋਕ ਉਸਦੀ ਆਵਾਜ਼ ’ਤੇ ਵਾਹ-ਵਾਹ ਕਰਦੇ ਅਤੇ ਇਹੀ ਤਾਰੀਫ਼ ਉਸ ਲਈ ਸਭ ਤੋਂ ਵੱਡਾ ਇਨਾਮ ਹੁੰਦੀ। ਮੁਹੰਮਦ ਰਫ਼ੀ ਦੇ ਸੈਂਕੜੇ ਗੀਤਾਂ ਤੋਂ ਇਲਾਵਾ ਉਸ ਨੇ ਪ੍ਰਕਾਸ਼ ਸਾਥੀ, ਸਾਹਿਰ ਲੁਧਿਆਣਵੀ, ਇਕਬਾਲ, ਮਿਰਜ਼ਾ ਗ਼ਾਲਿਬ, ਜਾਨ ਨਿਸਾਰ ਅਖ਼ਤਰ, ਸ਼ਿਵ ਕੁਮਾਰ ਬਟਾਲਵੀ, ਸੁਰਜੀਤ ਪਾਤਰ ਵਰਗੇ ਅਣਗਿਣਤ ਸ਼ਾਇਰਾਂ ਦੀਆਂ ਰਚਨਾਵਾਂ ਨੂੰ ਆਪਣੀ ਆਵਾਜ਼ ਦਿੱਤੀ। ਕਈ ਹਿੰਦੀ ਫਿਲਮਾਂ ਦੇ ਗੀਤਾਂ ਨੂੰ ਵੀ ਆਪਣੇ ਸੁਰਾਂ ਨਾਲ ਰੰਗਿਆ।

ਆਪਣੇ ਤਿੰਨੋਂ ਬੱਚਿਆਂ ਦੋ ਧੀਆਂ ਤੇ ਇਕ ਪੁੱਤਰ) ਨੂੰ ਸੰਗੀਤ ਨਾਲ ਜੋੜਨ ਵਾਲੇ ਮਨਮੌਜੀ ਦੀਦਾਰ ਸਿੰਘ ਪਰਦੇਸੀ ਨੇ ਕਦੇ ਸੰਗੀਤ ਨੂੰ ਰੋਜ਼ੀ-ਰੋਟੀ ਨਹੀਂ ਬਣਾਇਆ, ਸਿਰਫ਼ ਆਪਣੇ ਮਨ ਦਾ ਸ਼ੌਕ ਹੀ ਬਣਾਇਆ।

ਜਦੋਂ ਪੰਜਾਬੀ ਕਲਾਕਾਰ ਐੱਚ.ਐੱਮ.ਵੀ. ਤੋਂ ਆਪਣੇ ਗੀਤ ਰਿਕਾਰਡ ਹੋਣ ਦੀ ਖਾਹਿਸ਼ ਕਰਦੇ ਸਨ, ਉਦੋਂ ਪਰਦੇਸੀ ਵਲੋਂ ਇਸ ਕੰਪਨੀ ਨੂੰ ਨਾਂਹ ਕਰ ਦਿੱਤੀ ਗਈ। ਇਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਪਰਦੇਸੀ ਨੂੰ ਇਹ ਮਾਣ ਵੀ ਹਾਸਲ ਹੈ, ਉਹ ਪੂਰਬੀ ਅਫ਼ਰੀਕਾ ਦਾ ਪਹਿਲਾ ਅਜਿਹਾ ਏਸ਼ਿਆਈ ਗਾਇਕ ਹੋਇਆ, ਜਿਸ ਦੇ ਗੀਤ 1967 ’ਚ ਫਿਲਿਪਸ ਕੰਪਨੀ ਨੇ ਰਿਕਾਰਡ ਕੀਤੇ।

ਉਸ ਦੀਆਂ ਪ੍ਰਸਿੱਧ ਸੀ.ਡੀ. ‘ਟੁੱਟੇ ਦਿਲ’, ‘ਇੱਕ ਬੂਟਾ ਅੰਬੀ ਦਾ’, ‘ਸਲਮਾ ਕੀ ਯਾਦ ਮੇਂ’, ‘ਪਿਆਸੀਆਂ ਰੂਹਾਂ’ ਆਮ ਲੋਕਾਂ ਵਿਚ ਖੂਬ ਮਸ਼ਹੂਰ ਹੋਈਆਂ। ਇਨ੍ਹਾਂ ਸਾਰੀਆਂ ਰਚਨਾਵਾਂ ਨੂੰ ਉਸ ਨੇ ਆਪਣੀ ਕੰਪਨੀ ‘ਪਰਦੇਸੀ ਆਰਟਸ’ ਰਾਹੀਂ ਜਾਰੀ ਕੀਤਾ ਅਤੇ ਸਾਰੇ ਅਧਿਕਾਰ ਆਪਣੇ ਕੋਲ ਰੱਖੇ।

1979 ਵਿਚ ਦੀਦਾਰ ਸਿੰਘ ਪਰਦੇਸੀ ਦਾ ਐੱਲ.ਪੀ. ਰਿਕਾਰਡ ‘ਸਲਮਾ ਕੀ ਯਾਦ ਮੇਂ’ ਜਾਰੀ ਹੋਇਆ, ਜੋ ਬੇਹੱਦ ਮਕਬੂਲ ਹੋਇਆ। ਦਰਅਸਲ ‘ਸਲਮਾ’ ਜੋ ਸ਼ੀਰਾਨੀ ਸਾਹਿਬ ਨੇ ਲਿਖੀ ਸੀ, ਪਰ ਪਰਦੇਸੀ ਜੀ ਦੀ ਰੂਹ ਨੂੰ ਛੂਹਣ ਵਾਲੀ ਆਵਾਜ਼ ਨੇ ਇਸ ਨੂੰ ਅਮਰ ਕਰ ਦਿੱਤਾ। ਜਦੋਂ ਉਨ੍ਹਾਂ ਨੇ ਇਹ ਗ਼ਜ਼ਲ ਗਾਈ “ਬਹਾਰ ਬੀਤਨੇ ਵਾਲੀ ਹੈ ਆ ਭੀ ਜਾ ਸਲਮਾ” ਤਾਂ ਇਹ ਸੰਗੀਤ ਕਲਾ ਦੇ ਇਤਿਹਾਸ ’ਚ ਇਨ੍ਹਾਂ ਦੇ ਨਾਂਅ ਨਾਲ ਇੰਨੀ ਗੂੜ੍ਹੀ ਜੁੜ ਗਈ ਕਿ ਬਹੁਤ ਸਾਰੇ ਲੋਕ ਉਨ੍ਹਾਂ ਨੂੰ ਪਿਆਰ ਨਾਲ ‘ਸਲਮਾ ਵਾਲਾ ਪਰਦੇਸੀ’ ਕਹਿ ਕੇ ਵੀ ਬੁਲਾਉਣ ਲੱਗ ਪਏ।



ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਨਾਲ ਦੀਦਾਰ ਸਿੰਘ ਪਰਦੇਸੀ।

ਰੇਡੀਓ ’ਤੇ ਗਾਇਆ ਤੇ ਦੂਰਦਰਸ਼ਨ ਕੇਂਦਰ ਜਲੰਧਰ ਵਲੋਂ ਫ਼ਿਲਮਾਇਆ ਦੀਦਾਰ ਸਿੰਘ ਪਰਦੇਸੀ ਦਾ ਇਹ ਗੀਤ:

ਰਾਤ ਚਾਨਣੀ ਮੈਂ ਟੁਰਾਂ
ਮੇਰਾ ਨਾਲ ਟੁਰੇ ਪਰਛਾਵਾਂ
ਜਿੰਦੇ ਮੇਰੀਏ ।
ਗਲੀਏ ਗਲੀਏ ਚਾਨਣ ਸੁੱਤੇ
ਮੈਂ ਕਿਸ ਗਲੀਏ ਆਵਾਂ
ਜਿੰਦੇ ਮੇਰੀਏ।

ਜਿਸ ਦੀ ਰਚਨਾ ਸ਼ਿਵ ਕੁਮਾਰ ਬਟਾਲਵੀ ਨੇ ਕੀਤੀ, ਅੱਜ ਵੀ ਲੋਕਾਂ ਦੇ ਦਿਲਾਂ ’ਚ ਸਦਾਬਹਾਰ ਗੀਤ ਵਾਂਗੂ ਗੂੰਜ ਰਿਹਾ ਹੈ।

ਲੰਮਾ ਅਰਸਾ ਅਧਿਆਪਕ, ਫਿਰ ਡਿਪਟੀ ਹੈੱਡ ਮਾਸਟਰ ਅਤੇ ਅਖੀਰਕਾਰ ਹੈੱਡ ਮਾਸਟਰ ਦੇ ਅਹੁਦੇ ’ਤੇ ਜ਼ਿੰਮੇਵਾਰੀਆਂ ਨਿਭਾਉਣ ਤੋਂ ਬਾਅਦ 88 ਸਾਲਾ ਦੀਦਾਰ ਸਿੰਘ ਪਰਦੇਸੀ ਅੱਜਕੱਲ੍ਹ ਇੰਗਲੈਂਡ ਵਿਚ ਆਪਣੇ ਪੁੱਤਰ ਦੇ ਨਾਲ ਰਹਿ ਰਹੇ ਹਨ। ਉਨ੍ਹਾਂ ਦਾ ਘਰ ਲੋਕਾਂ ਵਲੋਂ ਮਿਲੇ ਐਵਾਰਡਾਂ ਅਤੇ ਸਨਮਾਨਾਂ ਨਾਲ ਚਮਕ ਰਿਹਾ ਹੈ, ਅਤੇ ਸਰੋਤਿਆਂ ਵੱਲੋਂ ਮਿਲ ਰਹੀ ਪ੍ਰਸ਼ੰਸਾ ਦੇ ਅਸਮਾਨੀ ਭਰੋਸੇ ਉੱਤੇ ਉਹ ਅਜੇ ਵੀ ਉੱਡਦੇ ਦਿੱਸਦੇ ਹਨ। ਜ਼ਿੰਦਗੀ ਦਾ ਵੱਡਾ ਤਜ਼ਰਬਾ ਸਾਂਭੀ ਬੈਠੇ ਪਰਦੇਸੀ ਹਾਲਾਂਕਿ ਸਰੀਰਕ ਤੌਰ ’ਤੇ ਪੰਜਾਬ ਦੀ ਧਰਤੀ ਤੋਂ ਦੂਰ ਹਨ, ਪਰ ਉਨ੍ਹਾਂ ਦੀ ਰੂਹ ਅੱਜ ਵੀ ਆਪਣੀ ਮਾਂ-ਧਰਤੀ ਦੀ ਖੁਸ਼ਬੂ ਨਾਲ ਰਮੀ ਹੋਈ ਹੈ।

ਜੰਗ ਸਿੰਘ
ਮਰਸੱਡ ਕੈਲੀਫੋਰਨੀਆ (ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲ USA




# ਚਾਈਨਾ ਡੋਰ ਨਾਲ ਰੋਜ਼ਾਨਾ ਵਾਪਰ ਰਹੀਆਂ ਨੇ ਮੰਦਭਾਗੀਆਂ ਘਟਨਾਵਾਂ

## ਮੂਕ ਦਰਸ਼ਕ ਬਣ ਕੇ ਇਸ ਵਰਤਾਰੇ ਨੂੰ ਵੇਖਦੀਆਂ ਸਰਕਾਰਾਂ ਤੇ ਪੁਲਿਸ ਦੀ ਖਾਮੋਸ਼ੀ ਚਿੰਤਾਜਨਕ !





ਜਿਉਂ ਹੀ ਬਸੰਤ ਦਾ ਮੌਸਮ ਆਉਂਦਾ ਹੈ, ਕੀ ਮਾਸੂਮ ਬੱਚੇ, ਕੀ ਨੌਜੁਆਨ, ਕੀ ਬਜ਼ੁਰਗ ਤੇ ਕੀ ਪਸ਼ੂ ਤੇ ਪੰਛੀ ਸਭ ਚਾਈਨਾ ਡੋਰ ਦਾ ਸ਼ਿਕਾਰ ਹੋ ਰਹੇ ਹਨ। ਇਹ ਮੰਦਭਾਗੀਆਂ ਘਟਨਾਵਾਂ ਸਿਰਫ ਬਸੰਤ ’ਤੇ ਹੀ ਨਹੀਂ ਵਾਪਰਦੀਆਂ, ਬਲਕਿ ਜਦੋਂ ਦੇਸ਼ ਦੇ ਹੋਰ ਵੱਖ-ਵੱਖ ਪ੍ਰਾਂਤਾਂ ਦੇ ਬੱਚੇ ਹੀ ਨਹੀਂ, ਬਲਕਿ ਹੋਰ ਵੱਡੇ ਵੀ ਪਤੰਗ ਚੜ੍ਹਾਉਂਦੇ ਹਨ, ਤਾਂ ਉਹ ਸਾਰੇ ਅਕਸਰ ਤੌਰ ’ਤੇ ਚਾਈਨਾ ਡੋਰ ਦਾ ਸ਼ਿਕਾਰ ਹੋਰਨਾਂ ਨੂੰ ਕਰਾਉਂਦੇ ਆ ਰਹੇ ਹਨ। ਬਹੁਤ ਸਾਰੀ ਥਾਈਂ ਘਰ ਦਾ ਇਕੋ-ਇਕ ਚਿਰਾਗ ਕਹਿਣ ਦਾ ਭਾਵ ਇਕੋ-ਇਕ ਪੁੱਤਰ ਇਸ ਚਾਈਨਾ ਡੋਰ ਦਾ ਸ਼ਿਕਾਰ ਹੋ ਕੇ ਸਾਰੀ ਉਮਰ ਲਈ ਆਪਣੇ ਮਾਪਿਆਂ ਲਈ ਰਿਸ-ਰਿਸ ਕੇ ਜ਼ਿੰਦਗੀ ਜਿਊਣ ਲਈ ਛੱਡ ਜਾਂਦਾ ਹੈ। ਦੇਸ਼ ਵਿਚ ਇੰਦਰਾ ਗਾਂਧੀ ਦੇ ਰਾਜਕਾਲ ਵਿਚ ਉਨ੍ਹਾਂ ਦੇ ਪੁੱਤਰ ਸ਼੍ਰੀ ਸੰਜੈ ਗਾਂਧੀ ਵਲੋਂ ਚਲਾਈ ਪਰਿਵਾਰ ਨਿਯੋਜਨ ਦੀ ਮੁਹਿੰਮ ਦਾ ਅਸਰ ਭਾਵੇਂ ਸਾਰੇ ਦੇਸ਼ ਵਿਚ ਪਿਆ ਪਰ ਬਹੁਤਾ ਅਸਰ ਪੰਜਾਬ ਵਰਗੇ ਉਨ੍ਹਾਂ ਸੂਬਿਆਂ ਵਿਚ ਹੋਇਆ, ਜਿਹੜੇ ਸੂਬੇ ਪੜ੍ਹੇ-ਲਿਖੇ ਹੋਣ ਦੇ ਨਾਲ ਇਸ ਪੱਖੋਂ ਸੁਚੇਤ ਹੋ ਗਏ ਸਨ। ਪੰਜਾਬ ਵਿਚ ਬਸੰਤ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ। ਕੀ ਸ਼ਹਿਰ ਤੇ ਕੀ ਪਿੰਡ, ਬੱਚੇ ਤੋਂ ਲੈ ਕੇ ਵਡੇਰੀ ਉਮਰ ਦੇ ਪਿੰਡ ਜਾਂ ਸ਼ਹਿਰ ਦੇ ਕਿਸੇ ਖੁੱਲ੍ਹੇ ਮੈਦਾਨ ਵਿਚ ਇਕੱਠੇ ਹੁੰਦੇ ਹਨ ਅਤੇ ਬੜੇ ਚਾਈਂ-ਚਾਈਂ ਰੰਗ-ਬਿਰੰਗੀਆਂ ਪਤੰਗਾਂ, ਡੋਰਾਂ ਲੈ ਕੇ ਪਤੰਗਾਂ ਨੂੰ ਉਡਾਉਣ ਲਈ ਇਕੱਠੇ ਹੁੰਦੇ ਹਨ, ਉਦੋਂ ਵੀ ਪਤੰਗਾਂ ਦੇ ਪੇਚੇ ਵੀ ਲੱਗਦੇ ਸਨ, ਬੱਚੇ ਪਤੰਗਾਂ ਨੂੰ ਲੁੱਟਦੇ ਵੀ ਸਨ ਪਰ ਕਦੇ ਨਹੀਂ ਸੀ ਸੁਣੀਂਦਾ ਕਿ ਕਿਸੇ ਬੱਚੇ, ਬਜ਼ੁਰਗ ਜਾਂ ਫਿਰ ਕੋਈ ਪੰਛੀ ਜਾਂ ਜਾਨਵਰ ਕਿਸੇ ਤਰ੍ਹਾਂ ਦੀ ਮੰਦਭਾਗੀ ਘਟਨਾ ਦਾ ਸ਼ਿਕਾਰ ਹੋਇਆ ਹੈ, ਕਿਉਂਕਿ ਉਸ ਵੇਲੇ ਦੀਆਂ ਡੋਰਾਂ ਨੁਕਸਾਨ ਪਹੁੰਚਾਊ ਨਹੀਂ ਸਨ। ਪਰ ਜਦੋਂ ‘ਚਾਈਨਾ ਡੋਰ’ ਨਾਂ ਦੀ ਡੋਰ ਨੇ ਦੇਸ਼ ਵਿਚ ਪੈਰ ਪਸਾਰੇ ਹਨ, ਬਸੰਤ ਦੇ ਮੌਕੇ ਜਾਂ ਫਿਰ ਜਦੋਂ ਬੱਚੇ ਇਕੱਠੇ ਹੋ ਪਤੰਗ ਉਡਾਉਂਦੇ ਹਨ, ਇਹੋ ਜਿਹੀਆਂ ਮੰਦਭਾਗੀਆਂ ਘਟਨਾਵਾਂ ਵਾਪਰਦੀਆਂ ਆ ਰਹੀਆਂ ਹਨ। ਜੇਕਰ ਪਤੰਗ ਦੇ ਇਤਿਹਾਸ ’ਤੇ ਸਰਸਰੀ ਨਜ਼ਰ ਮਾਰੀਏ, ਤਾਂ ਇਸ ਦੀ ਸ਼ੁਰੂਆਤ ਚੀਨ ਦੇ ਵੇਇੰਗ ਸਟੇਟ ਵਿਚ 3000 ਸਾਲ ਪਹਿਲਾਂ ਹੋਈ ਦੱਸੀ ਜਾਂਦੀ ਹੈ। ਪਤੰਗ ਨੂੰ ਸਭ ਤੋਂ ਪਹਿਲਾਂ ਚੀਨੀ ਫਿਲਾਸਫਰ ‘ਮੌਜੀ ਐਂਡ ਲੂ ਬੈਨ’ ਨੇ ਤਿਆਰ ਕੀਤਾ ਸੀ। ਇਹ ਮੁੱਢਲਾ ਪਤੰਗ ਲਕੜੀ, ਬੰਬੂ ਤੇ ਰੇਸ਼ਮ ਦਾ ਬਣਾਇਆ ਗਿਆ ਦੱਸਿਆ ਜਾਂਦਾ ਹੈ ਤੇ ਇਸ ਦੀ ਵਰਤੋਂ ਫੌਜੀ ਆਪਣੇ ਮਤਲਬ ਲਈ ਕਰਦੇ ਸਨ। ਇਸ ਪਤੰਗ ਨੂੰ ਸਭ ਤੋਂ ਪਹਿਲਾਂ ਚੀਨ ਦੇ ਵੈਇੰਗ ਸਟੇਟ ਵਿਚ ਬਣਾਇਆ ਗਿਆ ਸੀ। ਉਪਰੰਤ ਸ਼ਹਿਰ ਸ਼ੈਨਡੋਂਗ ਦੇ ਵੇਅਫਿੰਗ ‘ਪਤੰਗ ਉਤਸਵ’ ਵਿਚ ਉਡਾਇਆ ਗਿਆ ਦੱਸਿਆ ਜਾ ਰਿਹਾ ਹੈ। ਮੁੱਕਦੀ ਗੱਲ ਇਹ ਹੈ ਕਿ ਇਸ ਪਤੰਗ ਨੂੰ ਬਣਾਇਆ ਭਾਵੇਂ ਕਿਸੇ ਵੀ ਦੇਸ਼ ਨੇ ਹੋਵੇ ਪਰ ਜੋ ਹਾਲਾਤ ਇਸ ਪਤੰਗ ਦੀ ਦੁਰਵਰਤੋਂ ਕਰਕੇ ਸਾਡੇ ਦੇਸ਼ਵਾਸੀਆਂ ਨੇ ਕਰ ਦਿੱਤੀ ਹੈ, ਜੇ ਮੌਜੂਦਾ ਇਸ ’ਤੇ ਸਰਸਰੀ ਝਾਤ ਮਾਰਈਏ, ਤਾਂ ਉਸ ਨੇ ਲੋਕਾਂ ਨੂੰ ਸਿਵਾਏ ਤ੍ਰਾਸਦੀ ਦੇਣ ਤੋਂ ਹੋਰ ਕੁਝ ਨਹੀਂ ਦਿੱਤਾ। ਪਿਛਲੇ ਸਮੇਂ ਵਿਚ ਅਖਬਾਰਾਂ ਵਿਚ ਛੱਪੀਆਂ ਖਬਰਾਂ ਵਿਚ ਮਾਸੂਮ ਛੋਟੇ-ਛੋਟੇ ਬੱਚੇ ਜਿਹੜੇ ਹਾਲੇ ਆਪਣੀ ਮਾਂ ਦੀ ਗੋਦ ਵਿਚ ਕਿਸੇ ਮੋਟਰਸਾਈਕਲ ਜਾਂ ਸਕੂਟਰ ’ਤੇ ਜਾ ਰਹੇ ਹੋਣਗੇ। ਉਨ੍ਹਾਂ ਵਿਚੋ ਇਕ ਦਾ ਚਿਹਰਾ ਇਸ ਚਾਈਨਾ ਡੋਰ ਨਾਲ ਸਾਰੀ ਗੱਲ੍ਹ ਨੂੰ ਚੀਰ ਕੇ ਧੌਣ ਤੱਕ ਚੀਰ ਗਿਆ ਸੀ। ਉਸ ਦੀ ਇਸ ਸਾਰੀ ਥਾਂ ’ਤੇ ਲੱਗੇ ਅਣਗਿਣਤ ਟਾਂਕਿਆਂ ਨਾਲ ਹਰੇਕ ਇਨਸਾਨ ਦਾ ਮਨ ਪਸੀਜ ਹੀ ਨਹੀਂ ਸੀ ਜਾਂਦਾ, ਬਲਕਿ ਸੌ-ਸੌ ਗਾਲ੍ਹਾਂ ਵੀ ਉਸ ਪਤੰਗ ਨੂੰ ਚੜ੍ਹਾਉਣ ਵਾਲੇ ਨੂੰ ਦੇ ਰਿਹਾ ਸੀ। ਕਿਧਰੇ ਕਿਸੇ ਮਾਂ-ਪਿਉ ਦਾ ਇਕੋ-ਇਕੋ ਪੁੱਤਰ ਇਸੇ ਚਾਈਨਾ ਡੋਰ ਦਾ ਸ਼ਿਕਾਰ ਹੋ ਕੇ ਇਸ ਜਹਾਨ ਨੂੰ ਸਦਾ ਲਈ ਅਲਵਿਦਾ ਕਹਿ ਗਿਆ ਸੀ। ਇਹੋ ਜਿਹੇ ਅਨੇਕਾਂ ਮਾਪਿਆਂ ਦੇ ਦਿਲਾਂ ’ਤੇ ਕਿਸ ਤਰ੍ਹਾਂ ਦੀ ਗੁਜ਼ਰ ਰਹੀ ਹੋਵੇਗੀ। ਇਹ ਕਿਸ ਪ੍ਰਕਾਰ ਦੀ ਖੁਸ਼ੀ ਹੈ ਕਿ ਪਤੰਗ ਉਡਾਉਣ ਵਾਲੇ ਕਿੰਨੇ ਬੇਦਰਦ ਹਨ ਕਿ ਉਨ੍ਹਾਂ ਨੂੰ ਸਿਵਾਏ ਪਤੰਗ ਉਡਾਉਣ ਤੇ ਆਪਣੀ ਖੁਸ਼ੀ ਤੋਂ ਇਲਾਵਾ ਹੋਰ ਕੁਝ ਨਜ਼ਰ ਨਹੀਂ ਆ ਰਿਹਾ “ਕੋਈ ਮਰੇ ਕੋਈ ਜੀਵੇ, ਸੁੱਥਰਾ ਘੋਲ ਪਤਾਸੇ ਪੀਵੇ”। ਸਭ ਤੋਂ ਵੱਧ ਹੈਰਾਨੀ ਤੇ ਦੁੱਖ ਦੀ ਗੱਲ ਹੈ ਕਿ ਕੀ ਦੇਸ਼ ਤੇ ਕੀ ਪ੍ਰਾਂਤਾਂ ਦੀਆਂ ਸਰਕਾਰਾਂ ਸਭ ਡੁੰਨ ਬਣ ਕੇ ਇਸ ਦੁੱਖ ਭਰੇ ਵਰਤਾਰੇ ਨੂੰ ਦੇਖਦੀਆਂ ਆ ਰਹੀਆਂ ਹਨ। ਇਹ ਹੀ ਹਾਲ ਸਾਡੇ ਪੁਲਿਸ ਪ੍ਰਸ਼ਾਸਨ ਦਾ ਹੈ, ਉਹ ਵੀ ਆਪਣੀ ਜ਼ਿੰਮੇਵਾਰੀ ਨਿਭਾਉਣ ਤੋਂ ਬੁਰੀ ਤਰ੍ਹਾਂ ਫੇਲ੍ਹ ਹੈ। ਜੇਕਰ ਸਰਕਾਰਾਂ ਨੇ ਇਨ੍ਹਾਂ ਮੰਦਭਾਗੀਆਂ ਘਟਨਾਵਾਂ ਨੂੰ ਰੋਕਣ ਵਿਚ ਹੋਰ ਢਿੱਲ ਵਰਤੀ, ਤਾਂ ਉਹ ਦਿਨ ਦੂਰ ਨਹੀਂ, ਜਦੋਂ ਇਹੋ ਜਿਹੀਆਂ ਦੁੱਖਦਾਇਕ ਘਟਨਾਵਾਂ ਦਿਨ-ਬ-ਦਿਨ ਵੱਧਦੀਆਂ ਹੀ ਜਾਣਗੀਆਂ ਕਿਉਂਕਿ ਪਤੰਗ ਉਡਾਉਣ ਵਾਲਿਆਂ ਦੇ ਹੁਣ ਤੱਕ ਦੁੱਖਦਾਇਕ ਹਾਲਤਾਂ ਨੂੰ ਵੇਖ ਕੇ ਉਨ੍ਹਾਂ ਦੇ ਮਨ ਨਹੀਂ ਪਸੀਜੇ ਤੇ ਉਨ੍ਹਾਂ ਨੇ ਆਪਣੀ ਸਿਰਫ ਤੇ ਸਿਰਫ ਖੁਸ਼ੀ ਲਈ ਇਨ੍ਹਾਂ ਮਨੁੱਖਤਾ ਮਾਰੂ ਚਾਈਨਾ ਡੋਰਾਂ ਨੂੰ ਵਰਤਣਾ ਨਹੀਂ ਛੱਡਿਆ। ਮਤਲਬ ਸਪੱਸ਼ਟ ਹੈ ਕਿ ਇਸ ਵਰਤਾਰੇ ਨੂੰ ਜੇਕਰ ਰੋਕਿਆ ਜਾ ਸਕਦਾ ਹੈ, ਉਸ ਲਈ ਸਖਤਾਈ ਦੀ ਜ਼ਰੂਰਤ ਹੈ ਤੇ ਇਹ ਸਖਤਾਈ ਤਿੰਨ ਧਿਰੀ ਕਰਨੀ ਪਵੇਗੀ। ਇਸ ਵਿਚ ਕੇਂਦਰ ਤੇ ਸੂਬਿਆਂ ਦੀਆਂ ਸਰਕਾਰਾਂ, ਪੁਲਿਸ ਪ੍ਰਬੰਧ ਅਤੇ ਬੱਚਿਆਂ ਦੇ ਮਾਪਿਆਂ ਆਦਿ ਸਭ ਨੂੰ ਰਲ ਕੇ ਆਪਣੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ, ਤਾਂ ਹੀ ਸਾਰਥਕ ਨਤੀਜੇ ਨਿਕਲ ਸਕਦੇ ਹਨ। ਹੁਣ ਤੱਕ ਦੀ ਸਰਕਾਰ ਤੇ ਪੁਲਿਸ ਦੀ ਖਾਮੋਸ਼ੀ ਬਹੁਤ ਹੀ ਚਿੰਤਾਜਨਕ ਹੈ। ਕੀ ਸਰਕਾਰਾਂ ਜਾਂ ਪੁਲਿਸ ਪ੍ਰਸ਼ਾਸਨ ਚਾਈਨਾ ਡੋਰ ਨਹੀਂ ਸੀ ਰੋਕ ਸਕਦਾ? ਸਰਕਾਰਾਂ ਰੋਕ ਸਕਦੀਆਂ ਸਨ। ਹਾਂ, ਜੇਕਰ ਉਨ੍ਹਾਂ ਦੀਆਂ ਨੀਅਤਾਂ ਸਾਫ ਹੁੰਦੀਆਂ। ਸਰਕਾਰਾਂ ਨੂੰ ਪਤਾ ਹੈ ਕਿ ਇਸ ਚਾਈਨਾ ਡੋਰ ਨੂੰ ਬਣਾਉਣ ਵਾਲੇ ਆਮ ਸਾਧਾਰਣ ਬੰਦੇ ਨਹੀਂ ਹਨ, ਜਿਹੜੇ ਹਨ, ਉਹ ਵੀ ਉੱਚ ਘਰਾਣਿਆਂ ਨਾਲ ਸਬੰਧਤ ਵੱਡੇ ਸਨਅਤਕਾਰ ਹਨ! ਜੇਕਰ ਉਨ੍ਹਾਂ ਨੂੰ ਰੋਕਿਆ ਜਾਂਦਾ, ਤਾਂ ਇਕ ਤਰ੍ਹਾਂ ਨਾਲ ਉਹ ਉਨ੍ਹਾਂ ਨਾਲ ਨਾਰਾਜ਼ ਹੋ ਜਾਣਗੇ। ਉਨ੍ਹਾਂ ਦੀਆਂ ਤੋਂ ਭਾਵ ਹੈ ਕੇਂਦਰ ਤੇ ਸੂਬਿਆਂ ਦੀਆਂ ਸਰਕਾਰਾਂ। ਸਰਕਾਰਾਂ ਤੇ ਉਨ੍ਹਾਂ ਦੀਆ ਰਾਜਨੀਤਿਕ ਪਾਰਟੀ ਦੇ ਆਗੂ ਸਮਝਦੇ ਹਨ, ਜੇਕਰ ਅਸੀ ਉਨ੍ਹਾਂ ਨੂੰ ਚਾਈਨਾ ਡੋਰਾਂ ਨੂੰ ਬਣਾਉਣ ਤੋਂ ਰੋਕਿਆ, ਤਾਂ ਉਨ੍ਹਾਂ ਦੀਆਂ ਵੋਟਾਂ ਟੁੱਟਣਗੀਆਂ। ਇਸ ਤੋਂ ਵੱਧ ਚੋਣਾਂ ਵਿਚ ਮਿਲਣ ਵਾਲਾ ਧੰਨ ਦਾ ਗੱਫਾ ਵੀ ਬੰਦ ਹੋ ਜਾਵੇਗਾ। ਪੁਲਿਸ ਦੀ ਹਾਲਤ ਤਾਂ ਇਹ ਹੈ ਕਿ ਉਸ ਨੇ ਸਰਕਾਰ ਦੇ ਹੁਕਮਾਂ ਨੂੰ ਉਡੀਕਣਾ ਹੈ ਤੇ ਸਰਕਾਰ ਵਲੋਂ ਹੁਕਮ ਮਿਲਣ ’ਤੇ ਕੰਮ ਕਰਨਾ ਹੈ। ਪੁਲਿਸ ਪ੍ਰਸ਼ਾਸਨ ਖਾਮੋਸ਼ ਰਹਿ ਕੇ ਉਹ ਵੀ ਧੰਨ ਕਮਾ ਰਹੇ ਹਨ। ਇਸ ਸਥਿਤੀ ਵਿਚ ਜੇ ਘਾਣ ਹੋ ਰਿਹਾ ਹੈ, ਤਾਂ ਉਹ ਆਮ ਸਾਧਾਰਣ ਲੋਕਾਂ ਦਾ ਹੈ। ਜੇਕਰ ਇਸ ‘ਬੱਚੇਖਾਣੀ’ ਚਾਈਨਾ ਡੋਰ ਨੂੰ ਬੰਦ ਨਾ ਕੀਤਾ ਗਿਆ, ਤਾਂ ਉਹ ਦਿਨ ਦੂਰ ਨਹੀਂ, ਜਦੋਂ ਤੰਗ ਆ ਕੇ ਲੋਕਾਂ ਨੂੰ ਬਗਾਵਤ ਕਰਨੀ ਪੈ ਜਾਵੇ। ਇਸ ਲਈ ਕੇਂਦਰ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਬਿਨਾਂ ਕਿਸੇ ਦੇਰੀ ਦੇ ਆਪਣੇ ਸੂਬਿਆਂ ਦੀਆਂ ਸਰਕਾਰਾਂ ਨੂੰ ਹੁਕਮ ਦੇਵੇ ਕਿ ਉਹ ਆਪਣੇ ਸੂਬੇ ਦੇ ਪੁਲਿਸ ਪ੍ਰਸ਼ਾਸਨ ਨੂੰ ਸਖਤ ਆਦੇਸ਼ ਦੇਣ ਕਿ ਜਿਸ ਏਰੀਏ ਵਿਚ ਚਾਈਨਾ ਡੋਰ ਨਾਲ ਕਿਸੇ ਵੀ ਮਨੁੱਖ, ਬੱਚੇ, ਜਾਨਵਰ ਜਾਂ ਪੰਛੀ ਨਾਲ ਜਾਨ ਗਈ ਜਾਂ ਇਸ ਡੋਰ ਨਾਲ ਕੋਈ ਮੰਦਭਾਗੀ ਘਟਨਾ ਵਾਪਰੀ, ਤਾਂ ਉਸ ਏਰੀਏ ਦੀ ਪੁਲਿਸ ਦਾ ਸੀਨੀਅਰ ਸੁਪਰੀਡੈਂਟ ਪੁਲਿਸ (ਐੱਸ.ਐੱਸ.ਪੀ.) ਨੂੰ ਨੌਕਰੀ ਤੋਂ ਬਿਨਾਂ ਦੇਰੀ ਡਿਸਮਿਸ ਕਰ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਦੋਸ਼ੀ ਨੂੰ ਛੇ ਮਹੀਨੇ ਦੀ ਕੈਦ ਦੀ ਸਜ਼ਾ ਵੀ ਦਿੱਤੀ ਜਾਵੇਗੀ। ਇਸ ਦਾ ਸਿੱਧਾ ਇਹ ਅਸਰ ਹੋਵੇਗਾ ਕਿ ਫਿਰ ਦੇਖਿਓ ਕਿ ਮਜ਼ਾਲ ਹੈ ਕਿ ਪੁਲਿਸ ਪ੍ਰਸ਼ਾਸਨ ਕਿਸੇ ਬੱਚੇ ਜਾਂ ਨੌਜੁਆਨ ਨੂੰ ਚਾਈਨਾ ਡੋਰ ਨਾਲ ਪਤੰਗ ਉਡਾਉਣ ਦੇਵੇ। ਇਹ ਹੀ ਨਹੀਂ, ਫਿਰ ਉਨ੍ਹਾਂ ਦੇ ਘਰਾਂ ਵਿਚ ਚਾਈਨਾ ਡੋਰ ਵੀ ਲੱਭ ਜਾਵੇ। ਹਾਂ, ਇਥੇ ਕਹਿਣਾ ਇਹ ਵੀ ਯੋਗ ਹੋਵੇਗਾ ਕਿ ਸਰਕਾਰ ਫਿਰ ਆਪਣੇ ਕਿਸੇ ਵੀ ਬੰਦੇ ਨੂੰ ਭਾਵੇਂ ਉਹ ਕਿੱਡਾ ਹੀ ਮਹੱਤਵਪੂਰਨ ਤੇ ਪਹੁੰਚ ਵਾਲਾ ਕਿਉਂ ਨਾ ਹੋਵੇ, ਉਸ ਰਾਜਨੀਤਿਕ ਬੰਦੇ ਨੂੰ ਛੱਡਣ ਲਈ ਪੁਲਿਸ ਪ੍ਰਸ਼ਾਸਨ ਨੂੰ ਬਿਲਕੁਲ ਨਾ ਕਹੇਗੀ, ਨਹੀਂ ਤਾਂ ਫਿਰ ਇਹ ਕੰਮ ਕਦੇ ਵੀ ਬੰਦ ਨਹੀਂ ਹੋ ਸਕੇਗਾ। ਸਰਕਾਰ ਇਹ ਹੁਕਮ ਵੀ ਪਾਸ ਕਰੇ ਕਿ ਜੇਕਰ ਕੋਈ ਬੱਚਾ ਚਾਈਨਾ ਡੋਰ ਨਾਲ ਪਤੰਗ ਉਡਾਉਂਦਾ ਫੜਿਆ ਗਿਆ, ਤਾਂ ਉਸ ਦੇ ਪਿਤਾ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਜਾਵੇਗਾ। ਉਸ ਨੂੰ ਕੁਝ ਸਮਾਂ ਕੈਦ ਦੀ ਸਜ਼ਾ ਵੀ ਦਿੱਤੀ ਜਾਵੇਗੀ। ਦੇਸ਼ ਦੀ ਜੋ ਮੌਜੂਦਾ ਹਾਲਤ ਬਣ ਚੁੱਕੀ ਹੈ, ਇਸ ਤੋਂ ਬਿਨਾਂ ਹੋਰ ਕੋਈ ਹੱਲ ਨਹੀਂ ਹੋ ਸਕਦਾ! ਆਸ ਹੈ ਕਿ ਕੇਂਦਰ ਦੀ ਸਰਕਾਰ ਬਿਨਾ ਕਿਸੇ ਦੇਰ ਦੇ ਇਹ ਹੁਕਮ ਪਾਸ ਕਰਕੇ ਸੂਬਿਆਂ ਦੀਆਂ ਸਰਕਾਰ ਨੂੰ ਤੁਰੰਤ ਅਮਲ ਵਿਚ ਲਿਆਉਣ ਲਈ ਆਦੇਸ਼ ਦੇਵੇਗੀ। ਇਹ ਹੱਲ ਦੇਸ਼, ਸੂਬਿਆਂ ਤੇ ਆਮ ਜਨਤਾ ਦੇ ਹਿੱਤ ਵਿਚ ਹੈ, ਜਿਸ ਨਾਲ ਬੱਚਿਆਂ, ਪੰਛੀਆਂ ਤੇ ਜਾਨਵਰਾਂ ਦੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ।

ਸਭ ਤੋਂ ਵੱਧ ਹੈਰਾਨੀ ਤੇ ਦੁੱਖ ਦੀ ਗੱਲ ਹੈ ਕਿ ਕੀ ਦੇਸ਼ ਤੇ ਕੀ ਪ੍ਰਾਂਤਾਂ ਦੀਆਂ ਸਰਕਾਰਾਂ ਸਭ ਡੁੰਨ ਬਣ ਕੇ ਇਸ ਦੁੱਖ ਭਰੇ ਵਰਤਾਰੇ ਨੂੰ ਦੇਖਦੀਆਂ ਆ ਰਹੀਆਂ ਹਨ। ਇਹ ਹੀ ਹਾਲ ਸਾਡੇ ਪੁਲਿਸ ਪ੍ਰਸ਼ਾਸਨ ਦਾ ਹੈ, ਉਹ ਵੀ ਆਪਣੀ ਜ਼ਿੰਮੇਵਾਰੀ ਨਿਭਾਉਣ ਤੋਂ ਬੁਰੀ ਤਰ੍ਹਾਂ ਫੇਲ੍ਹ ਹੈ। ਜੇਕਰ ਸਰਕਾਰਾਂ ਨੇ ਇਨ੍ਹਾਂ ਮੰਦਭਾਗੀਆਂ ਘਟਨਾਵਾਂ ਨੂੰ ਰੋਕਣ ਵਿਚ ਹੋਰ ਢਿੱਲ ਵਰਤੀ, ਤਾਂ ਉਹ ਦਿਨ ਦੂਰ ਨਹੀਂ, ਜਦੋਂ ਇਹੋ ਜਿਹੀਆਂ ਦੁੱਖਦਾਇਕ ਘਟਨਾਵਾਂ ਦਿਨ-ਬ-ਦਿਨ ਵੱਧਦੀਆਂ ਹੀ ਜਾਣਗੀਆਂ ਕਿਉਂਕਿ ਪਤੰਗ ਉਡਾਉਣ ਵਾਲਿਆਂ ਦੇ ਹੁਣ ਤੱਕ ਦੁੱਖਦਾਇਕ ਹਾਲਤਾਂ ਨੂੰ ਵੇਖ ਕੇ ਉਨ੍ਹਾਂ ਦੇ ਮਨ ਨਹੀਂ ਪਸੀਜੇ ਤੇ ਉਨ੍ਹਾਂ ਨੇ ਆਪਣੀ ਸਿਰਫ ਤੇ ਸਿਰਫ ਖੁਸ਼ੀ ਲਈ ਇਨ੍ਹਾਂ ਮਨੁੱਖਤਾ ਮਾਰੂ ਚਾਈਨਾ ਡੋਰਾਂ ਨੂੰ ਵਰਤਣਾ ਨਹੀਂ ਛੱਡਿਆ।



# ਲਾਟ ਸਾਹਿਬ ਦੀ ਭੂਮਿਕਾ 'ਤੇ ਉੱਠਦੇ ਸਵਾਲ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



ਦੇਸ਼ ਵਿਚ ਸੂਬਿਆਂ ਦੇ ਰਾਜਪਾਲਾਂ (ਗਵਰਨਰਾਂ) ਦੀ ਭੂਮਿਕਾ ਇੱਕ ਵਾਰ ਫਿਰ ਚਰਚਾ ਵਿਚ ਹੈ। ਕੇਵਲ ਕੁਝ ਦਿਨਾਂ ਵਿਚ ਹੀ ਕੇਰਲ, ਤਾਮਿਲਨਾਡੂ ਅਤੇ ਕਰਨਾਟਕ ਵਿਚ ਸੂਬਾ ਸਰਕਾਰਾਂ ਅਤੇ ਰਾਜਪਾਲਾਂ ਵਿਚ ਵਿਵਾਦ ਖੜ੍ਹਾ ਹੋ ਗਿਆ। ਸਵਾਲ ਪੈਦਾ ਹੁੰਦਾ ਹੈ ਕਿ ਵਿਰੋਧੀ ਧਿਰ ਵਾਲੀਆਂ ਸਰਕਾਰਾਂ ਦੇ 'ਲਾਟ ਸਾਹਿਬ' ਹੀ ਇੰਨੇ ਉਤੇਜਿਤ ਕਿਉਂ ਹਨ? ਦੱਖਣੀ ਸੂਬੇ ਕੇਰਲ, ਤਾਮਿਲਨਾਡੂ ਅਤੇ ਕਰਨਾਟਕ ਤਿੰਨੇ ਇਹੋ ਜਿਹੇ ਸੂਬੇ ਹਨ, ਜਿੱਥੇ ਭਾਜਪਾ ਵਿਰੋਧੀ ਸਰਕਾਰਾਂ ਹਨ ਅਤੇ ਮੌਜੂਦਾ ਭਾਜਪਾ ਸਰਕਾਰ ਆਪਣੇ "ਲਾਟ ਸਾਹਿਬਾਂ" ਰਾਹੀਂ ਇੱਥੇ ਆਪਣੀਆਂ ਚੰਮ ਦੀਆਂ ਚਲਾਉਣਾ ਚਾਹੁੰਦੀ ਹੈ ਅਤੇ ਰਾਜ ਸਰਕਾਰਾਂ ਦੇ ਕੰਮਾਂ 'ਚ ਨਿੱਤ ਰੁਕਾਵਟਾਂ ਪਾਉਂਦੀ ਹੈ?

ਤਾਜ਼ਾ ਵਿਵਾਦ ਕਰਨਾਟਕ ਦੇ ਰਾਜਪਾਲ ਥਾਬਰ ਚੰਦ ਗਹਿਲੋਤ ਨਾਲ਼ ਜੁੜਿਆ ਹੈ, ਜਿਨ੍ਹਾਂ 22 ਜਨਵਰੀ 2026 ਨੂੰ ਰਾਜ ਵਿਧਾਨ ਸਭਾ ਨੂੰ ਸੰਬੋਧਿਤ ਕੀਤਾ ਅਤੇ ਰਾਜ ਸਰਕਾਰ ਦਾ ਦਿੱਤਾ ਭਾਸ਼ਣ ਪੂਰਾ ਨਹੀਂ ਪੜ੍ਹਿਆ। ਤਾਮਿਲਨਾਡੂ ਦੇ ਰਾਜਪਾਲ ਆਰ.ਐੱਨ. ਰਵੀ ਵਿਧਾਨ ਸਭਾ ਵਿਚ ਆਪਣਾ ਉਦਘਾਟਨੀ ਭਾਸ਼ਣ ਦੇਣ ਤੋਂ ਪਹਿਲਾਂ ਹੀ ਸਦਨ ਵਿਚੋਂ ਬਾਹਰ ਚਲੇ ਗਏ। ਉਨ੍ਹਾਂ ਨੇ ਰਾਸ਼ਟਰਗਾਣ ਪ੍ਰਤੀ ਅਨਾਦਰ ਭਾਵਨਾ ਪ੍ਰਤੀ ਨਿਰਾਸ਼ਾ ਦਰਸਾਈ। ਕੇਰਲ ਵਿਚ ਉਸ ਵੇਲੇ ਵਿਵਾਦ ਪੈਦਾ ਹੋ ਗਿਆ, ਜਦੋਂ ਮੁੱਖ ਮੰਤਰੀ ਪਿਨਾਰਾਈ ਵਿਜੈਅਨ ਨੇ ਵਿਧਾਨ ਸਭਾ ਵਿਚ ਰਾਜਪਾਲ ਰਜੇਂਦਰ ਵਿਸ਼ਵਨਾਥ ਅਰਲੇਕਰ ਦਾ ਭਾਸ਼ਣ ਖ਼ਤਮ ਹੋਣ ਤੋਂ ਤੁਰੰਤ ਬਾਅਦ ਦੋਸ਼ ਲਗਾਇਆ ਕਿ ਉਨ੍ਹਾਂ ਨੇ ਰਾਜ ਮੰਤਰੀ ਮੰਡਲ ਵੱਲੋਂ ਪ੍ਰਵਾਨ ਕੀਤੇ ਨੀਤੀਗਤ ਭਾਸ਼ਣ ਨੂੰ ਪੂਰੀ ਤਰ੍ਹਾਂ ਨਹੀਂ ਪੜ੍ਹਿਆ।

ਇਸ ਤੋਂ ਪਹਿਲਾਂ ਮਹਾਂਰਾਸ਼ਟਰ (ਜਦੋਂ ਇੱਥੇ ਵਿਰੋਧੀ ਧਿਰ ਦਾ ਰਾਜ ਸੀ), ਪੱਛਮੀ ਬੰਗਾਲ, ਪੰਜਾਬ ਅਤੇ ਦਿੱਲੀ ਜਿਹੇ ਸੂਬਿਆਂ ਦੇ ਰਾਜਪਾਲਾਂ ਦੇ ਵੱਲੋਂ ਨਿਭਾਈ ਜਾ ਰਹੀ ਭੂਮਿਕਾ 'ਤੇ ਸਵਾਲ ਉੱਠੇ। ਤਾਮਿਲਨਾਡੂ ਦੇ ਤਤਕਾਲੀਨ ਰਾਜਪਾਲ ਮੁਹੰਮਦ ਖਾਨ ਅਤੇ ਪੱਛਮੀ ਬੰਗਾਲ ਦੇ ਤਤਕਾਲੀਨ ਰਾਜਪਾਲ ਜਗਦੀਪ ਧਨਖੜ ਅਤੇ ਮੌਜੂਦਾ ਰਾਜਪਾਲ ਸੀ.ਵੀ. ਅਨੰਦ ਬੋਸ ਦੀ ਰਾਜਪਾਲਾਂ ਵਜੋਂ ਭੂਮਿਕਾ ਚਰਚਾ ਵਿਚ ਰਹੀ। ਪੰਜਾਬ ਦੇ ਰਾਜਪਾਲ ਵੱਲੋਂ ਮੰਤਰੀ ਮੰਡਲ ਵੱਲੋਂ ਸਿਫ਼ਾਰਸ਼ ਦੇ ਬਾਵਜੂਦ ਵਿਧਾਨ ਸਭਾ ਇਜਲਾਸ ਨਾ ਬੁਲਾਏ ਜਾਣ ਦੇ ਮਾਮਲੇ 'ਚ ਕੇਸ ਸੁਪਰੀਮ ਕੋਰਟ ਪੁੱਜਾ। ਇਨ੍ਹਾਂ ਸਾਰੀਆਂ ਘਟਨਾਵਾਂ ਨਾਲ਼ ਰਾਜਪਾਲ ਦੀ ਭੂਮਿਕਾ ਉੱਤੇ ਗੰਭੀਰ ਸਵਾਲ ਉੱਠਣੇ ਲਾਜ਼ਮੀ ਸਨ।

ਰਾਜਾਸ਼ਾਹੀ ਸ਼ਾਸਨ ਦੇ ਦੌਰਾਨ ਬਰਤਾਨੀਆਂ ਹਕੂਮਤ ਨੇ ਭਾਰਤ ਵਿਚ ਰਾਜਪਾਲ ਦਾ ਸਜਾਵਟੀ ਅਹੁਦਾ ਬਣਾਇਆ ਸੀ। ਜਿਸਦੀ ਭੂਮਿਕਾ ਹੀ ਆਪਣੇ ਰਾਜ ਨਿਵਾਸ ਵਿਚ ਬਰਤਾਨਵੀ ਹੁਕਮਰਾਨਾਂ ਦੀ ਠਾਠ-ਬਾਠ ਦਿਖਾਉਣ ਦੀ ਸੀ। ਉਹ ਗਵਰਨਰ ਸਾਹਿਬ - ਲਾਟ ਸਾਹਿਬ ਵਜੋਂ ਜਾਣੇ ਜਾਂਦੇ ਸਨ।

ਆਜ਼ਾਦ ਭਾਰਤ ਨੇ ਜਦੋਂ ਆਪਣੇ-ਆਪ ਨੂੰ ਗਣਤੰਤਰ ਘੋਸ਼ਿਤ ਕਰਦਿਆਂ ਆਪਣਾ ਸੰਵਿਧਾਨ ਲਾਗੂ ਕੀਤਾ, ਤਾਂ ਵੀ ਇਹ ਅਹੁਦਾ ਖ਼ਾਸ ਆਦਰਸ਼ਾਂ ਤਹਿਤ ਬਰਕਰਾਰ ਰੱਖਿਆ ਗਿਆ। ਕੇਂਦਰ ਅਤੇ ਸੂਬਿਆਂ ਦੇ ਵਿਚ ਇਸ ਗ਼ੈਰ-ਰਾਜਨੀਤਿਕ ਪ੍ਰਤੀਨਿਧ ਦੀ ਭੂਮਿਕਾ ਕਿਸੇ ਤਰ੍ਹਾਂ ਦੇ ਸਿਆਸੀ ਸੰਕਟ ਜਾਂ ਕਿਸੇ ਗੰਭੀਰ ਸੰਕਟ ਦੇ ਸੰਦਰਭ 'ਚ ਰੱਖੀ ਗਈ। ਪਰ ਅੱਜ ਇਨ੍ਹਾਂ ਰਾਜ ਭਵਨਾਂ ਉੱਤੇ ਸਿਆਸੀ ਲੋਕਾਂ ਦਾ ਡੰਕਾ ਵੱਜਦਾ ਹੈ ਅਤੇ ਇਹ ਰਾਜ-ਭਵਨ ਠਾਠ-ਬਾਠ ਦੇ ਪ੍ਰਤੀਕ ਬਣੇ ਹੋਏ ਹਨ ਅਤੇ ਇਹ ਰਾਜ ਭਵਨ ਸੰਕਟ-ਮੋਚਨ ਬਣਨ ਦੀ ਥਾਂ ਸ਼ਾਂਤੀ ਅਤੇ ਆਮ ਸਮੇਂ 'ਚ ਵੀ ਸੰਕਟ ਖੜ੍ਹਾ ਕਰ ਰਹੇ ਹਨ।



**ਆਜ਼ਾਦ ਭਾਰਤ ਨੇ ਜਦੋਂ ਆਪਣੇ-ਆਪ ਨੂੰ ਗਣਤੰਤਰ ਘੋਸ਼ਿਤ ਕਰਦਿਆਂ ਆਪਣਾ ਸੰਵਿਧਾਨ ਲਾਗੂ ਕੀਤਾ, ਤਾਂ ਵੀ ਇਹ ਅਹੁਦਾ ਖ਼ਾਸ ਆਦਰਸ਼ਾਂ ਤਹਿਤ ਬਰਕਰਾਰ ਰੱਖਿਆ ਗਿਆ। ਕੇਂਦਰ ਅਤੇ ਸੂਬਿਆਂ ਦੇ ਵਿਚ ਇਸ ਗ਼ੈਰ-ਰਾਜਨੀਤਿਕ ਪ੍ਰਤੀਨਿਧ ਦੀ ਭੂਮਿਕਾ ਕਿਸੇ ਤਰ੍ਹਾਂ ਦੇ ਸਿਆਸੀ ਸੰਕਟ ਜਾਂ ਕਿਸੇ ਗੰਭੀਰ ਸੰਕਟ ਦੇ ਸੰਦਰਭ 'ਚ ਰੱਖੀ ਗਈ। ਪਰ ਅੱਜ ਇਨ੍ਹਾਂ ਰਾਜ ਭਵਨਾਂ ਉੱਤੇ ਸਿਆਸੀ ਲੋਕਾਂ ਦਾ ਡੰਕਾ ਵੱਜਦਾ ਹੈ ਅਤੇ ਇਹ ਰਾਜ-ਭਵਨ ਠਾਠ-ਬਾਠ ਦੇ ਪ੍ਰਤੀਕ ਬਣੇ ਹੋਏ ਹਨ ਅਤੇ ਇਹ ਰਾਜ ਭਵਨ ਸੰਕਟ-ਮੋਚਨ ਬਣਨ ਦੀ ਥਾਂ ਸ਼ਾਂਤੀ ਅਤੇ ਆਮ ਸਮੇਂ 'ਚ ਵੀ ਸੰਕਟ ਖੜ੍ਹਾ ਕਰ ਰਹੇ ਹਨ।**

ਰਾਜਪਾਲ ਨੂੰ ਇੱਕ ਗ਼ੈਰ-ਸਿਆਸੀ ਪ੍ਰਮੁੱਖ ਦੇ ਰੂਪ ਵਿਚ ਵੇਖਿਆ ਜਾਂਦਾ ਹੈ, ਜਿਹੜਾ ਸੂਬੇ ਦੀ ਮੰਤਰੀ ਪਰਿਸ਼ਦ ਦੀ ਸਲਾਹ ਨਾਲ਼ ਕੰਮ ਕਰਦਾ ਹੈ, ਲੇਕਿਨ ਸੰਵਿਧਾਨ ਦੇ ਤਹਿਤ ਉਸਨੂੰ ਕੁਝ ਤਾਕਤਾਂ ਵੀ ਮਿਲੀਆਂ ਹੋਈਆਂ ਹਨ। ਇਸ ਵਿਚ ਰਾਜ ਵਿਧਾਨ ਮੰਡਲ ਵੱਲੋਂ ਪਾਸ ਕੀਤੇ ਬਿੱਲਾਂ ਨੂੰ ਸਹਿਮਤੀ ਦੇਣ ਜਾਂ ਨਾ ਦੇਣ ਦਾ ਅਧਿਕਾਰ ਵੀ ਸ਼ਾਮਲ ਹੈ, ਜਾਂ ਕਿਸੇ ਸਿਆਸੀ ਦਲ ਨੂੰ ਆਪਣਾ ਬਹੁਮਤ ਸਾਬਤ ਕਰਨ ਲਈ ਸਮਾਂ ਨਿਰਧਾਰਿਤ ਕਰਨਾ ਜਾਂ ਚੋਣ ਵਿਚ ਤ੍ਰਿਸ਼ੰਕੂ ਫੈਸਲੇ ਦੇ ਬਾਅਦ ਕਿਸੇ ਦਲ ਨੂੰ ਪਹਿਲਾਂ ਸਰਕਾਰ ਬਣਾਉਣ ਲਈ ਬੁਲਾਉਣਾ ਸ਼ਾਮਲ ਹੈ।

ਪਰ ਮੋਦੀ ਕਾਲ ਦੇ ਸਮੇਂ 'ਚ ਰਾਜਪਾਲ ਆਪਹੁਦਰੇ ਢੰਗ ਨਾਲ਼ ਕੰਮ ਕਰਦੇ ਨਜ਼ਰ ਆ ਰਹੇ ਹਨ। ਸਾਲ 2018 ਵਿਚ ਜੰਮੂ-ਕਸ਼ਮੀਰ ਦੇ ਤਤਕਾਲੀਨ ਰਾਜਪਾਲ ਸਤਿਆਪਾਲ ਮਲਿਕ ਨੇ ਵਿਧਾਨ ਸਭਾ ਭੰਗ ਕਰ ਦਿੱਤੀ, ਕਿਉਂਕਿ ਅਸ਼ੰਕਾ ਸੀ ਕਿ ਕੁਝ ਦਲ ਮਿਲ ਕੇ ਸਰਕਾਰ ਬਣਾਉਣ ਦੀ ਤਿਆਰੀ ਕਰ ਰਹੇ ਹਨ, ਜੋ ਕਿ ਕੇਂਦਰ ਸਰਕਾਰ ਨੂੰ ਪ੍ਰਵਾਨ ਨਹੀਂ ਸੀ।

2019 ਵਿਚ ਮਹਾਰਾਸ਼ਟਰ ਵਿਚ ਤ੍ਰਿਸ਼ੰਕੂ ਵਿਧਾਨ ਸਭਾ ਬਣਨ ਬਾਅਦ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਨੇ ਚੁੱਪ-ਚਾਪ ਭਾਜਪਾ ਨੇਤਾ ਦੇਵਿੰਦਰ ਫੜਨਵੀਸ ਨੂੰ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਵਾ ਦਿੱਤੀ। ਕੇਂਦਰ ਸਰਕਾਰ ਉੱਤੇ ਰਾਜਪਾਲ ਦੇ ਅਹੁਦੇ ਦੇ ਦੁਰਉਪਯੋਗ ਕਰਨ ਦੇ ਦੋਸ਼ ਸਾਲ 1950 ਦੇ ਦਹਾਕੇ ਤੋਂ ਹੀ ਲੱਗਣੇ ਸ਼ੁਰੂ ਹੋ ਗਏ ਸਨ।

ਸਾਲ 1959 ਵਿਚ ਰਾਜਪਾਲ ਦੀ ਇੱਕ ਰਿਪੋਰਟ ਦੇ ਆਧਾਰ 'ਤੇ ਕੇਰਲ ਦੀ ਈ.ਐੱਮ.ਐੱਸ. ਨੰਬੂਦਰੀਪਾਦ ਸਰਕਾਰ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਸੀ। ਸਾਲ 1971 ਤੋਂ ਸਾਲ 1990 ਦੇ ਵਿਚਕਾਰ ਰਾਜਪਾਲਾਂ ਵੱਲੋਂ ਜਾਰੀ ਰਾਸ਼ਟਰਪਤੀ ਸ਼ਾਸਨ ਦੇ ਆਦੇਸ਼ਾਂ ਅਧੀਨ 63 ਰਾਜ ਸਰਕਾਰਾਂ ਬਰਖ਼ਾਸਤ ਕੀਤੀਆਂ ਗਈਆਂ। ਹਰਿਆਣਾ (1967), ਕਰਨਾਟਕ ਦੀ 1971 ਦੀ ਪਾਟਿਲ ਸਰਕਾਰ, ਉੱਤਰ ਪ੍ਰਦੇਸ਼, ਉੜੀਸਾ, ਆਂਧਰ ਪ੍ਰਦੇਸ਼ ਅਤੇ ਗੁਜਰਾਤ ਵਿਚ ਰਾਜਪਾਲਾਂ ਨੇ ਸਰਕਾਰਾਂ ਭੰਗ ਕੀਤੀਆਂ। ਪਰ ਇਹ ਮਾਮਲੇ ਗਠਜੋੜ ਸਰਕਾਰਾਂ ਦੇ ਦੌਰ ਵਿਚ ਘੱਟ ਗਏ।

ਸੰਵਿਧਾਨ ਸਭਾ ਨੇ ਰਾਜਪਾਲ ਦੇ ਅਹੁਦੇ ਉੱਤੇ ਵਿਸਥਾਰ ਨਾਲ਼ ਚਰਚਾ ਕੀਤੀ ਸੀ। ਸੰਵਿਧਾਨ ਸਭਾ ਦੇ ਕਈ ਮੈਂਬਰਾਂ ਦਾ ਮੰਨਣਾ ਸੀ ਕਿ ਨਿਯੁਕਤ ਕੀਤਾ ਰਾਜਪਾਲ ਚੁਣੇ ਹੋਏ ਮੁੱਖ ਮੰਤਰੀ ਦੇ ਅਧਿਕਾਰ ਕਮਜ਼ੋਰ ਕਰ ਦੇਵੇਗਾ। ਉਨ੍ਹਾਂ ਨੇ ਤਰਕ ਦਿੱਤਾ ਕਿ ਕਿਸੇ ਪਾਰਟੀ ਟਿਕਟ ਉੱਤੇ ਚੁਣੇ ਗਏ ਵਿਅਕਤੀ ਦੀ ਬਜਾਏ ਕਿਸੇ ਨਿਰਪੱਖ ਵਿਅਕਤੀ ਨੂੰ ਇਸ ਅਹੁਦੇ ਉੱਤੇ ਨਿਯੁਕਤ ਕੀਤਾ ਜਾਵੇ।

ਸੰਵਿਧਾਨ ਸਭਾ ਦੇ ਮੈਂਬਰਾਂ ਨੇ ਰਾਜਪਾਲ ਤੇ ਮੁੱਖ ਮੰਤਰੀ ਦੀ ਭੂਮਿਕਾ ਬਾਰੇ ਵੀ ਚਰਚਾ ਕੀਤੀ। ਧਾਰਾ 163 ਵਿਚ ਲਿਖਿਆ ਹੈ ਕਿ ਰਾਜਪਾਲ ਨੂੰ ਆਪਣੇ ਕੰਮ ਕਰਨ ਲਈ ਮੁੱਖ ਮੰਤਰੀ ਅਤੇ ਮੰਤਰੀ ਮੰਡਲ ਸਲਾਹ ਦੇਣਗੇ, ਸਿਵਾਏ ਉਨ੍ਹਾਂ ਮਾਮਲਿਆਂ ਦੇ ਜਿੱਥੇ ਸੰਵਿਧਾਨ ਦੇ ਤਹਿਤ ਉਸਨੂੰ ਆਪਣੇ ਕੰਮ ਜਾਂ ਉਨ੍ਹਾਂ ਵਿਚੋਂ ਕਿਸੇ ਵੀ ਕੰਮ ਨੂੰ ਆਪਣੇ ਵਿਵੇਕ ਨਾਲ਼ ਕਰਨ ਦੀ ਲੋੜ ਹੋਵੇ ਜਾਂ ਵਿਸ਼ੇਸ਼ ਅਧਿਕਾਰ ਪ੍ਰਾਪਤ ਹੋਣ।

ਸੰਵਿਧਾਨ ਰਾਜਪਾਲ ਨੂੰ ਕੁਝ ਵਿਸ਼ੇਸ਼ ਕੰਮ ਕਰਨ ਲਈ ਵਿਸ਼ੇਸ਼ ਅਧਿਕਾਰ ਦਿੰਦਾ ਹੈ। ਇਨ੍ਹਾਂ ਸ਼ਕਤੀਆਂ ਵਿਚ ਰਾਜਪਾਲ ਨੂੰ ਉਸ ਵੇਲੇ ਕਾਰਵਾਈ ਕਰਨ ਦਾ ਅਧਿਕਾਰ ਹੈ, ਜਦੋਂ ਰਾਸ਼ਟਰ ਦੀ ਏਕਤਾ ਖਤਰੇ ਵਿਚ ਹੋਵੇ।

ਰਾਜਪਾਲਾਂ ਨੇ ਸਮੇਂ-ਸਮੇਂ 'ਤੇ ਕੀਤੇ ਕੰਮਾਂ ਸੰਬੰਧੀ ਕਈ ਵਿਵਾਦ ਖੜ੍ਹੇ ਕੀਤੇ ਹਨ। ਉਨ੍ਹਾਂ ਦੀ ਭੂਮਿਕਾ ਤੈਅ ਕਰਨ ਲਈ ਸਮੇਂ-ਸਮੇਂ ਕਈ ਆਯੋਗ ਬਣਾਏ ਗਏ, ਤਾਂ ਜੋ ਉਨ੍ਹਾਂ ਦੇ ਕੰਮ ਦੀ ਸਮੀਖਿਆ ਹੋ ਸਕੇ। ਪੁੰਛੀ ਆਯੋਗ (2010) ਇਨ੍ਹਾਂ ਵਿਚੋਂ ਅਹਿਮ ਸੀ, ਜਿਸ ਨੇ ਸੁਝਾਅ ਦਿੱਤਾ ਕਿ ਰਾਜਪਾਲ ਕਿਸੇ ਦੂਜੇ ਸੂਬੇ ਦਾ ਅਜਿਹਾ ਵਿਅਕਤੀ ਹੋਣਾ ਚਾਹੀਦਾ ਹੈ, ਜੋ ਹਾਲ ਹੀ ਵਿਚ ਸਿਆਸਤ ਵਿਚ ਸ਼ਾਮਲ ਨਾ ਰਿਹਾ ਹੋਵੇ ਅਤੇ ਉਸਦੀ ਨਿਯੁਕਤੀ ਤੋਂ ਪਹਿਲਾਂ ਸਬੰਧਤ ਮੁੱਖ ਮੰਤਰੀ ਨਾਲ਼ ਸਲਾਹ ਕੀਤੀ ਜਾਣੀ ਚਾਹੀਦੀ ਹੈ। ਪਰ ਉਨ੍ਹਾਂ ਦੀਆਂ ਸਿਫ਼ਾਰਸ਼ਾਂ ਨੂੰ ਲਗਭਗ ਨਜ਼ਰਅੰਦਾਜ਼ ਕਰ ਦਿੱਤਾ ਗਿਆ।

ਸਿੱਟਾ ਇਹ ਹੈ ਕਿ ਪਾਰਟੀਆਂ ਦੇ ਧੁਰੰਦਰ ਨੇਤਾ ਅੱਜ ਰਾਜਪਾਲ ਦੀ ਕੁਰਸੀ 'ਤੇ ਬਿਰਾਜਮਾਨ ਹਨ। ਉਹ ਠਾਠ-ਬਾਠ ਨਾਲ਼ ਰਾਜ ਭਵਨ ਵਿਚ ਰਹਿੰਦੇ ਹਨ, ਸੁੱਖ-ਸੁਵਿਧਾਵਾਂ ਭੋਗਦੇ ਹਨ ਅਤੇ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਵਜੋਂ ਉਸਦੇ ਹਿੱਤ ਵਿਚ ਕੰਮ ਕਰਦੇ ਹਨ। ਇਸ ਦੇ ਸਿੱਟੇ ਵਜੋਂ ਵਿਰੋਧੀ ਧਿਰਾਂ ਦੇ ਮੁੱਖ ਮੰਤਰੀਆਂ ਅਤੇ ਕੇਂਦਰ ਦੇ ਹਾਕਮਾਂ ਦੇ ਨਿਯੁਕਤ ਕੀਤੇ ਰਾਜਪਾਲਾਂ ਵਿਚਕਾਰ ਤਕਰਾਰ ਵਧਦਾ ਹੈ ਅਤੇ ਮੁੱਖ ਮੰਤਰੀ ਅਤੇ ਕਈ ਵਾਰ ਰਾਜਪਾਲਾਂ ਦਾ ਆਪਸੀ ਤਣਾਅ ਕਈ ਹਾਲਤਾਂ ਵਿਚ ਸਿਖ਼ਰਾਂ 'ਤੇ ਪੁੱਜ ਜਾਂਦਾ ਹੈ।

ਫਿਰ ਇਹ ਮਾਮਲੇ ਦੇਸ਼ ਦੀ ਸੁਪਰੀਮ ਕੋਰਟ ਤੱਕ ਪੁੱਜਦੇ ਹਨ। ਮਹਿੰਗੇ-ਭਾਰੇ ਵਕੀਲ ਇੱਕ ਪਾਸੇ ਰਾਜਪਾਲ ਵੱਲੋਂ ਅਤੇ ਦੂਜੇ ਪਾਸੇ ਮੁੱਖ ਮੰਤਰੀ ਵੱਲੋਂ ਪੇਸ਼ ਹੁੰਦੇ ਹਨ, ਜਿਸ ਨਾਲ਼ ਸਰਕਾਰੀ ਖਜ਼ਾਨੇ ਉੱਤੇ ਵਕੀਲਾਂ ਦੀ ਫ਼ੀਸ ਅਤੇ ਹੋਰ ਖ਼ਰਚਿਆਂ ਦਾ ਬੋਝ ਪੈਂਦਾ ਹੈ।

ਦੱਖਣ ਦੇ ਤਿੰਨ ਸੂਬਿਆਂ ਵੱਲੋਂ ਪਾਸ ਕੀਤੇ ਗਏ ਕੁਝ ਬਿੱਲਾਂ ਨੂੰ ਰਾਜਪਾਲਾਂ ਵੱਲੋਂ ਮਨਜ਼ੂਰੀ ਨਾ ਦਿੱਤੇ ਜਾਣ ਜਾਂ ਲੰਮੇ ਸਮੇਂ ਤੱਕ ਰੋਕ ਕੇ ਰੱਖਣ ਕਾਰਨ ਕਾਫ਼ੀ ਵਿਵਾਦ ਖੜ੍ਹੇ ਹੋਏ। ਸੂਬਾ ਸਰਕਾਰਾਂ ਨੇ ਇਸ ਮਾਮਲੇ ਵਿਚ ਸੁਪਰੀਮ ਕੋਰਟ ਦਾ ਰੁਖ਼ ਕੀਤਾ। ਪਿਛਲੇ ਕੁਝ ਦਿਨਾਂ ਵਿਚ ਕੇਰਲ, ਤਾਮਿਲਨਾਡੂ ਅਤੇ ਕਰਨਾਟਕ ਵਿਚ ਸੂਬਾ ਸਰਕਾਰਾਂ ਅਤੇ ਰਾਜਪਾਲਾਂ ਵਿਚਕਾਰ ਜਿਸ ਤਰ੍ਹਾਂ ਟਕਰਾਅ ਨਜ਼ਰ ਆ ਰਿਹਾ ਹੈ ਅਤੇ ਤਾਕਤ ਦਾ ਮੁਜ਼ਾਹਰਾ ਕੀਤਾ ਜਾ ਰਿਹਾ ਹੈ, ਇੱਕ-ਦੂਜੇ ਉੱਤੇ ਦੂਸ਼ਣਬਾਜ਼ੀ ਕੀਤੀ ਜਾ ਰਹੀ ਹੈ, ਉਹ ਕਿਸੇ ਵੀ ਤਰ੍ਹਾਂ ਲੋਕ-ਹਿੱਤ ਵਿਚ ਨਹੀਂ ਹੈ।

ਇਹ ਗੱਲ ਤੈਅ ਹੈ ਕਿ ਮੁੱਖ ਮੰਤਰੀ ਲੋਕਾਂ ਪ੍ਰਤੀ ਜਵਾਬਦੇਹ ਹੁੰਦਾ ਹੈ, ਪਰ ਰਾਜਪਾਲ ਨਹੀਂ। ਉਸ ਦੀ ਜਵਾਬਦੇਹੀ ਕੇਂਦਰ ਸਰਕਾਰ ਤੱਕ ਸੀਮਿਤ ਹੈ। ਉਹ ਪੰਜ ਸਾਲ ਲਈ ਨਿਯੁਕਤ ਹੁੰਦਾ ਹੈ ਅਤੇ ਕੇਂਦਰ ਸਰਕਾਰ ਆਪਣੀ ਇੱਛਾ ਅਨੁਸਾਰ ਉਸਨੂੰ ਅਹੁਦੇ ਤੋਂ ਹਟਾ ਸਕਦੀ ਹੈ।

ਰਾਜਪਾਲਾਂ ਵੱਲੋਂ ਟਕਰਾਅ ਦੀ ਸਥਿਤੀ ਪੈਦਾ ਹੋਣ ਦਾ ਇੱਕ ਕਾਰਨ ਇਹ ਵੀ ਹੈ ਕਿ ਸੰਵਿਧਾਨ ਰਾਜਪਾਲ ਦੀਆਂ ਸ਼ਕਤੀਆਂ ਲਈ ਸਪੱਸ਼ਟ ਦਿਸ਼ਾ-ਨਿਰਦੇਸ਼ ਨਹੀਂ ਦਿੰਦਾ। ਇਸ ਕਾਰਨ ਕਈ ਹਾਲਾਤਾਂ ਵਿਚ ਰਾਜਪਾਲ ਮਨਮਾਨੀਆਂ ਕਰਦੇ ਹਨ। ਆਮ ਤੌਰ 'ਤੇ ਇਹ ਵੇਖਿਆ ਗਿਆ ਹੈ ਕਿ ਰਾਜਪਾਲ ਕੇਂਦਰੀ ਪਰਿਸ਼ਦ ਦੇ ਹੁਕਮਾਂ ਅਨੁਸਾਰ ਕੰਮ ਕਰਦੇ ਹਨ, ਜਿਸ ਨਾਲ਼ ਇਹ ਧਾਰਨਾ ਬਣਦੀ ਹੈ ਕਿ ਉਹ ਕੇਂਦਰ ਦੇ ਪ੍ਰਤੀਨਿਧ ਹਨ।

ਪਿਛਲੇ ਦਿਨਾਂ ਵਿਚ ਰਾਜਪਾਲਾਂ ਵੱਲੋਂ ਸੂਬਾ ਵਿਧਾਨ ਸਭਾ ਵੱਲੋਂ ਪਾਸ ਕੀਤੇ ਬਿੱਲਾਂ ਨੂੰ ਮਨਜ਼ੂਰੀ ਨਾ ਦੇਣਾ ਜਾਂ ਰੋਕ ਕੇ ਰੱਖਣਾ ਉਨ੍ਹਾਂ ਦੇ ਪੱਖਪਾਤੀ ਰਵੱਈਏ ਦੇ ਸਬੂਤ ਵਜੋਂ ਵੇਖਿਆ ਗਿਆ। ਰਾਜਪਾਲਾਂ ਵੱਲੋਂ ਤ੍ਰਿਸ਼ੰਕੂ ਵਿਧਾਨ ਸਭਾਵਾਂ ਬਣਨ ਵੇਲੇ ਵੀ ਕਈ ਵਾਰ ਕੇਂਦਰ ਦੀਆਂ ਹਾਕਮ ਪਾਰਟੀਆਂ ਨੂੰ ਤਰਜੀਹ ਦਿੱਤੀ ਗਈ - ਜਿਵੇਂ 2018 ਵਿਚ ਕਰਨਾਟਕ ਅਤੇ 2019 ਵਿਚ ਮਹਾਰਾਸ਼ਟਰ ਵੱਡੀ ਮਿਸਾਲ ਬਣੇ ਹਨ।

ਯੂਨੀਵਰਸਿਟੀਆਂ ਵਿਚ ਨਿਯੁਕਤੀਆਂ ਨੂੰ ਲੈ ਕੇ ਵੀ ਰਾਜਪਾਲਾਂ ਵੱਲੋਂ ਮਨਮਾਨੀਆਂ ਕੀਤੀਆਂ ਗਈਆਂ। 2023 ਵਿਚ ਪੱਛਮੀ ਬੰਗਾਲ ਵਿਚ ਰਾਜਪਾਲ ਵੱਲੋਂ ਇੱਕਤਰਫ਼ਾ ਕੁੱਲਪਤੀਆਂ ਦੀ ਨਿਯੁਕਤੀ ਕੀਤੀ ਗਈ।

ਰਾਜਪਾਲ ਦੀ ਭੂਮਿਕਾ ਮਹੱਤਵਪੂਰਨ ਹੈ, ਪਰ ਸਿਆਸੀ ਪਿਛੋਕੜ ਅਤੇ ਮਨਮਾਨੀਆਂ ਕਾਰਨ ਇਹ 'ਲਾਟ ਸਾਹਿਬ' ਦੀ ਕੁਰਸੀ ਲਗਾਤਾਰ ਵਿਵਾਦਾਂ ਵਿਚ ਘਿਰਦੀ ਜਾ ਰਹੀ ਹੈ। ਹਾਲਾਂਕਿ ਸੁਪਰੀਮ ਕੋਰਟ ਨੇ ਸੰਵਿਧਾਨਕ ਸਿਧਾਂਤਾਂ ਅਤੇ ਲੋਕਤੰਤਰੀ ਮਾਪਦੰਡਾਂ ਦੀ ਪਾਲਣਾ 'ਤੇ ਜ਼ੋਰ ਦਿੱਤਾ ਹੈ ਅਤੇ ਸਮਾਂਬੱਧ ਫੈਸਲੇ ਕਰਨ ਲਈ ਦਿਸ਼ਾ-ਨਿਰਦੇਸ਼ ਵੀ ਦਿੱਤੇ ਹਨ।

ਅਸਲ ਵਿਚ ਵਿਵਾਦਾਂ ਦੀ ਜੜ੍ਹ ਰਾਜਪਾਲ ਦੀ ਨਿਯੁਕਤੀ ਦਾ ਤਰੀਕਾ, ਉਸਦੀ ਯੋਗਤਾ ਅਤੇ ਉਸਦਾ ਕੰਮ ਕਰਨ ਦਾ ਢੰਗ-ਤਰੀਕਾ ਹੈ। ਗ਼ੌਰ ਕਰਨ ਵਾਲੀ ਗੱਲ ਇਹ ਹੈ ਕਿ ਰਾਜਪਾਲ ਨੂੰ ਨਾ ਤਾਂ ਆਮ ਲੋਕ ਚੁਣਦੇ ਹਨ ਅਤੇ ਨਾ ਹੀ ਕੋਈ ਵਿਸ਼ੇਸ਼ ਰੂਪ ਵਿਚ ਗਠਿਤ ਕਮੇਟੀ ਜਾਂ ਮੰਡਲ ਉਸਦੀ ਨਿਯੁਕਤੀ ਕਰਦਾ ਹੈ। ਰਾਜਪਾਲ ਨੂੰ ਰਾਸ਼ਟਰਪਤੀ ਨਿਯੁਕਤ ਕਰਦਾ ਹੈ ਅਤੇ ਇਸ ਲਈ ਉਸਨੂੰ ਮੌਜੂਦਾ ਕੇਂਦਰੀ ਹਾਕਮਾਂ ਦਾ ਨੁਮਾਇੰਦਾ ਕਿਹਾ ਜਾਂਦਾ ਹੈ।

# ਬਸੰਤ ਵਾਲੇ ਦਿਨ ਸ਼ਹੀਦ ਹੋਣ ਵਾਲਾ ਸੂਰਮਾ, ਵੀਰ ਹਕੀਕਤ ਰਾਏ ਬਟਾਲਾ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA







ਵੀਰ ਹਕੀਕਤ ਰਾਏ ਉਹ ਬਹਾਦਰ ਨੌਜਵਾਨ ਸੀ, ਜਿਸ ਨੂੰ ਬਾਲ ਉਮਰੇ ਮੁਗਲ ਰਾਜ ਸਮੇਂ ਧਰਮ ਨਾ ਬਦਲਣ ਕਾਰਨ ਬਸੰਤ ਪੰਚਮੀ ਵਾਲੇ ਦਿਨ ਸ਼ਹੀਦ ਕੀਤਾ ਗਿਆ। ਵੀਰ ਹਕੀਕਤ ਰਾਏ ਦਾ ਜਨਮ 1724 ਈਸਵੀ ਨੂੰ ਸਿਆਲਕੋਟ ਵਿਖੇ ਇੱਕ ਖੱਤਰੀ ਪੁਰੀ ਪਰਿਵਾਰ ਵਿਚ ਹੋਇਆ। ਉਸ ਦੀ ਦੇ ਪਿਤਾ ਦਾ ਨਾਮ ਭਾਗ ਮੱਲ ਅਤੇ ਮਾਤਾ ਦਾ ਨਾਮ ਗੌਰਾਂ ਸੀ। ਛੋਟੀ ਉਮਰ ਵਿਚ ਹੀ ਉਸ ਦਾ ਵਿਆਹ ਇੱਕ ਸਿੱਖ ਪਰਿਵਾਰ ਵਿਚ ਪਿੰਡ ਵਡਾਲੇ ਦੇ ਕਿਸ਼ਨ ਸਿੰਘ ਦੀ ਬੇਟੀ ਦੁਰਗੀ ਨਾਲ ਹੋ ਗਿਆ। ਵੀਰ ਹਕੀਕਤ ਰਾਏ ਆਪਣੇ ਮਾਪਿਆਂ ਦੀ ਇੱਕੋ ਇੱਕ ਔਲਾਦ ਸੀ। ਹਕੀਕਤ ਰਾਏ ਦੇ ਨਾਨਕੇ ਵੀ ਸਿੱਖ ਸਨ। ਉਸ ਦੀ ਮਾਤਾ ਬਚਪਨ ਤੋਂ ਹੀ ਉਸ ਨੂੰ ਗੁਰੂ ਸਾਹਿਬਾਨਾਂ ਅਤੇ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਦੀਆਂ ਸਾਖੀਆਂ ਸੁਣਾਉਂਦੀ ਰਹਿੰਦੀ ਸੀ। ਇਸ ਲਈ ਉਸ ਦੇ ਦਿਲ 'ਤੇ ਇਨ੍ਹਾਂ ਗੱਲਾਂ ਦਾ ਬਹੁਤ ਗਹਿਰਾ ਅਸਰ ਸੀ।

ਉਨ੍ਹਾਂ ਸਮਿਆਂ ਦੀ ਰੀਤ ਅਨੁਸਾਰ ਹਕੀਕਤ ਰਾਏ ਵੀ ਮਸੀਤ ਵਿਚ ਮੌਲਵੀ ਕੋਲ ਅਰਬੀ-ਫਾਰਸੀ ਪੜ੍ਹਨ ਲਈ ਜਾਂਦਾ ਸੀ। ਉਸ ਨਾਲ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਬਹੁਗਿਣਤੀ ਮੁਸਲਮਾਨ ਸੀ। ਉਹ ਹਕੀਕਤ ਰਾਏ ਨੂੰ ਤਰ੍ਹਾਂ-ਤਰ੍ਹਾਂ ਨਾਲ ਛੇੜਦੇ ਅਤੇ ਤੰਗ ਕਰਦੇ ਰਹਿੰਦੇ ਸਨ। ਪਰ ਹਕੀਕਤ ਰਾਏ ਚੁੱਪ ਕਰਕੇ ਸਭ ਕੁਝ ਬਰਦਾਸ਼ਤ ਕਰ ਜਾਂਦਾ ਸੀ। ਇੱਕ ਦਿਨ ਲੜਕਿਆਂ ਨੇ ਹੱਦ ਮੁਕਾ ਦਿੱਤੀ। ਉਨ੍ਹਾਂ ਨੇ ਬਿਨਾਂ ਕਿਸੇ ਕਾਰਨ ਉਸ ਦੇ ਮੂੰਹ ਉੱਪਰ ਹਿੰਦੂ ਦੇਵੀ ਦੇਵਤਿਆਂ ਨੂੰ ਗੰਦੀਆਂ ਗਾਲ੍ਹਾਂ ਦੇ ਦਿੱਤੀਆਂ। ਇਹ ਗੱਲ ਹਕੀਕਤ ਰਾਏ ਬਰਦਾਸ਼ਤ ਨਾ ਕਰ ਸਕਿਆ। ਉਸ ਨੇ ਗੁੱਸੇ ਵਿਚ ਆ ਕੇ ਉਹੋ ਗਾਲ੍ਹਾਂ ਇਸਲਾਮੀ ਰਹਿਬਰਾਂ ਨੂੰ ਕੱਢ ਦਿੱਤੀਆਂ। ਵਿਦਿਆਰਥੀਆਂ ਨੇ ਮੌਲਵੀ ਕੋਲ ਸ਼ਿਕਾਇਤ ਕਰ ਦਿੱਤੀ। ਰਹਿਮਤਉੱਲਾ ਮੌਲਵੀ ਨੇ ਪਹਿਲਾਂ ਖੁਦ ਹਕੀਕਤ ਰਾਏ ਨਾਲ ਮਾਰਕੁੱਟ ਕੀਤੀ ਅਤੇ ਫਿਰ ਇਹ ਗੱਲ ਮਿਰਚ ਮਸਾਲਾ ਲਗਾ ਕੇ ਸ਼ਹਿਰ ਦੇ ਹਾਕਮ ਅਮੀਰ ਬੇਗ ਦੇ ਕੰਨੀਂ ਪਾ ਦਿੱਤੀ। ਅਮੀਰ ਬੇਗ ਨੇ ਹਕੀਕਤ ਰਾਏ ਨੂੰ ਗ੍ਰਿਫਤਾਰ ਕਰ ਲਿਆ। ਉਸ ਨੇ ਵੀ ਹਕੀਕਤ ਰਾਏ 'ਤੇ ਬਹੁਤ ਜ਼ੁਲਮ ਢਾਏ। ਜਦੋਂ ਹਕੀਕਤ ਰਾਏ ਨੇ ਈਨ ਨਾ ਮੰਨੀ, ਤਾਂ ਸ਼ਹਿਰ ਦੇ ਕਾਜ਼ੀ ਜ਼ਾਲਮ ਖਾਨ ਨੇ ਹਕੀਕਤ ਰਾਏ ਦੇ ਵਿਰੁੱਧ ਫਤਵਾ ਦੇ ਦਿੱਤਾ। ਉਸ 'ਤੇ ਇਸਲਾਮ ਦੀ ਨਿੰਦਾ ਕਰਨ ਦਾ ਇਲਜ਼ਾਮ ਲਗਾਇਆ ਗਿਆ ਅਤੇ ਮੌਤ ਜਾਂ ਇਸਲਾਮ ਵਿਚੋਂ ਇੱਕ ਚੁਣਨ ਲਈ ਕਿਹਾ ਗਿਆ। ਜਦੋਂ ਉਸ ਨੇ ਆਪਣਾ ਧਰਮ ਛੱਡਣ ਤੋਂ ਸਾਫ ਇਨਕਾਰ ਕਰ ਦਿੱਤਾ, ਤਾਂ ਅਮੀਰ ਬੇਗ ਨੇ ਉਸ ਨੂੰ ਜੰਜ਼ੀਰਾਂ ਨਾਲ ਜਕੜ ਕੇ ਲਾਹੌਰ ਜ਼ਕਰੀਆ ਖਾਨ ਸੂਬੇਦਾਰ ਦੇ ਸਾਹਮਣੇ ਪੇਸ਼ ਕਰ ਦਿੱਤਾ।

ਲਾਹੌਰ ਉਸ 'ਤੇ ਧਰਮ ਬਦਲਣ ਲਈ ਦਬਾਅ ਪਾਉਣ ਲਈ ਕਈ ਪ੍ਰਕਾਰ ਦੇ ਤਸੀਹੇ ਦਿੱਤੇ ਗਏ। ਉਸ ਨੂੰ ਉਲਟਾ ਟੰਗ ਕੇ ਕੋੜਿਆਂ ਨਾਲ ਉਦੋਂ ਤੱਕ ਕੁੱਟਿਆ ਜਾਂਦਾ, ਜਦ ਤੱਕ ਉਹ ਬੇਹੋਸ਼ ਨਾ ਹੋ ਜਾਂਦਾ। ਪਰ ਕਈ ਦਿਨ ਤਸ਼ੱਦਦ ਸਹਿਣ ਤੋਂ ਬਾਅਦ ਵੀ ਜਦੋਂ ਉਹ ਧਰਮੀ ਬੱਚਾ ਨਾ ਮੰਨਿਆਂ, ਤਾਂ ਸੰਨ 1735 ਨੂੰ ਸਿਰਫ 11 ਸਾਲ ਦੀ ਉਮਰ ਵਿਚ ਬਸੰਤ ਪੰਚਮੀ ਵਾਲੇ ਦਿਨ ਉਸ ਨੂੰ ਸੀਸ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਹਕੀਕਤ ਰਾਏ ਦਾ ਸਹੁਰਾ ਕਿਸ਼ਨ ਸਿੰਘ, ਮੱਲ ਸਿੰਘ ਅਤੇ ਦਲ ਸਿੰਘ ਤਿੰਨ ਭਰਾ ਸਨ। ਉਨ੍ਹਾਂ ਦਾ ਦਲ ਖਾਲਸਾ ਨਾਲ ਬਹੁਤ ਨਿੱਘਾ ਮੇਲਜੋਲ ਸੀ। ਹਕੀਕਤ ਰਾਏ ਦੀ ਸ਼ਹੀਦੀ ਤੋਂ ਬਾਅਦ ਕਿਸ਼ਨ ਸਿੰਘ ਨੇ ਬਾਸਰਕੇ ਪਹੁੰਚ ਕੇ ਨਵਾਬ ਕਪੂਰ ਸਿੰਘ ਕੋਲ ਫਰਿਆਦ ਕੀਤੀ ਤੇ ਆਪਣੀ ਧੀ ਲਈ ਇਨਸਾਫ ਦੀ ਮੰਗ ਕੀਤੀ। ਕੁਝ ਹੀ ਦਿਨਾਂ ਬਾਅਦ ਦਲ ਖਾਲਸਾ ਸਿਆਲਕੋਟ 'ਤੇ ਚੜ੍ਹ ਆਇਆ। ਸ਼ਹਿਰ ਦੇ ਖਾਸ-ਖਾਸ ਅਮੀਰਾਂ ਅਤੇ ਹਾਕਮਾਂ ਦੇ ਘਰ ਲੁੱਟ ਕੇ ਫੂਕ ਦਿੱਤੇ ਗਏ। ਰਹਿਮਤਉੱਲਾ ਮੌਲਵੀ, ਸ਼ਹਿਰ ਦਾ ਹਾਕਮ ਅਮੀਰ ਬੇਗ ਅਤੇ ਫਤਵਾ ਦੇਣ ਵਾਲਾ ਕਾਜ਼ੀ ਜ਼ਾਲਮ ਖਾਨ ਮਾਰ ਦਿੱਤੇ ਗਏ। ਕਿਸ਼ਨ ਸਿੰਘ ਅਤੇ ਦਲ ਸਿੰਘ ਨੇ ਵੀਰ ਹਕੀਕਤ ਰਾਏ ਦੇ ਕਾਤਲਾਂ ਦੇ ਸਿਰ ਉਸ ਦੀ ਮਾਤਾ ਗੌਰਾਂ ਦੇ ਸਾਹਮਣੇ ਜਾ ਰੱਖੇ (ਪੰਥ ਪ੍ਰਕਾਸ਼ ਪੰਨਾ 642)।

1947 ਤੋਂ ਪਹਿਲਾਂ ਲਾਹੌਰ ਦੇ ਹਿੰਦੂ-ਸਿੱਖ ਬਸੰਤ ਪੰਚਮੀ ਵਾਲੇ ਦਿਨ ਵੀਰ ਹਕੀਕਤ ਰਾਏ ਦੀ ਸਮਾਧੀ 'ਤੇ ਇਕੱਠੇ ਹੋ ਕੇ ਸ਼ਰਧਾਂਜਲੀ ਭੇਟ ਕਰਦੇ ਹੁੰਦੇ ਸਨ। ਉਸ ਦੀ ਇੱਕ ਸਮਾਧੀ ਸਿਆਲਕੋਟ ਅਤੇ ਇੱਕ ਯਾਦਗਰੀ ਅਸਥਾਨ ਬਟਾਲਾ ਵਿਖੇ ਵੀ ਬਣਿਆ ਹੋਇਆ ਹੈ। 2004 ਵਿਚ ਮਸ਼ਹੂਰ ਪਾਕਿਸਤਾਨੀ ਅਖ਼ਬਾਰ ਨਵਾਏ ਵਕਤ ਨੇ ਇਹ ਕਹਿ ਕੇ ਲਾਹੌਰ ਬਸੰਤ ਪੰਚਮੀ ਵਾਲੇ ਦਿਨ ਪਤੰਗਾਂ ਉਡਾਉਣ ਅਤੇ ਜਸ਼ਨ ਮਨਾਉਣ ਦਾ ਵਿਰੋਧ ਕੀਤਾ ਸੀ ਕਿ ਇਹ ਇਸਲਾਮ ਦੀ ਨਿੰਦਾ ਕਰਨ ਵਾਲੇ ਵੀਰ ਹਕੀਕਤ ਰਾਏ ਨੂੰ ਸ਼ਰਧਾਂਜਲੀ ਦੇਣ ਦੇ ਸਮਾਨ ਹੈ।

# ਗੋਲ਼ੇ ਕਬੂਤਰ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
ਪੰਜਾਬ ਮੇਲ USA





ਕਬੂਤਰ ਰੱਖਣ ਦਾ ਸ਼ੌਕ ਤਾਂ ਲੱਗਪਗ ਸਾਰੇ ਵਿਸ਼ਵ ਵਿਚ ਹੀ ਹੈ ਪਰ ਕਬੂਤਰਾਂ ਦੀ ਬਾਜ਼ੀ ਲਵਾਉਣ ਦਾ ਸ਼ੌਕ ਸ਼ਾਇਦ ਭਾਰਤ ਸਮੇਤ ਥੋੜ੍ਹੇ ਜਿਹੇ ਹੋਰ ਮੁਲਕਾਂ ਵਿਚ ਹੈ। ਸ਼ਾਇਦ ਮੌਸਮ ਦਾ ਸਾਜ਼ਗਾਰ ਨਾ ਰਹਿਣਾ ਜਾਂ ਕਬੂਤਰ ਛੱਡ ਕੇ ਘੰਟਿਆਂਬੱਧੀ ਉਡੀਕ ਵਿਚ ਬੈਠਾ ਰਹਿਣਾ ਉਨ੍ਹਾਂ ਮੁਲਕਾਂ ਦੇ ਵਾਸੀਆਂ ਦੇ ਵੱਸ ਦਾ ਰੋਗ ਨਹੀਂ, ਪੰਜਾਬ ਵਿਚ ਵੀ ਹੁਣ ਇਹ ਖੇਡ ਸਿਰਫ ਮਾਲਵਾ ਖੇਤਰ ਵਿਚ ਹੀ ਰਹਿ ਗਈ ਹੈ, ਹੋਰ ਤਾਂ ਘੱਟ ਹੀ ਹੈ। ਸ਼ਾਇਦ ਮੁਗਲਾਂ/ਤੁਰਕਾਂ ਰਾਹੀਂ ਇਹ ਸ਼ੌਕ ਭਾਰਤ ਵਿਚ ਆਇਆ ਸੀ। ਖੈਰ, ਇਹ ਤਾਂ ਗੱਲਬਾਤ ਦਾ ਮੁੱਢ ਬੰਨ੍ਹਣ ਵਾਲੀਆਂ ਗੱਲਾਂ ਹਨ। ਅਸਲ ਕਹਾਣੀ ਤਾਂ ਅੱਗੇ ਚੱਲਦੀ ਹੈ, ਕਿਵੇਂ ਕਬੂਤਰਾਂ ਨੂੰ ਪਾਲਣਾ ਉਨ੍ਹਾਂ ਵਿਚੋਂ ਚੰਗੀ ਨਸਲ ਦੇ ਕਬੂਤਰ ਅਲਹਿਦਾ ਕਰਨੇ, ਟ੍ਰੇਨਿੰਗ ਦੇਣੀ, ਕਸਰਤ ਕਰਾਉਣੀ ਸਖ਼ਤ ਮਿਹਨਤ ਅਤੇ ਖਰਚੀਲਾ ਸ਼ੌਕ ਹੈ। ਕਿਸੇ ਸਮੇਂ ਵਿਚ ਕਬੂਤਰਾਂ ਨੂੰ ਸੰਦੇਸ਼ ਭੇਜਣ ਜਾਂ ਮੰਗਾਉਣ ਲਈ ਵੀ ਵਰਤਿਆ ਜਾਂਦਾ ਰਿਹਾ ਹੈ, ਉਹ ਹੋਰ ਵੀ ਕਠਿਨ ਕੰਮ ਸੀ। ਪਰ ਜੋ ਵੀ ਹੈ, ਇਹ ਸਭ ਕੁਝ ਚੰਗੀ ਅਤੇ ਸਮੇਂ ਸਿਰ ਦਿੱਤੀ ਖੁਰਾਕ ਅਤੇ ਟ੍ਰੇਨਿੰਗ ਨਾਲ ਹੀ ਹੋ ਸਕਦਾ ਹੈ। ਇਸ ਵਿਚ ਜਿੱਥੇ ਕਬੂਤਰਬਾਜ਼ ਨੂੰ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਥੇ ਕਬੂਤਰਾਂ ਨੂੰ ਵੀ ਸਖ਼ਤ ਇਮਤਿਹਾਨਾਂ ਵਿਚੋਂ ਲੰਘਣਾ ਪੈਂਦਾ ਹੈ। ਅੱਠ-ਅੱਠ ਪਹਿਰ ਭੁੱਖੇ ਪਿਆਸੇ ਰਹਿਣਾ ਪੈਂਦਾ। ਦੂਜੇ ਪਾਸੇ ਉਹ ਕਬੂਤਰ ਹੁੰਦੇ ਹਨ, ਜੋ ਹੱਥ ਵੇਖਣ ਵਾਲਿਆਂ ਵੱਲੋਂ ਦੱਸੇ ਬਾਜਰਾ ਤੇ ਚਾਵਲ ਸੁੱਟਣ ਵਾਲਿਆਂ ਦੀ ਮਿਹਨਤ ਸਦਕਾ ਅਸਲ ਕਬੂਤਰ ਬਣਨ ਦੀ ਥਾਂ ਗੋਲੇ ਕਬੂਤਰ ਬਣ ਜਾਂਦੇ ਹਨ ਅਤੇ ਮੰਦਰ, ਗੁਰਦੁਆਰੇ, ਮਸਜ਼ਿਦ ਅਤੇ ਚਰਚ ਦੇ ਗੁੰਬਦਾਂ ਨੂੰ ਵਿੱਠਾਂ ਨਾਲ ਦੂਸ਼ਿਤ ਕਰਦੇ ਅਕਸਰ ਵੇਖਦੇ ਹਾਂ। ਕੁਝ ਲੋਕ ਮੁਹੱਲੇ ਦੇ ਪਾਰਕ ਵਿਚ ਦਾਣੇ ਖਿਲਾਰ ਕੇ ਆਪਣੇ ਰਾਹੂ ਕੇਤੂ ਦੀ ਦਸ਼ਾ ਸੁਧਾਰਨ ਦਾ ਯਤਨ ਕਰਦੇ-ਕਰਦੇ ਗਵਾਂਢੀਆਂ ਦੇ ਬਨੇਰੇ ਲਬੇੜਨ ਵਿਚ ਕੋਈ ਕਸਰ ਨਹੀਂ ਕਰਦੇ। ਅਜਿਹੇ ਲੋਕ ਜਿੱਥੇ ਕੁਦਰਤੀ ਤੌਰ 'ਤੇ ਉੱਡ ਕੇ ਆਪਣਾ ਭੋਜਨ ਲੱਭਣ ਵਾਲੇ ਪੰਛੀਆਂ ਨੂੰ ਨਕਾਰਾ ਕਰਦੇ ਹਨ, ਉਥੇ ਹਜ਼ਾਰਾਂ ਟਨ ਅਨਾਜ ਰੋਜ਼ਾਨਾ ਪੰਛੀਆਂ ਨੂੰ ਪਾਉਂਦੇ ਹਨ। ਉਹ ਪੰਛੀ ਜੋ ਹਵਾ ਵਿਚ ਉਡਾਰੀਆਂ ਮਾਰਦੇ ਸੋਹਣੇ ਲੱਗਣ ਦੀ ਸਮਰੱਥਾ ਰੱਖਦੇ ਹਨ। ਅਸੀਂ ਉਨ੍ਹਾਂ ਨੂੰ ਨਿਕੰਮੇ ਅਤੇ ਨਿਠੱਲੇ ਬਣਾਉਣ ਵਿਚ ਪੂਰਾ-ਪੂਰਾ ਯੋਗਦਾਨ ਪਾਉਂਦੇ ਹਾਂ। ਪਿੱਛੇ ਜਿਹੇ ਇੱਕ ਸੱਜਣ ਨੇ ਦੱਸਿਆ ਕਿ ਇੰਡੀਆ ਵਿਚ ਇੱਕ ਅਜਿਹਾ ਧਾਰਮਿਕ ਸਥਾਨ ਹੈ, ਜਿੱਥੇ ਦਸ ਕੁਇੰਟਲ ਅਨਾਜ ਰੋਜ਼ਾਨਾ ਪੰਛੀਆਂ ਨੂੰ ਪਾਇਆ ਜਾਂਦਾ ਹੈ। ਸਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਵੇਖੋ, ਥੜ੍ਹਾ ਸਾਹਿਬ ਨੇੜੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਵੱਲੋਂ ਲਿਖ ਕੇ ਲਾਇਆ ਹੋਇਆ ਹੈ ਕਿ ਪਵਿੱਤਰ ਸਰੋਵਰ ਦੀ ਸੁੱਚਤਾ ਨੂੰ ਕਾਇਮ ਰੱਖਣ ਵਾਸਤੇ ਕਬੂਤਰਾਂ ਨੂੰ ਦਾਣੇ ਨਾ ਪਾਉ ਪਰ ਹੈ ਮਜ਼ਾਲ ਕਿ ਅਸੀਂ ਕਿਸੇ ਦੀ ਮੰਨ ਲਈਏ, ਅਸੀਂ ਤਾਂ ਐਂ ਚੋਰੀ ਦਾਣੇ ਪਾਉਂਦੇ ਹਾਂ, ਜਿਵੇਂ ਕਬੂਤਰਾਂ ਨੂੰ ਦਾਣਾ ਪਾਏ ਬਿਨਾਂ ਸਾਡਾ ਮੱਥਾ ਟੇਕਣਾ ਵਿਅਰਥ ਹੈ। ਉਹੀ ਕਬੂਤਰ ਸਰੋਵਰ ਉੱਪਰ ਦੀ ਉੱਡਦੇ ਸਮੇਂ ਵਿੱਠਾਂ ਪਵਿੱਤਰ ਸਰੋਵਰ ਵਿਚ ਕਰਦੇ ਹਨ। ਕੁਝ ਵੀਰ ਭੈਣਾਂ ਸਰੋਵਰ ਵਿਚ ਮੱਛੀਆਂ ਨੂੰ ਕੜਾਹ ਪ੍ਰਸ਼ਾਦ ਪਾ ਕੇ ਪੁੰਨ ਖੱਟਣ ਦੀ ਕੋਸ਼ਿਸ਼ ਕਰਦੇ ਹਨ, ਲਿਹਾਜ਼ਾ ਇਥੇ ਵੀ ਲਿਖਿਆ ਹੋਇਆ ਹੈ ਕਿ ਸਾਧ ਸੰਗਤ ਜੀਓ, ਮੱਛੀਆਂ ਨੂੰ ਕੜਾਹ ਪ੍ਰਸ਼ਾਦ ਨਾ ਪਾਇਆ ਜਾਵੇ ਪਰ ਕੌਣ ਸੁਣਦਾ ਹੈ? ਵੈਸੇ ਇਹ ਵਿਚਾਰਨ ਵਾਲੀ ਗੱਲ ਹੈ ਕਿ ਜੇ ਇੱਕ ਲੱਖ ਦੇ ਕਰੀਬ ਰੋਜ਼ਾਨਾ ਸ਼ਰਧਾਲੂ ਆਉਣ, ਉਨ੍ਹਾਂ ਵਿਚੋਂ ਦਸ ਫੀਸਦੀ ਲੋਕ ਵੀ ਮੱਛੀਆਂ ਨੂੰ ਪ੍ਰਸ਼ਾਦ ਪਾਉਣ ਤਾਂ ਮੱਛੀਆਂ ਦੀ ਕਿੰਨੀ ਪੈਦਾਵਾਰ ਵਧੇਗੀ ਅਤੇ ਅਸੀ ਖੁਦ ਜਲ ਦੀ ਬੇਅਬਦੀ ਕਰਨ ਦੇ ਜ਼ਿੰਮੇਵਾਰ ਹੋਵਾਂਗੇ। ਹੁਣ ਗੱਲ ਫਿਰ ਗੋਲੇ ਦੀ ਕਬੂਤਰਾਂ ਦੀ ਕਰੀਏ ਕਿ ਜੋ ਕੁਝ ਕੁ ਕਬੂਤਰ ਲੰਬੀ ਅਤੇ ਉੱਚੀ ਉਡਾਨ ਭਰ ਸਕਦੇ ਹਨ, ਤਾਂ ਬਾਕੀ ਲੋਕਾਂ ਦੇ ਬਨੇਰੇ ਕਿਉਂ ਗੰਦੇ ਕਰਦੇ ਹਨ? ਕੀ ਉਹ ਅੰਡੇ ਵਿਚੋਂ ਨਿਕਲਦੇ ਹੀ ਗੋਲ਼ੇ ਹਨ? ਨਹੀਂ, ਹਰਗਿਜ਼ ਨਹੀਂ, ਉਨ੍ਹਾਂ ਨੂੰ ਗੋਲ਼ੇ ਬਣਾਉਣ ਵਾਲੇ ਅਸੀਂ ਹਾਂ! ਜਦੋਂ ਇਹ ਗੱਲ ਸਿੱਧ ਹੋ ਚੁੱਕੀ ਹੈ ਕਿ ਪ੍ਰਮਾਤਮਾ ਪੱਥਰ ਦੇ ਅੰਦਰ ਵਸੇ ਕੀੜੇ ਨੂੰ ਵੀ ਭੋਜਨ ਦੇਂਦਾ ਹੈ, ਤਾਂ ਅਸੀਂ ਕੌਣ ਹੁੰਦੇ ਹਾਂ ਕਬੂਤਰਾਂ ਨੂੰ ਪਾਲਣ ਵਾਲੇ? ਇਥੋਂ ਤੱਕ ਪੜ੍ਹ ਚੁੱਕੇ ਹੋ, ਤਾਂ ਆਉ ਸੋਚਣ ਵਾਲੇ ਮੁੱਦੇ 'ਤੇ ਚੱਲਦੇ ਹਾਂ। ਉਹ ਇਹ ਹੈ ਕਿ ਭਾਰਤ ਵਿਚ ਵੱਸਣ ਵਾਲੇ ਅੱਸੀ ਕਰੋੜ ਲੋਕ (ਲਗਭਗ ਅੱਧੀ ਜਨਸੰਖਿਆ) ਜਿਸ ਨੂੰ ਆਟਾ-ਦਾਲ ਮੁਫ਼ਤ ਦੇ ਕੇ ਗੋਲ਼ੇ ਕਬੂਤਰ ਭਾਵ ਨਿਕੰਮੇ ਇਨਸਾਨ ਨਹੀਂ ਬਣਾ ਰਹੇ? ਜਿਸ ਨੂੰ ਬੈਠੇ ਬਿਠਾਏ ਖਾਣਾ, ਬਿਜਲੀ, ਗੈਸ ਆਦਿ ਮੁਫ਼ਤ ਮਿਲੇਗੀ, ਉਹ ਕੰਮ ਕਰਨਾ ਛੱਡ ਕੇ ਬੱਚਿਆਂ ਨੂੰ ਪੜ੍ਹਾਉਣ ਦੀ ਲੋੜ ਤੋਂ ਕਿਨਾਰਾ ਕਰ ਲਵੇਗਾ, ਤਾਂ ਸਮਾਜ ਕਿੱਧਰ ਚਲਾ ਜਾਵੇਗਾ? ਕੌਣ ਇਸ ਅਨਪੜ੍ਹ ਲੋਕਾਂ ਨੂੰ ਮੁੜ ਪੜ੍ਹਨੇ ਲਿਖਣੇਂ ਲਾਵੇਗਾ ਅਤੇ ਉਹ ਲੋਕ ਇਸ ਇੱਕੀਵੀਂ ਸਦੀ ਵਿਚ ਬਾਕੀ ਲੋਕਾਂ ਨਾਲ ਰਲ ਕੇ ਤੁਰ ਸਕਣਗੇ? ਤੁਹਾਡੇ ਵਿਚਾਰਾਂ ਦੀ ਉਡੀਕ ਵਿਚ।

-ਡਾ. ਸਤਿੰਦਰ ਪਾਲ ਸਿੰਘ
ਸਿਡਨੀ (ਆਸਟ੍ਰੇਲੀਆ)
ਈ ਮੇਲ : akaalpurkh.7@gmail.com
ਪੰਜਾਬ ਮੇਲ USA

# ਬੇਮਿਸਾਲ ਸਿਦਕ ਦੀ ਰੌਸ਼ਨ ਮਸ਼ਾਲ ਬਾਬਾ ਦੀਪ ਸਿੰਘ ਜੀ



ਬਾਬਾ ਦੀਪ ਸਿੰਘ ਜੀ ਗਿਣੇ ਚੁਣੇ ਸੂਰਵੀਰ ਤੇ ਮਹਾਨ ਸਿੱਖ ਨਾਇਕਾਂ ਵਿੱਚ ਸ਼ੁਮਾਰ ਹਨ, ਜਿਨ੍ਹਾਂ ਨੂੰ ਆਪਣੇ ਜੀਵਨ 'ਚ ਗੁਰੂ, ਗੁਰ ਸ਼ਬਦ ਤੇ ਗੁਰੂ ਘਰ ਤਿੰਨਾਂ ਦੀ ਸੇਵਾ ਦਾ ਦੁਰਲੱਭ ਅਉਸਰ ਮਿਲਿਆ। ਇਸ ਸੇਵਾ ਨੂੰ ਬਾਬਾ ਜੀ ਨੇ ਇੰਨੀ ਉੱਚੀ-ਸੁੱਚੀ ਭਾਵਨਾ, ਸਮਰਪਣ ਤੇ ਸਿਦਕ ਨਾਲ ਨਿਭਾਇਆ ਕਿ ਸੁਨਹਿਰੀ ਇਤਿਹਾਸ ਰਚਿਆ ਗਿਆ। ਆਪ ਦਾ ਜੀਵਨ ਗੁਰੂ ਨਾਨਕ ਸਾਹਿਬ ਦੇ ਹੁਕਮ "ਸਿਰੁ ਦੀਜੈ ਕਾਣਿ ਨ ਕੀਜੈ" ਦੀ ਕਸੌਟੀ 'ਤੇ ਪੂਰਾ ਉਤਰਨ ਵਾਲਾ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਖੰਡੇ-ਬਾਟੇ ਦੀ ਪਾਹੁਲ ਤੋਂ ਨਿੱਤਰੇ ਧਰਮ ਬਲ ਦਾ ਪ੍ਰੇਰਣਾਦਾਈ ਪ੍ਰਤੀਕ ਸੀ। ਗੁਰੂ ਨਾਨਕ ਸਾਹਿਬ ਦਾ ਖਰਾ ਸੱਦਾ ਸੀ "ਸਿਰੁ ਧਰਿ ਤਲੀ ਗਲੀ ਮੇਰੀ ਆਉ ॥" ਜਿਸ ਨੂੰ ਤਨੋਂ, ਮਨੋਂ ਧਾਰਨ ਕਰ ਲੱਖਾਂ ਲੋਕ ਸਿੱਖ ਬਣੇ ਪਰ ਇਸ ਨੂੰ ਸ਼ਬਦ ਦਰ ਸ਼ਬਦ ਸਿੱਧ ਕਰਨ ਦਾ ਸੁਭਾਗ ਇਕੱਲੇ ਬਾਬਾ ਦੀਪ ਸਿੰਘ ਜੀ ਨੂੰ ਹੀ ਪ੍ਰਾਪਤ ਹੋਇਆ। ਗੁਰ ਸ਼ਬਦ ਨੂੰ ਧਾਰਨ ਕਰਨ ਵਾਲੇ, ਗੁਰੂ ਦੇ ਮਾਰਗ 'ਤੇ ਚੱਲਣ ਵਾਲੇ ਲੱਖਾਂ, ਕਰੋੜਾਂ ਦੀ ਤਦਾਦ 'ਚ ਹਨ। ਗੁਰੂ ਦੀ ਵਡਿਆਈ ਦੀ ਅੰਤਰ ਦ੍ਰਿਸ਼ਟੀ ਕਿਸੇ ਨੂੰ ਹੀ ਮਿਲਦੀ ਹੈ।

ਨੇੜੈ ਨੇੜੈ ਸਭੁ ਕੋ ਕਹੈ ॥
ਗੁਰਮੁਖਿ ਭੇਦੁ ਵਿਰਲਾ ਕੋ ਲਹੈ ॥
(ਪੰਨਾ ੧੧੩੯)

ਵਾਹਿਗੁਰੂ ਦੀ ਭਗਤੀ 'ਤੇ ਸਮਰਪਣ ਦੀ ਰਮਜ਼ ਪਛਾਣ ਲੈਣ ਵਾਲੇ ਬਾਬਾ ਦੀਪ ਸਿੰਘ ਜੀ ਦਾ ਜਨਮ 26, ਜਨਵਰੀ ਸੰਨ 1682 ਨੂੰ ਅੰਮ੍ਰਿਤਸਰ ਦੇ ਪਹੁਵਿੰਡ ਵਿੱਚ ਹੋਇਆ ਸੀ। ਆਪ ਪਿਤਾ ਭਾਈ ਭਗਤਾ ਜੀ ਤੇ ਮਾਤਾ ਜਿਉਣੀ ਜੀ ਦੀ ਇਕੱਲੀ ਸੰਤਾਨ ਸਨ। ਆਪ ਦਾ ਲਾਲਨ ਪਾਲਨ ਬੜੇ ਹੀ ਚਾਉ ਤੇ ਰੀਝਾਂ ਨਾਲ ਹੋਇਆ। ਬਾਰ੍ਹਾਂ ਸਾਲ ਦੀ ਉਮਰ 'ਚ ਆਪ ਨੂੰ ਮਾਤਾ-ਪਿਤਾ ਨਾਲ ਆਨੰਦਪੁਰ ਸਾਹਿਬ ਵਿੱਚ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ। ਬਾਬਾ ਦੀਪ ਸਿੰਘ ਜੀ ਦਾ ਪਰਿਵਾਰ ਕਈ ਦਿਨ ਆਨੰਦਪੁਰ ਸਾਹਿਬ ਰਹਿ ਕੇ ਜਦੋਂ ਵਾਪਿਸ ਹੋਣ ਲੱਗਾ, ਤਾਂ ਦਸਮ ਪਿਤਾ ਨੇ ਬਾਬਾ ਜੀ ਨੂੰ ਕੋਲ ਹੀ ਰੋਕ ਲਿਆ। ਗੁਰੂ ਸਾਹਿਬ ਨੇ ਬਾਬਾ ਜੀ ਦੀ ਸਿੱਖਿਆ ਆਦਿਕ ਦੇ ਸ੍ਰੇਸ਼ਟ ਪ੍ਰਬੰਧ ਕਰਾਏ। ਭਾਈ ਮਨੀ ਸਿੰਘ ਤੇ ਹੋਰ ਸਿੱਖ ਵਿਦਵਾਨਾਂ ਨੇ ਬਾਬਾ ਦੀਪ ਸਿੰਘ ਜੀ ਨੂੰ ਗੁਰਬਾਣੀ, ਧਾਰਮਿਕ ਦਰਸ਼ਨ, ਪੰਜਾਬੀ ਤੇ ਹੋਰ ਭਾਸ਼ਾਵਾਂ 'ਚ ਪ੍ਰਵੀਨ ਕੀਤਾ। ਬਾਬਾ ਜੀ ਨੇ ਘੁੜਸਵਾਰੀ, ਸ਼ਸਤਰ ਵਿਦਿਆ, ਯੁੱਧ ਕਲਾ 'ਚ ਵੀ ਮੁਹਾਰਤ ਹਾਸਲ ਕਰ ਲਈ। ਸੰਨ 1699 ਵਿੱਚ ਜਦੋਂ ਖਾਲਸਾ ਪੰਥ ਦੀ ਸਾਜਨਾ ਹੋਈ, ਬਾਬਾ ਦੀਪ ਸਿੰਘ ਜੀ ਦਸਮ ਪਿਤਾ ਹੱਥੋਂ ਅੰਮ੍ਰਿਤ ਪਾਨ ਕਰ ਸਿੰਘ ਸੱਜ ਗਏ।

ਬਾਬਾ ਦੀਪ ਸਿੰਘ ਜੀ ਤਗੜੇ ਸਰੀਰ ਤੇ ਮਜ਼ਬੂਤ ਇਰਾਦਿਆਂ ਦੇ ਸੁਆਮੀ ਬਣ ਕੇ ਉਭਰੇ, ਜੋ ਨਿੱਤ ਗੁਰਬਾਣੀ ਤੇ ਨਾਮ ਸਿਮਰਨ 'ਚ ਰਮੇ ਰਹਿੰਦੇ ਸਨ। ਆਪ ਨੇ ਗੁਰੂ ਸਾਹਿਬ ਨਾਲ ਕਈ ਜੰਗਾਂ ਵਿੱਚ ਵੀ ਹਿੱਸਾ ਲਿਆ ਤੇ ਬਹਾਦਰੀ ਵਿਖਾਈ। ਸੰਨ 1702 ਵਿੱਚ ਨੌਜਵਾਨ ਬਾਬਾ ਦੀਪ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹੁਕਮ ਮੰਨ ਆਪਣੇ ਪਿੰਡ ਪਹੁਵਿੰਡ ਪਰਤ ਗਏ ਤੇ ਆਪਣੇ ਬਿਰਧ ਹੋ ਗਏ ਮਾਤਾ-ਪਿਤਾ ਦੀ ਸੇਵਾ ਸੰਭਾਲ 'ਚ ਲੱਗ ਪਏ। ਮਾਤਾ-ਪਿਤਾ ਦੀ ਸੇਵਾ ਨਾਲ ਹੀ ਮਨ ਗੁਰ ਸ਼ਬਦ 'ਚ ਜੁੜਿਆ ਰਹਿੰਦਾ ਤੇ ਗੁਰ ਚਰਣਾਂ ਦੀ ਪ੍ਰੀਤਿ ਗੂੜ੍ਹੀ ਹੁੰਦੀ ਜਾਂਦੀ ਸੀ। ਇਸ ਦੌਰਾਨ ਆਪ ਦਾ ਵਿਆਹ ਵੀ ਹੋ ਗਿਆ। ਸੰਨ 1704 'ਚ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਔਰੰਗਜ਼ੇਬ ਦੀ ਕੁਰਾਨ ਦੀ ਕਸਮ 'ਤੇ ਭਰੋਸਾ ਕਰ ਆਨੰਦਪੁਰ ਸਾਹਿਬ ਛੱਡਿਆ, ਤਾਂ ਮੁਗਲਾਂ ਨੇ ਧੋਖਾ ਕਰ ਹਮਲਾ ਕਰ ਦਿੱਤਾ। ਚਾਰੋਂ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਜੀ ਦਾ ਲਾਸਾਨੀ ਬਲਿਦਾਨ ਹੋਇਆ। ਵੱਡੀ ਤਦਾਦ 'ਚ ਸਿੱਖ ਸ਼ਹੀਦੀਆਂ ਪਾ ਗਏ। ਪਰਿਵਾਰ ਵਿੱਛੜ ਗਿਆ, ਸਿੰਘ ਖਿੰਡਰ ਗਏ। ਬਾਬਾ ਦੀਪ ਸਿੰਘ ਜੀ ਨੂੰ ਜਿਵੇਂ ਹੀ ਇਹ ਦੁਖਦ ਸਮਾਚਾਰ ਪ੍ਰਾਪਤ ਹੋਏ, ਉਹ ਗੁਰੂ ਸਾਹਿਬ ਨੂੰ ਮਿਲਣ ਲਈ ਘਰੋਂ ਤੁਰ ਪਏ। ਗੁਰੂ ਸਾਹਿਬ ਨਾਲ ਉਨ੍ਹਾਂ ਦਾ ਮੇਲ ਉਸ ਅਸਥਾਨ 'ਤੇ ਹੋਇਆ, ਜਿਸ ਨੂੰ ਵਰਤਮਾਨ 'ਚ ਦਮਦਮਾ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਉਹ ਸਮਾਂ ਸੀ, ਜਦੋਂ ਗੁਰੂ ਸਾਹਿਬ ਜੰਗਾਂ ਤੋਂ ਛੇਤੀ ਹੀ ਉਬਰ ਕੇ ਆਪਣਾ ਪੂਰਾ ਧਿਆਨ ਸਿੱਖ ਪੰਥ ਨੂੰ ਮੁੜ ਸੰਗਠਿਤ ਕਰਨ ਤੇ ਗੁਰਬਾਣੀ ਦਾ ਪ੍ਰਵਾਹ ਚਲਾਉਣ ਵਿੱਚ ਲਾਉਣ ਵਾਲੇ ਸਨ। ਸਾਰੇ ਧਰਮ ਗ੍ਰੰਥ ਤੇ ਵੱਡਮੁੱਲਾ ਸਮਾਨ ਰਾਵੀ ਦੇ ਹੜ੍ਹ 'ਚ ਰੁੜ੍ਹ ਜਾਣ ਕਾਰਨ ਭਾਰੀ ਨੁਕਸਾਨ ਹੋਇਆ ਸੀ। ਗੁਰੂ ਸਾਹਿਬ ਜਾਣਦੇ ਸਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਵਰੂਪ ਬਿਨਾ ਧਰਮ ਦਾ ਕਾਰਜ ਅੱਗੇ ਨਹੀਂ ਵੱਧ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਧੀਰਮਲਿਆਂ ਕੋਲ ਸੀ ਪਰ ਉਨ੍ਹਾਂ ਦੇਣ ਤੋਂ ਇਨਕਾਰ ਕਰ ਦਿੱਤਾ ਤੇ ਵਿਅੰਗ ਵੀ ਕੀਤੇ। ਗੁਰੂ ਸਾਹਿਬ ਨੇ ਇਸ ਦੀ ਪ੍ਰਵਾਹ ਨਾ ਕਰਦਿਆਂ ਆਪਣੀ ਆਤਮਿਕ ਸ਼ਕਤੀ ਤੇ ਸਿਮ੍ਰਤੀ ਨਾਲ ਪੂਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਹੂਬਹੂ ਲਿਖਵਾਇਆ। ਲਿਖਣ ਦੀ ਸੇਵਾ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਦੇ ਨਾਲ ਹੀ ਬਾਬਾ ਦੀਪ ਸਿੰਘ ਕੋਲੋਂ ਵੀ ਲਈ। ਬਾਅਦ 'ਚ ਬਾਬਾ ਜੀ ਨੇ ਆਪਣੀ ਹਸਤਲਿਪੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਾਰ ਸਵਰੂਪ ਹੋਰ ਤਿਆਰ ਕੀਤੇ। ਇਹ ਸਿੱਖ ਪੰਥ ਦੀ ਸਮੇਂ ਦੀ ਬਹੁਤ ਵੱਡੀ ਸੇਵਾ ਸੀ। ਬਾਬਾ ਜੀ ਨੇ ਅਰਬੀ ਲਿਪੀ ਵਿੱਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਵਰੂਪ ਤਿਆਰ ਕੀਤਾ। ਦਸਮ ਪਿਤਾ ਜਦੋਂ ਦਮਦਮਾ ਸਾਹਿਬ ਤੋਂ ਤੁਰ ਕੇ ਦੱਖਣ ਵੱਲ ਜਾਣ ਲੱਗੇ, ਤਾਂ ਬਾਬਾ ਦੀਪ ਸਿੰਘ ਜੀ ਨੂੰ ਉੱਥੇ ਹੀ ਰਹਿ ਕੇ ਗੁਰਬਾਣੀ ਤੇ ਸਿੱਖੀ ਦੇ ਪ੍ਰਚਾਰ, ਪ੍ਰਸਾਰ ਦੀ ਜ਼ਿੰਮੇਵਾਰੀ ਸੌਂਪੀ। ਬਾਬਾ ਜੀ ਪੂਰੇ ਤਨ, ਮਨ ਨਾਲ ਆਪਣੇ ਮਿਸ਼ਨ 'ਚ ਲੱਗ ਗਏ। ਉਹ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਦੇ, ਗੁਰ ਸ਼ਬਦ ਦੀ ਵਿਆਖਿਆ ਕਰਦੇ ਤੇ ਨਾਮ ਸਿਮਰਨ ਕਰਾਉਂਦੇ। ਆਪ ਲੋੜਵੰਦ ਸਿੱਖਾਂ ਦੀ ਅੱਗੇ ਹੋ ਕੇ ਮਦਦ ਵੀ ਕਰਦੇ। ਬਾਬਾ ਜੀ ਨੇ ਸਿੱਖਾਂ ਦਾ ਇੱਕ ਵੱਡਾ ਜੱਥਾ ਵੀ ਤਿਆਰ ਕਰ ਲਿਆ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਨਾਂਦੇੜ ਸਾਹਿਬ ਤੋਂ ਬਾਬਾ ਬੰਦਾ ਸਿੰਘ ਜੀ ਨੂੰ ਪੰਜਾਬ ਭੇਜਿਆ, ਤਾਂ ਬਾਬਾ ਦੀਪ ਸਿੰਘ ਜੀ ਆਪਣੇ ਜੱਥੇ ਨਾਲ ਉਨ੍ਹਾਂ ਦੇ ਨਾਲ ਹੋ ਗਏ ਤੇ ਕਈ ਜੰਗਾ ਵਿੱਚ ਸ਼ਾਮਲ ਹੋਏ। ਸਿਆਲਕੋਟ ਤੱਕ ਜਿੱਤ ਹਾਸਲ ਕਰਨ ਵਿੱਚ ਆਪ ਦਾ ਅਹਿਮ ਯੋਗਦਾਨ ਰਿਹਾ। ਇਹ ਅਦੁੱਤੀ ਤੇ ਵਿਸਮਾਦ ਭਰਿਆ ਸੀ। ਕਦੇ ਹੱਥ 'ਚ ਕਲਮ ਤੇ ਕਦੇ ਕਿਰਪਾਨ। ਕਦੇ ਗੁਰਬਾਣੀ ਦੀ ਵਿਖਾਇਆ ਕਰਦੀ ਰਸਨਾ ਤੇ ਕਦੇ ਵੈਰੀ ਨੂੰ ਨੇਸਤਨਾਬੂਦ ਕਰਦਿਆਂ ਭੁਜਾਵਾਂ। ਸੰਕਲਪ ਇੱਕੋ ਸੀ ਗੁਰੂ ਦੇ ਹੁਕਮ ਦੀ ਪਾਲਨਾ। ਬਾਬਾ ਬੰਦਾ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਬਾਬਾ ਦੀਪ ਸਿੰਘ ਜੀ ਦਮਦਮਾ ਸਾਹਿਬ ਵਾਪਿਸ ਆ ਗਏ। ਆਪ ਸ਼ਹੀਦੀ ਮਿਸਲ ਦੇ ਜੱਥੇਦਾਰ ਦੇ ਰੂਪ 'ਚ ਪੰਥ ਦੀ ਸੇਵਾ 'ਚ ਲੱਗ ਗਏ।

ਬਾਬਾ ਦੀਪ ਸਿੰਘ ਜੀ ਤਗੜੇ ਸਰੀਰ ਤੇ ਮਜ਼ਬੂਤ ਇਰਾਦਿਆਂ ਦੇ ਸੁਆਮੀ ਬਣ ਕੇ ਉਭਰੇ, ਜੋ ਨਿੱਤ ਗੁਰਬਾਣੀ ਤੇ ਨਾਮ ਸਿਮਰਨ 'ਚ ਰਮੇ ਰਹਿੰਦੇ ਸਨ। ਆਪ ਨੇ ਗੁਰੂ ਸਾਹਿਬ ਨਾਲ ਕਈ ਜੰਗਾਂ ਵਿੱਚ ਵੀ ਹਿੱਸਾ ਲਿਆ ਤੇ ਬਹਾਦਰੀ ਵਿਖਾਈ। ਸੰਨ 1702 ਵਿੱਚ ਨੌਜਵਾਨ ਬਾਬਾ ਦੀਪ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹੁਕਮ ਮੰਨ ਆਪਣੇ ਪਿੰਡ ਪਹੁਵਿੰਡ ਪਰਤ ਗਏ ਤੇ ਆਪਣੇ ਬਿਰਧ ਹੋ ਗਏ ਮਾਤਾ-ਪਿਤਾ ਦੀ ਸੇਵਾ ਸੰਭਾਲ 'ਚ ਲੱਗ ਪਏ। ਮਾਤਾ-ਪਿਤਾ ਦੀ ਸੇਵਾ ਨਾਲ ਹੀ ਮਨ ਗੁਰ ਸ਼ਬਦ 'ਚ ਜੁੜਿਆ ਰਹਿੰਦਾ ਤੇ ਗੁਰ ਚਰਨਾਂ ਦੀ ਪ੍ਰੀਤਿ ਗੂੜ੍ਹੀ ਹੁੰਦੀ ਜਾਂਦੀ ਸੀ। ਇਸ ਦੌਰਾਨ ਆਪ ਦਾ ਵਿਆਹ ਵੀ ਹੋ ਗਿਆ।

ਅੱਜ ਆਮ ਤੌਰ 'ਤੇ ਬਾਬਾ ਦੀਪ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਰੱਖਿਆ ਲਈ ਤਲੀ 'ਤੇ ਸਿਰ ਰੱਖ ਕੇ ਜੂਝਣ ਵਾਲੇ ਨਾਇਕ ਵਜੋਂ ਹੀ ਯਾਦ ਕੀਤਾ ਜਾਂਦਾ ਹੈ। ਇਹ ਬਲਿਦਾਨ ਬੇਸ਼ਕ ਬੇਮਿਸਾਲ ਸੀ ਪਰ ਇਸ ਬਲਿਦਾਨ ਦੀ ਸ਼ਕਤੀ ਦੇ ਪਿੱਛੇ ਦੀ ਅਸਲ ਤਾਕਤ ਗੁਰੂ ਤੇ ਗੁਰੂ ਸ਼ਬਦ ਦੀ ਸੇਵਾ ਦਾ ਅਦੁੱਤੀ ਸੰਕਲਪ ਵੀ ਓਨਾ ਹੀ ਬੇਮਿਸਾਲ ਸੀ।

ਸੰਨ 1756 ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ 'ਤੇ ਹਮਲਾ ਕੀਤਾ। ਉਹ ਲੁੱਟ-ਮਾਰ ਕਰਦਾ ਦਿੱਲੀ ਤੱਕ ਪੁੱਜ ਗਿਆ। ਭਾਰੀ ਤਬਾਹੀ ਕਰਨ ਤੇ ਦੌਲਤ ਲੁੱਟਣ ਤੋਂ ਬਾਅਦ ਜਦੋਂ ਅਬਦਾਲੀ ਵਾਪਸ ਪਰਤਿਆ, ਤਾਂ ਨਾਲ ਵੱਡੀ ਤਦਾਦ 'ਚ ਇਸਤਰੀਆਂ ਤੇ ਬੱਚਿਆਂ ਨੂੰ ਵੀ ਕੈਦ ਕਰ ਕੇ ਲੈ ਆਇਆ। ਸਿੱਖਾਂ ਨੂੰ ਇਹ ਬਰਦਾਸ਼ਤ ਨਾ ਹੋਇਆ। ਸਿੱਖ ਮਿਸਲਾਂ ਨੇ ਉਸ ਦੇ ਕਾਫ਼ਿਲੇ 'ਤੇ ਕਈ ਹਮਲੇ ਕੀਤੇ। ਜਦੋਂ ਉਸ ਦਾ ਕਾਫਿਲਾ ਕੁਰਛੇਤਰ ਪੁੱਜਾ, ਤਾਂ ਬਾਬਾ ਦੀਪ ਸਿੰਘ ਜੀ ਦੀ ਅਗੁਆਈ ਹੇਠ ਸਿੱਖਾਂ ਨੇ ਜ਼ਬਰਦਸਤ ਹਮਲਾ ਮਾਰਿਆ ਤੇ ਕੈਦ ਇਸਤਰੀਆਂ, ਬੱਚਿਆਂ ਨੂੰ ਆਜ਼ਾਦ ਕਰਾ ਲਿਆ। ਸਾਰੀਆਂ ਇਸਤਰੀਆਂ, ਬੱਚਿਆਂ ਨੂੰ ਪੂਰੀ ਇੱਜ਼ਤ ਨਾਲ ਉਨ੍ਹਾਂ ਦੇ ਘਰ ਪੁਜਾਇਆ ਗਿਆ। ਇਹ ਭਾਰਤ ਦੇ ਇਤਿਹਾਸ ਦੀ ਸਭ ਤੋਂ ਸ਼ਾਨਦਾਰ ਘਟਨਾ ਵਜੋਂ ਦਰਜ ਕੀਤੇ ਜਾਣ ਯੋਗ ਹੈ।

ਅਬਦਾਲੀ ਸਿੱਖਾਂ ਤੋਂ ਭਾਰੀ ਸ਼ਿਕਸਤ ਖਾ ਕੇ ਬਦਲੇ ਦੀ ਅੱਗ 'ਚ ਬਲਦਾ ਪਰਤ ਗਿਆ। ਲਾਹੌਰ ਦਾ ਰਾਜਕਾਜ ਜਦੋਂ ਅਬਦਾਲੀ ਦੇ ਪੁੱਤਰ ਤੈਮੂਰ ਖਾਨ ਤੇ ਜਹਾਨ ਖਾਨ ਕੋਲ ਆਇਆ, ਤਾਂ ਉਨ੍ਹਾਂ ਸੰਨ 1757 ਵਿੱਚ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ। ਪਵਿੱਤਰ ਇਮਾਰਤਾਂ ਢਹਾ ਦਿੱਤੀਆਂ ਤੇ ਅੰਮ੍ਰਿਤ ਸਰੋਵਰ ਨੂੰ ਕੂੜੇ ਕਰਕਟ ਨਾਲ ਭਰ ਦਿੱਤਾ। ਸਿੱਖਾਂ ਅੰਦਰ ਭਾਰੀ ਰੋਸ਼ ਪੈਦਾ ਹੋ ਗਿਆ। ਬਾਬਾ ਦੀਪ ਸਿੰਘ ਜੀ ਜੋ ਉਸ ਸਮੇਂ 75 ਸਾਲ ਦੇ ਬਿਰਧ ਹੋ ਚੁੱਕੇ ਸਨ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਸਹਿਣ ਨਾ ਕਰ ਸਕੇ ਤੇ ਫੌਰਨ ਹੀ ਆਪਣੇ ਜੱਥੇ ਨਾਲ ਅੰਮ੍ਰਿਤਸਰ ਵੱਲ ਕੂਚ ਕਰ ਗਏ। ਤਰਨਤਾਰਨ ਤੱਕ ਪੁੱਜਦਿਆਂ-ਪੁੱਜਦਿਆਂ ਉਨ੍ਹਾਂ ਦੇ ਸਾਥੀਆਂ ਦੀ ਤਦਾਦ ਤਕਰੀਬਨ ਪੰਜ ਹਜ਼ਾਰ ਹੋ ਗਈ। ਆਪ ਨੇ ਜੋ ਖਾਸ ਖੰਡਾ ਚੁੱਕਿਆ ਹੋਇਆ ਸੀ, ਉਸ ਦਾ ਵਜ਼ਨ ਹੀ ਪੰਦਰਾਹ ਕਿਲੋ ਸੀ। ਜਹਾਨ ਖਾਨ ਨੇ ਬਾਬਾ ਜੀ ਨੂੰ ਅੰਮ੍ਰਿਤਸਰ ਤੋਂ ਪਹਿਲਾਂ ਹੀ ਰੋਕ ਲਿਆ। ਗੋਹਲਵਾੜ ਵਿਚ ਭਾਰੀ ਯੁੱਧ ਹੋਇਆ ਤੇ ਅਫਗਾਨੀਆਂ ਨੂੰ ਭੱਜਣਾ ਪੈ ਗਿਆ। ਇੰਨੇ ਨੂੰ ਅਤਾਈ ਖਾਨ ਹੋਰ ਫੌਜ ਲੈ ਕੇ ਆ ਗਿਆ, ਜਿਸ ਨਾਲ ਪਾਸਾ ਪਲਟਣ ਲੱਗ ਪਿਆ। ਸਿੱਖ ਤੇਜ਼ੀ ਨਾਲ ਸ਼ਹੀਦ ਹੋਣ ਲੱਗ ਪਏ। ਜੰਗ ਕਰਦਿਆਂ ਬਾਬਾ ਦੀਪ ਸਿੰਘ ਜੀ ਦੀ ਗਰਦਨ 'ਤੇ ਗਹਿਰਾ ਵਾਰ ਹੋਇਆ। ਇਸ ਤੋਂ ਬਿਨਾ ਘਬਰਾਇਆਂ ਬਾਬਾ ਜੀ ਇੱਕ ਹੱਥ ਨਾਲ ਗਰਦਨ ਸੰਭਾਲਦੇ ਯੁੱਧ ਕਰਦੇ ਰਹੇ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਤੱਕ ਆ ਗਏ। ਮਾਨਤਾ ਹੈ ਕਿ ਬਾਬਾ ਜੀ ਦਾ ਸੀਸ ਧੜ ਤੋਂ ਅਲੱਗ ਹੋ ਗਿਆ ਸੀ ਤੇ ਸੀਸ ਤਲੀ 'ਤੇ ਰੱਖ ਕੇ ਯੁੱਧ ਕਰਦੇ ਬਾਬਾ ਜੀ ਸ੍ਰੀ ਹਰਿਮੰਦਰ ਸਾਹਿਬ ਤੱਕ ਆ ਗਏ ਸਨ। ਜੋ ਹੋਇਆ, ਉਹ ਸੰਸਾਰ ਨੇ ਨਾ ਕਦੇ ਵੇਖਿਆ ਸੀ, ਨਾ ਕਦੇ ਵੇਖੇਗਾ ਕਿਉਂਕਿ ਬਾਬਾ ਦੀਪ ਸਿੰਘ ਜਿਹੇ ਮਹਾਨ ਨਾਇਕ ਇੱਕੋ ਵਾਰ ਜਨਮ ਲੈਂਦੇ ਹਨ ਤੇ ਜੀਵਨ ਮੁਕਤ ਹੋ ਪ੍ਰਮਾਤਮਾ 'ਚ ਸਮੋ ਜਾਂਦੇ ਹਨ। ਬਾਬਾ ਜੀ ਦੀ ਸ਼ਹੀਦੀ ਹੋਈ। ਸਿੱਖਾਂ ਦੀ ਬਹਾਦਰੀ ਅੱਗੇ ਅਫਗਾਨੀ ਟਿਕ ਨਾ ਸਕੇ ਤੇ ਭੱਜ ਗਏ। ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਬਹਾਲ ਕੀਤੀ ਗਈ।

ਕੋਈ ਬਾਬਾ ਦੀਪ ਸਿੰਘ ਕਿਵੇਂ ਬਣਦਾ ਹੈ ਤੇ ਕਿਵੇਂ ਧਰਮ ਦੀ ਮਰਿਆਦਾ ਲਈ ਸੰਕਲਪ ਪੂਰੇ ਕਰਦਾ ਹੈ, ਇਹ ਸਮਝਣ ਤੇ ਧਾਰਨ ਕਰਨ ਦਾ ਵਿਸ਼ਾ ਹੈ। ਕੌਤਕ ਵਰਤਿਆ ਨਹੀਂ ਕਰਦੇ, ਨਾ ਹੀ ਸਿੱਖ ਪੰਥ ਵਿੱਚ ਇਨ੍ਹਾਂ ਦੀ ਕੋਈ ਮਾਨਤਾ ਹੈ, ਸਿਦਕ 'ਤੇ ਅਡੋਲ ਰਹਿਣਾ ਅਜਿਹੇ ਵਿਸਮਾਦ ਪੈਦਾ ਕਰਦਾ ਹੈ, ਜਿਸ ਅੱਗੇ ਸਾਰੇ ਸੁਪਨ ਕੌਤਕ ਵੀ ਫਿੱਕੇ ਪੈ ਜਾਂਦੇ ਹਨ।

ਪ੍ਰਮਿੰਦਰ ਸਿੰਘ 'ਪ੍ਰਵਾਨਾ'
510-415-9377
ਪੰਜਾਬ ਮੇਲUSA



# ਬਾਬਾ ਦੀਪ ਸਿੰਘ ਜੀ ਸ਼ਹੀਦ

## (1682-1757)





ਸਿੱਖ ਪੰਥ ਨੇ ਮਾਨਵਵਾਦੀ ਧਰਮ ਮਨੋਰਥ ਦੀ ਪੂਰਤੀ ਨੂੰ ਇਸ ਸ਼ਿੱਦਤ ਨਾਲ ਲਿਆ ਕਿ ਸਿਆਸੀ ਤਾਕਤ ਆਮ ਜਨਤਾ ਨੂੰ ਹਾਸਿਲ ਹੋਵੇ, ਜਿਸ ਵਾਸਤੇ ਦ੍ਰਿੜ੍ਹ ਨਿਸ਼ਚੇ ਵਾਲੀ ਅਗਵਾਈ ਦੀ ਲੋੜ ਸੀ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਗ੍ਰਹਿਸਥ ਨੂੰ ਰੂਹਾਨੀ ਵਿਸਥਾਰ ਮੰਨਿਆ। ਸਮਾਜ ਨੂੰ ਝੂਠੇ ਕਰਮ-ਕਾਂਡਾਂ ਵਿਚੋਂ ਕੱਢ ਕੇ ਸਾਵੀਂ-ਪੱਧਰੀ ਜੀਵਨ-ਜਾਚ ਸਿਖਾਈ। ਸਿੱਖ ਗੁਰੂਆਂ ਨੇ ਨਾਬਰਾਬਰੀ ਵਾਲੇ ਸਮਾਜ ਦੀ ਧਾਰਮਿਕ, ਸਮਾਜਿਕ ਤੇ ਸਿਆਸੀ ਦਸ਼ਾ ਨੂੰ ਬਦਲਿਆ। ਉਨ੍ਹਾਂ ਨੇ ਬੇਗਰਜ਼ ਸੇਵਾ 'ਤੇ ਜ਼ੋਰ ਦਿੱਤਾ। ਸਮਾਜ ਨੂੰ ਜਾਤ-ਪਾਤ ਤੋਂ ਉੱਪਰ ਚੁੱਕ ਕੇ ਮਾਨਵਵਾਦੀ ਇਨਕਲਾਬ ਨਾਲ ਜੋੜ ਦਿੱਤਾ। ਸਮੇਂ ਦੀਆਂ ਹਕੂਮਤਾਂ ਨੇ ਸਿੱਖੀ ਨੂੰ ਖ਼ਤਮ ਕਰਨ ਲਈ ਹਰ ਅਣਮਨੁੱਖੀ ਹਿੱਲਾ ਵਰਤਿਆ। ਮੁਗਲ ਹਾਕਮਾਂ ਦੀ ਜਬਰੀ ਧਰਮ ਪਰਿਵਰਤਨ ਦੀ ਖ਼ੂਨ ਨੀਤੀ ਨੇ ਸਮਾਜਿਕ ਇਖ਼ਲਾਕ ਨੂੰ ਭਾਰੀ ਸੱਟ ਮਾਰੀ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਮਾਨਵੀ ਬਰਾਬਰੀ ਲਈ ਖ਼ਾਲਸਾ ਪੰਥ ਸਾਜ ਕੇ ਮੁਗਲ ਸਾਮਰਾਜ ਦੇ ਧਾਰਮਿਕ ਤੇ ਸਿਆਸੀ ਅੱਤਿਆਚਾਰ ਵਿਰੁੱਧ ਸੰਘਰਸ਼ ਕੀਤਾ। ਇਸ ਸਿਆਸੀ ਉਥਲ-ਪੁਥਲ ਵਿਚ ਗੁਰੂ ਜੀ ਨੂੰ ਆਨੰਦਪੁਰ ਛੱਡਣਾ ਪਿਆ। ਉਪਰੰਤ ਚਮਕੌਰ ਤੇ ਮੁਕਤਸਰ ਦੇ ਜੰਗ ਹੋਏ। ਗੁਰੂ ਜੀ ਤੋਂ ਬਾਅਦ ਡੇਢ ਸਾਲ ਵਿਚ ਹੀ ਸ਼ਹੀਦ ਬਾਬਾ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਰਹਿੰਦ ਫ਼ਤਹਿ ਕਰ ਲਿਆ। 9 ਜੂਨ, 1716 ਨੂੰ ਬਾਬਾ ਜੀ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ 'ਤੇ ਜ਼ੁਲਮ ਹੋਰ ਵਧ ਗਿਆ। ਪਰ ਖ਼ਾਲਸੇ ਨੇ ਗੁਰੂ ਗ੍ਰੰਥ ਸਾਹਿਬ ਜੀ 'ਤੇ ਨਿਸ਼ਚੇ ਅਤੇ ਦ੍ਰਿੜ੍ਹ ਇਰਾਦੇ ਨੇ ਸਿੱਖ ਸੰਘ ਸੰਗਠਿਤ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਜੀ ਨੇ 12 ਮਿਸਲਾਂ ਨੂੰ ਇਕੱਠਾ ਕਰਕੇ ਖ਼ਾਲਸਾ ਰਾਜ ਸਥਾਪਿਤ ਕਰ ਲਿਆ।

ਮਿਸਲ ਸ਼ਹੀਦਾਂ ਦੇ ਬਾਨੀ ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ, 1682 ਨੂੰ ਪਿੰਡ ਪਹੂਵਿੰਡ, ਜ਼ਿਲ੍ਹਾ ਤਰਨ ਤਾਰਨ, ਮਾਤਾ ਜਿਊਣੀ, ਪਿਤਾ ਭਗਤਾ ਜੀ ਦੇ ਗ੍ਰਹਿ ਵਿਖੇ ਹੋਇਆ। ਇਸ ਮਿਸਲ ਦੇ ਕੋਲ ਸ਼ਾਹਜ਼ਾਦਪੁਰ ਕੇਸਮੀ, ਰਣਖੰਡੀ, ਬੜਥਾ, ਜਮਾਈ-ਸਹਾਰਨਪੁਰ ਦੇ ਇਲਾਕੇ ਸਨ। ਨੌਜਵਾਨ ਅਵਸਥਾ ਵਿਚ ਦੀਪੇ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਆਪ ਜੀ ਦਾ ਨਾਂ ਦੀਪ ਸਿੰਘ ਹੋ ਗਿਆ। ਉਹ ਜਦ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨਾਂ ਨੂੰ ਗਏ, ਤਾਂ ਗੁਰੂ ਜੀ ਕੋਲ ਠਹਿਰ ਗਏ ਸਨ। ਆਪ ਇਕ ਅਭਿਆਸੀ ਸੰਤ ਸਿਪਾਹੀ ਸਨ। ਗਠੀਲਾ ਸਰੀਰ, ਮਜ਼ਬੂਤ ਇਰਾਦਾ, ਸੂਰਮੇ ਜਿਹੇ ਜਲਾਲ ਅਤੇ ਨਿਪੁੰਨ ਯੋਧੇ ਹੋਏ ਹਨ। ਆਪ ਧਾਰਮਿਕ ਬਿਰਤੀ ਵਾਲੇ ਸਨ। ਆਪ ਇੱਕ ਸੂਝਵਾਨ ਵਿਦਵਾਨ ਤੇ ਸੂਰਬੀਰ ਸੈਨਿਕ ਹੋ ਗਏ ਸਨ। ਆਪ ਜੀ ਨੇ ਭਾਈ ਮਨੀ ਸਿੰਘ ਜੀ ਦੀ ਸੰਗਤ 'ਚ ਗੁਰਬਾਣੀ ਅਧਿਐਨ ਕੀਤਾ। ਆਪ ਇੱਕ ਚੰਗੇ ਲਿਖਾਰੀ ਤੇ ਕੀਰਤਨੀਏ ਸਨ। ਸੰਨ 1738 ਵਿਚ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਆਪ ਉਸ ਸਮੇਂ ਦੇ ਵਿਦਵਾਨ ਸਨ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਜਦੋਂ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ) ਪਹੁੰਚੇ, ਤਾਂ ਬਾਬਾ ਦੀਪ ਸਿੰਘ ਜੀ ਵੀ ਪਹੁੰਚ ਗਏ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਜਦੋਂ ਗੁਰੂ ਪਿਤਾ ਦੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਤਿਆਰ ਕਰਵਾਇਆ, ਤਾਂ ਬਾਬਾ ਜੀ ਨੇ ਉਤਾਰੇ ਤਿਆਰ ਕੀਤੇ।

ਜੰਗੀ ਜਿਊਣ ਲਈ ਬਾਬਾ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਜੰਗਾਂ ਵਿਚ ਹਿੱਸਾ ਲਿਆ ਅਤੇ ਭਰਪੂਰ ਸਾਥ ਦਿੱਤਾ। ਬਾਬਾ ਜੀ ਦੀ ਬਹਾਦਰੀ ਤੋਂ ਦੁਸ਼ਮਣ ਡਰ ਕੇ ਦੌੜ ਜਾਂਦੇ ਸਨ। ਆਪ ਜੀ ਦਾ ਜੱਥਾ 'ਸ਼ਹੀਦੀ ਜੱਥਾ' ਵਜੋਂ ਪ੍ਰਸਿੱਧ ਹੋਇਆ। ਸੰਨ 1738 ਵਿਚ ਜ਼ਕਰੀਆ ਖ਼ਾਨ ਨੇ ਅੰਮ੍ਰਿਤਸਰ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਸਿੰਘ ਮਾਲਵੇ ਵੱਲ ਵਧ ਗਏ। ਇਸ ਤੋਂ ਬਾਅਦ ਹੋਈਆਂ ਝੜਪਾਂ ਵਿਚ ਲਖਪਤ ਰਾਏ ਦਾ ਭਤੀਜਾ ਦੂਰੀ ਚੰਦ ਮਾਰਿਆ ਗਿਆ। ਜ਼ਕਰੀਆ ਖਾਨ ਖੁਦ ਮੈਦਾਨ ਵਿਚ ਉਤਰ ਆਇਆ। ਸੈਂਕੜੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ। ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। 11 ਅਗਸਤ 1740 ਨੂੰ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਨੇ ਮੱਸੇ ਰੰਗੜ ਜੋ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਦਾ ਦੋਸ਼ੀ ਸੀ, ਨੂੰ ਸਬਕ ਸਿਖਾਉਣ ਲਈ ਬੀਕਾਨੇਰ ਤੋਂ ਤੁਰੇ, ਤਾਂ ਉਹ ਰਸਤੇ ਵਿਚ ਬਾਬਾ ਜੀ ਕੋਲ ਦਮਦਮਾ ਸਾਹਿਬ ਠਹਿਰੇ ਤੇ ਮੱਸੇ ਰੰਗੜ ਦਾ ਸਿਰ ਨੇਜੇ 'ਤੇ ਟੰਗ ਕੇ ਵਾਪਸੀ 'ਤੇ ਵੀ ਠਹਿਰੇ ਸਨ।

ਅਹਿਮਦ ਸ਼ਾਹ ਦੁਰਾਨੀ ਸਿੰਘਾਂ ਦਾ ਬੜਾ ਵਿਰੋਧੀ ਸੀ। ਸੰਨ 1757 ਵਿਚ ਉਸ ਨੇ ਅੰਮ੍ਰਿਤਸਰ ਨੂੰ ਲੁੱਟਿਆ। ਅੰਮ੍ਰਿਤਸਰ ਦੇ ਮੁਖੀ ਜਮਾਲ ਖ਼ਾਨ ਨੇ ਦਰਬਾਰ ਸਾਹਿਬ ਦੀ ਬੇਅਦਬੀ ਕਰਨ ਅਤੇ ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਜਦੋਂ ਬਾਬਾ ਜੀ ਨੂੰ ਦਮਦਮਾ ਸਾਹਿਬ ਤਲਵੰਡੀ ਸਾਬੋ ਮਿਲੀ, ਤਾਂ ਉਨ੍ਹਾਂ ਨੇ ਰੋਹ ਵਿਚ ਆ ਕੇ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਐਲਾਨ ਕਰ ਦਿੱਤਾ। ਸਿੰਘਾਂ ਨੂੰ ਕਿਹਾ ਕਿ ਹੁਣ ਬੰਦੀ ਛੋੜ ਦਿਵਸ ਅੰਮ੍ਰਿਤਸਰ ਹੀ ਮਨਾਇਆ ਜਾਵੇਗਾ। ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਹੇਠ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਰੱਖਿਆ ਲਈ ਇਕੱਠੇ ਹੋ ਗਏ। ਉਹ ਅੰਮ੍ਰਿਤਸਰ ਵੱਲ ਵਧ ਪਏ। ਅੰਮ੍ਰਿਤਸਰ ਜਾਂਦੇ ਸਮੇਂ ਜਦੋਂ ਤਰਨਤਾਰਨ ਪਹੁੰਚੇ, ਤਾਂ ਸਿੰਘਾਂ ਦੀ ਗਿਣਤੀ 5 ਹਜ਼ਾਰ ਹੋ ਗਈ। ਬਾਬਾ ਜੀ ਨੇ ਵੰਗਾਰਿਆ ਕਿ ਇਸ ਧਰਮ ਯੁੱਧ ਵਿਚ ਜੋ ਸ਼ਹੀਦ ਹੋਣ ਲਈ ਤਿਆਰ ਹਨ, ਉਹ ਸਾਡੇ ਨਾਲ ਤੁਰਨ। ਸਿੰਘ ਬਾਬਾ ਜੀ ਨਾਲ ਤੁਰ ਪਏ।

ਜਦੋਂ ਬਾਬਾ ਜੀ ਦੀ ਤਿਆਰੀ ਦੀ ਖ਼ਬਰ ਜਹਾਨ ਖਾਂ ਤੱਕ ਪਹੁੰਚੀ, ਤਾਂ ਉਸ ਨੇ 20 ਹਜ਼ਾਰ ਦੀ ਫ਼ੌਜ ਲੈ ਕੇ ਤਰਨਤਾਰਨ ਵੱਲ ਵਧਣਾ ਸ਼ੁਰੂ ਕੀਤਾ। ਅੰਮ੍ਰਿਤਸਰ ਤੋਂ ਪੰਜ ਮੀਲ ਦੂਰ ਪਿੰਡ ਗੋਹਲਵਾੜ ਜਾ ਕੇ ਬਾਬਾ ਜੀ ਨੇ ਦੁਸ਼ਮਣ ਦੀ ਫ਼ੌਜ ਨੂੰ ਲਲਕਾਰਿਆ, ਜਿੱਥੇ ਗੁਰਦੁਆਰਾ 'ਲਲਕਾਰ ਸਾਹਿਬ' ਸਥਿਤ ਹੈ। ਲਾਹੌਰ ਦੇ ਫੌਜਦਾਰ ਨੇ 2 ਹਜ਼ਾਰ ਦੀ ਫ਼ੌਜ ਚਾੜ੍ਹ ਦਿੱਤੀ। ਬਾਬਾ ਜੀ ਦਾ ਸਾਹਮਣਾ ਜਮਾਲ ਖ਼ਾਨ ਨਾਲ ਹੋਇਆ। ਜਹਾਨ ਖਾਨ ਨੇ ਅਤਾਈ ਖਾਨ ਹਮਲਾ ਕਰਨ ਲਈ ਕਹਿ ਦਿੱਤਾ। ਜਹਾਨ ਖਾਨ ਆਪ ਘੋੜਸਵਾਰ ਫ਼ੌਜ ਲੈ ਕੇ ਅੰਮ੍ਰਿਤਸਰ ਤੋਂ ਗੋਹਲਵਾੜ ਪਹੁੰਚ ਗਿਆ। ਸਿੰਘਾਂ ਅਤੇ ਅਫ਼ਗਾਨਾਂ ਦੀ ਭਾਰੀ ਟੱਕਰ ਹੋਈ। ਅਫ਼ਗਾਨ ਸਿੱਖ ਫ਼ੌਜਾਂ ਦਾ ਸਾਹਮਣਾ ਨਾ ਕਰ ਸਕੇ। ਗਹਿਗੱਚ ਜੰਗ ਹੋਈ। ਸਿੰਘ ਇੱਕ-ਇੱਕ ਕਰਕੇ ਸ਼ਹੀਦ ਹੋਣ ਲੱਗੇ। ਜੰਗ ਵੀ ਹੁਣ ਚਰਮ ਸੀਮਾ 'ਤੇ ਭਿਅੰਕਰ ਹੋ ਗਿਆ। ਦੂਰ-ਦੂਰ ਤੱਕ ਲਾਸ਼ਾਂ ਦੇ ਢੇਰ ਸਨ। ਸਿੰਘ ਇੰਨੀ ਬਹਾਦਰੀ ਨਾਲ ਲੜੇ ਕਿ ਦੁਸ਼ਮਣ ਫ਼ੌਜਾਂ ਚਾਰੇ ਪਾਸਿਆਂ ਤੋਂ ਭੱਜਣ ਲੱਗੀਆਂ। ਸਿੰਘ ਅੰਮ੍ਰਿਤਸਰ ਵੱਲ ਵਧਣ ਲੱਗੇ। ਜਦ ਹੀ ਰਾਮਸਰ ਕੋਲ ਪਹੁੰਚੇ, ਬਾਬਾ ਜੀ ਦੋਧਾਰੀ ਖੰਡਾ ਖੜਕਾਉਂਦੇ ਵੈਰੀਆਂ ਨੂੰ ਮੁਕਾਉਂਦੇ ਜਾ ਰਹੇ ਸਨ।

ਬਾਬਾ ਜੀ ਖੁਦ ਜ਼ਖ਼ਮੀ ਹੋ ਚੁੱਕੇ ਸਨ। ਅਫ਼ਗਾਨ ਫ਼ੌਜ ਦਾ ਮੁਖੀ ਅਮਾਨ ਖ਼ਾਨ ਅੱਗੇ ਵਧਿਆ। ਬਾਬਾ ਜੀ ਨਾਲ ਉਸ ਦੀ ਆਹਮੋ ਸਾਹਮਣੀ ਟੱਕਰ ਹੋ ਗਏ। ਇੱਕ ਸਾਂਝੇ ਵਾਰ ਵਿਚ ਅਮੀਨ ਖਾਨ ਮਾਰਿਆ ਗਿਆ। ਬਾਬਾ ਜੀ ਦੀ ਗਰਦਨ 'ਤੇ ਡੂੰਘਾ ਫੱਟ ਲੱਗਾ। ਉਨ੍ਹਾਂ ਦੀ ਗਰਦਨ ਲਗਭਗ ਵੱਖ ਹੋਣ 'ਤੇ ਸੀ। ਬਾਬਾ ਜੀ ਨੇ ਖੱਬੇ ਹੱਥ ਦੀ ਟੇਕ ਨਾਲ ਸੀਸ ਨੂੰ ਸੰਭਾਲਿਆ ਅਤੇ ਸੱਜੇ ਹੱਥ ਨਾਲ ਖੰਡਾ ਵਹਾਉਂਦੇ ਲੜਦੇ ਗਏ। ਸੱਚਖੰਡ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਤੱਕ ਜਾ ਪਹੁੰਚੇ। ਬਾਬਾ ਜੀ 15 ਨਵੰਬਰ, 1757 ਨੂੰ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚ ਸ਼ਹੀਦੀ ਪਾ ਗਏ।

ਬਾਬਾ ਜੀ ਇੱਕ ਸੰਜਮੀ ਯੋਧਾ ਸਨ। ਉਨ੍ਹਾਂ ਨੂੰ ਆਪਣੀ ਬਹਾਦਰੀ ਦਾ ਹੰਕਾਰ ਨਹੀਂ ਸੀ। ਭਾਵੇਂ ਦੁਸ਼ਮਣ ਉਨ੍ਹਾਂ ਦੀ ਬਹਾਦਰੀ ਤੋਂ ਥਰ-ਥਰ ਕੰਬਦੇ ਸਨ। ਉਹ ਆਪਣੇ ਸਾਥੀ ਸਿੰਘਾਂ ਨਾਲ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਮਰਿਆਦਾ ਨੂੰ ਬਹਾਲ ਰੱਖਣ ਲਈ ਸ਼ਹੀਦ ਹੋਏ। ਬਾਬਾ ਜੀ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਸਾਹਿਬ ਰਾਮਸਰ ਨੇੜੇ ਹੈ, ਜਿੱਥੇ 'ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ' ਸੁਸ਼ੋਭਿਤ ਹੈ। ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚ ਜਿਥੇ ਸੀਸ ਭੇਟ ਕੀਤਾ, ਉਥੇ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ। ਬਾਬਾ ਜੀ ਦਾ ਦੋਧਾਰੀ ਖੰਡਾ ਅਕਾਲ ਤਖਤ ਸਾਹਿਬ ਜੀ ਦੇ ਸ਼ਸਤਰਾਂ ਵਿਚ ਸੰਭਾਲਿਆ ਪਿਆ ਹੈ। ਹਰ ਰੋਜ਼ ਸ਼ਾਮ ਨੂੰ ਸ਼ਸਤਰਾਂ ਦੇ ਦਰਸ਼ਨ ਬੜੀ ਸ਼ਰਧਾ ਨਾਲ ਸੰਗਤਾਂ ਨੂੰ ਕਰਵਾਏ ਜਾਂਦੇ ਹਨ।

ਅੰਤਿਕਾ: ਹੇ ਭਾਈ ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਕ ਹੈ, ਤਾਂ ਆਪਣਾ ਸਿਰ ਤਲੀ ਉੱਤੇ ਰੱਖ ਕੇ ਮੇਰੀ ਗਲੀ ਵਿਚ ਆ। ਲੋਕ-ਲਾਜ ਨੂੰ ਛੱਡ ਕੇ ਹਉਮੈ ਦੂਰ ਕਰਕੇ ਆ। ਪ੍ਰਭੂ-ਪ੍ਰੀਤ ਦੇ ਰਸਤੇ ਉਤੇ ਤਦੋਂ ਹੀ ਪੈਰ ਪਾ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਟ ਕੀਤਾ ਜਾਵੇ। ਪਰ ਕੋਈ ਝਿਜਕ ਨਾ ਕੀਤੀ ਜਾਵੇ। ਜਦੋਂ ਬਿਨਾਂ ਕਿਸੇ ਝਿਜਕ ਦੇ ਲੋਕ ਲਾਜ ਅਤੇ ਹਉਮੈ ਛੱਡੀ ਜਾਏ। (ਅੰਗ :1412)

ਸੰਨ 1738 ਵਿਚ ਜ਼ਕਰੀਆ ਖ਼ਾਨ ਨੇ ਅੰਮ੍ਰਿਤਸਰ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਸਿੰਘ ਮਾਲਵੇ ਵੱਲ ਵਧ ਗਏ। ਇਸ ਤੋਂ ਬਾਅਦ ਹੋਈਆਂ ਝੜਪਾਂ ਵਿਚ ਲਖਪਤ ਰਾਏ ਦਾ ਭਤੀਜਾ ਦੂਰੀ ਚੰਦ ਮਾਰਿਆ ਗਿਆ। ਜ਼ਕਰੀਆ ਖਾਨ ਖੁਦ ਮੈਦਾਨ ਵਿਚ ਉਤਰ ਆਇਆ। ਸੈਂਕੜੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ। ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। 11 ਅਗਸਤ 1740 ਨੂੰ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਨੇ ਮੱਸੇ ਰੰਗੜ ਜੋ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਦਾ ਦੋਸ਼ੀ ਸੀ, ਨੂੰ ਸਬਕ ਸਿਖਾਉਣ ਲਈ ਬੀਕਾਨੇਰ ਤੋਂ ਤੁਰੇ, ਤਾਂ ਉਹ ਰਸਤੇ ਵਿਚ ਬਾਬਾ ਜੀ ਕੋਲ ਦਮਦਮਾ ਸਾਹਿਬ ਠਹਿਰੇ ਤੇ ਮੱਸੇ ਰੰਗੜ ਦਾ ਸਿਰ ਨੇਜੇ 'ਤੇ ਟੰਗ ਕੇ ਵਾਪਸੀ 'ਤੇ ਵੀ ਠਹਿਰੇ ਸਨ।

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA



# ਕਿਸੇ ਵੀ ਕਾਰਜ ਪਿੱਛੇ ਤੁਹਾਡੀ ਭਾਵਨਾ ਕੀ ਹੈ ?



ਅਜੇ ਤੱਕ ਅਜਿਹਾ ਆਦਰਸ਼ਿਕ ਸਮਾਜ ਕਿਉਂ ਨਹੀਂ ਬਣ ਸਕਿਆ ਭਾਵ ਅਜਿਹਾ ਸਮਾਜ ਜਿਸ ਵਿਚ ਹਰ ਮਨੁੱਖ ਨੂੰ ਸ਼ਾਂਤੀ, ਸੁੱਖ, ਖੁਸ਼ਹਾਲੀ, ਇਨਸਾਫ਼, ਆਜ਼ਾਦੀ ਤੇ ਮਨੁੱਖ ਨੂੰ ਮੁੱਢਲੀਆਂ ਲੋੜਾਂ ਮਿਲ ਸਕਣ। ਸਮਾਜ ਵਿਚ ਰਹਿੰਦੇ ਵਿਅਕਤੀਆਂ ਨਾਲ ਸਮਾਜ ਬਣਦਾ ਹੈ, ਇਸ ਦਾ ਭਾਵ ਇਹ ਹੋਇਆ ਕਿ ਆਦਰਸ਼ਿਕ ਸਮਾਜ ਲਈ ਆਦਰਸ਼ਿਕ ਵਿਅਕਤੀ ਚਾਹੀਦੇ ਹਨ ਪਰ ਸਾਰੇ ਵਿਅਕਤੀ ਆਦਰਸ਼ਿਕ ਨਹੀਂ ਬਣ ਸਕਦੇ। ਅਜਿਹਾ ਸਮਾਜ ਜਿਸ ਵਿਚ ਹਰ ਇਕ ਲਈ ਜਾਨ, ਮਾਲ ਤੇ ਇੱਜ਼ਤ ਸੁਰੱਖਿਅਤ ਹੋਵੇ।

ਇਸ ਲਈ ਕੁਝ ਇਕ ਵਿਅਕਤੀ ਜਿਨ੍ਹਾਂ ਨੇ ਸਮਾਜ ਨੂੰ ਇਕ ਸੇਧ ਦੇਣੀ ਹੁੰਦੀ ਹੈ ਤੇ ਸਮਾਜ ਦਾ ਪ੍ਰਬੰਧ ਕਰਨਾ ਹੁੰਦਾ ਹੈ ਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਹਲ ਕਰਨਾ ਹੁੰਦਾ ਹੈ, ਉਹ ਤਾਂ ਘੱਟੋ-ਘੱਟ ਵਿਸ਼ੇਸ਼ ਵਿਅਕਤੀ ਚਾਹੀਦੇ ਹਨ, ਜਿਵੇਂ ਧਾਰਮਿਕ, ਵਿੱਦਿਅਕ, ਰਾਜਨੀਤਿਕ, ਪੱਤਰਕਾਰ, ਸਾਹਿਤਕਾਰ ਤੇ ਪ੍ਰਬੰਧਕ ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ ਇਹ ਲੋਕ ਹੀ ਆਪਣੇ ਫ਼ਰਜ਼ਾਂ ਤੇ ਜ਼ਿੰਮੇਵਾਰੀ ਦੀ ਕੁਤਾਹੀ ਕਰ ਰਹੇ ਹਨ, ਭਾਵ ਵਾੜ ਹੀ ਖੇਤ ਨੂੰ ਖਾਈ ਜਾਂਦੀ ਹੈ। ਰਾਜੇ ਸ਼ੀਂਹ ਮੁਕੱਦਮ ਕੁੱਤੇ ਵਾਲੀ ਗੱਲ ਬਣੀ ਹੋਈ ਹੈ।

ਕਾਰਣ ਇਹ ਹੈ ਕਿ ਅੱਜ ਇਹ ਲੋਕ ਵੀ ਪੈਸੇ ਤੇ ਸੱਤਾ ਪਿੱਛੇ ਲੱਗੇ ਹੋਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਿਜ਼ਨਸਮੈਨ ਤੇ ਖੇਤੀਬਾੜੀ ਕਰਨ ਵਾਲੇ ਲੋਕਾਂ ਦਾ ਕੰਮ ਤੇ ਸਿਰਫ਼ ਪੈਸਾ ਇਕੱਠਾ ਕਰਨਾ ਤੇ ਕਮਾਉਣਾ ਹੁੰਦਾ ਹੈ। ਪਰ ਜੇ ਕੋਈ ਸੰਤ ਬਣ ਕੇ ਤੇ ਘਰ ਬਾਰ ਤਿਆਗ ਕਰਕੇ, ਫਿਰ ਵੀ ਉਹ ਦੁਨੀਆਵੀਂ ਚੀਜ਼ਾਂ ਦੀ ਭਾਵ ਪੈਸਾ ਇਕੱਠਾ ਕਰਨ ਦੀ ਸੋਚਦਾ ਹੈ, ਤਾਂ ਉਹ ਸੰਤ ਨਹੀਂ, ਸਗੋਂ ਭੇਖੀ ਹੈ ਤੇ ਸੰਤ ਹੋਣ ਦਾ ਢੋਂਗ ਰਚ ਰਿਹਾ ਹੈ। ਇਸੇ ਤਰ੍ਹਾਂ ਪੁਲਿਸ, ਨਿਆਂਪਾਲਿਕਾ ਤੇ ਰਾਜਨੀਤਿਕ ਇਨ੍ਹਾਂ ਲੋਕਾਂ ਨੇ ਲੋਕਾਂ ਬਾਰੇ ਸੋਚਣਾ ਹੁੰਦਾ ਹੈ ਤੇ ਜੇਕਰ ਉਨ੍ਹਾਂ ਦਾ ਲਕਸ਼ ਵੀ ਪੈਸਾ ਕਮਾਉਣਾ ਹੀ ਬਣ ਜਾਵੇ ਤਾਂ ਉਹ ਆਪਣੇ ਫ਼ਰਜ਼ ਵਲੋਂ ਕੁਤਾਹੀ ਕਰ ਰਹੇ ਹੋਣਗੇ ਕਿਉਂਕਿ ਉਹ ਆਪਣੇ ਅਸਲੀ ਲਕਸ਼ ਭਾਵ ਅਸਲੀ ਨੁਕਤੇ ਨੂੰ ਭੁੱਲ ਰਹੇ ਹੋਣਗੇ। ਪੁਲਿਸ ਦਾ ਕੰਮ ਲੋਕਾਂ ਦੀ ਜਾਨ, ਮਾਲ ਤੇ ਇੱਜ਼ਤ ਦੀ ਰੱਖਿਆ ਕਰਨਾ ਹੁੰਦਾ ਹੈ, ਨਿਆਂਪਾਲਿਕਾਂ ਨੇ ਲੋਕਾਂ ਨੂੰ ਇਨਸਾਫ਼ ਦੇਣਾ ਹੁੰਦਾ ਹੈ ਅਤੇ ਰਾਜਨੀਤਿਕ ਦਾ ਕੰਮ ਹੁੰਦਾ ਹੈ ਲੋਕਾਂ ਬਾਰੇ ਸੋਚਣਾ ਪਰ ਅੱਜਕੱਲ੍ਹ ਦਾ ਰਾਜਨੀਤਿਕ ਇੰਨਾ ਸੁਆਰਥੀ, ਪਦਾਰਥਵਾਦੀ ਤੇ ਸੱਤਾ ਦਾ ਭੁੱਖਾ ਹੈ ਕਿ ਉਸ ਨੂੰ ਇਸ ਤੋਂ ਬਿਨਾਂ ਕੁਝ ਹੋਰ ਨਜ਼ਰ ਨਹੀਂ ਆਉਂਦਾ।

ਇਸੇ ਤਰ੍ਹਾਂ ਧਰਮ ਦੇ ਖੇਤਰ ਵਿਚ ਵੀ ਇੰਨਾ ਪਾਖੰਡਵਾਦ ਆ ਗਿਆ ਹੈ ਕਿ ਧਾਰਮਿਕ ਆਗੂ ਕਰਦੇ ਕੁਝ ਹਨ, ਕਹਿੰਦੇ ਕੁਝ ਹਨ, ਭਾਵ ਕਹਿਣੀ ਤੇ ਕਰਨੀ ਤੋਂ ਕੋਹਾਂ ਦੂਰ ਹਨ ਤੇ ਲੋਕਾਂ ਵਿਚ ਏਕਤਾ, ਭਾਈਚਾਰਾ, ਪਿਆਰ, ਹਮਦਰਦੀ, ਨਿਮਰਤਾ, ਸਹਿਣਸ਼ੀਲਤਾ ਤੇ ਸਬਰ-ਸੰਤੋਖ ਕਿੱਥੋਂ ਆਵੇ ਕਿਉਂਕਿ ਧਰਮ ਵਿਚ ਅਸਲੀ ਨੁਕਤੇ ਤਾਂ ਗਾਇਬ ਹਨ। ਭਾਵ ਗੁਰਬਾਣੀ ਦੇ ਆਸ਼ੇ ਅਨੁਸਾਰ ਭਾਵ ਗੁਰੂਆਂ ਦੇ ਦਿੱਤੇ ਉਪਦੇਸ਼ ਉੱਤੇ ਚੱਲਣ ਦਾ ਤਾਂ ਕੋਈ ਯਤਨ ਹੀ ਨਹੀਂ ਕਰਦਾ ਤਾਂ ਆਦਰਸ਼ਿਕ ਸਮਾਜ ਦੀ ਉਸਾਰੀ ਕਿਵੇਂ ਹੋ ਸਕਦੀ ਹੈ। ਗੁਰੂ ਘਰਾਂ ਦੇ ਪ੍ਰਬੰਧਕ ਸ਼ਰਾਬੀ ਤੇ ਮੋਨੇ ਸੰਗਤ ਨੂੰ ਕੀ ਪ੍ਰਚਾਰ ਕਰਨਗੇ। ਇਸੇ ਤਰ੍ਹਾਂ ਵਿੱਦਿਆ ਦਾ ਖੇਤਰ ਹੈ। ਅਧਿਆਪਕਾਂ ਦਾ ਮੁੱਖ ਕਰਤੱਵ ਬੱਚਿਆਂ ਨੂੰ ਸਿੱਖਿਆ ਦੇਣੀ ਹੁੰਦਾ ਹੈ। ਪਰ ਅੱਜ ਦਾ ਅਧਿਆਪਕ ਵੀ ਇੰਨਾ ਪਦਾਰਥਵਾਦੀ ਹੋ ਗਿਆ ਕਿ ਉਸ ਨੂੰ ਵੀ ਪੈਸਾ ਹੀ ਨਜ਼ਰ ਆਉਂਦਾ ਹੈ ਤੇ ਪੜ੍ਹਾਉਣ ਦੀ ਗੱਲ ਤਾਂ ਦੂਜੇ ਨੰਬਰ 'ਤੇ ਹੈ। ਸਕੂਲ ਵਿਚ ਪੜ੍ਹਾਈ ਨਾ ਕਰਾਉਣੀ ਤੇ ਮਗਰੋਂ ਵਿਦਿਆਰਥੀਆਂ ਨੂੰ ਟਿਊਸ਼ਨਾਂ ਰੱਖਣ ਲਈ ਮਜਬੂਰ ਕਰਨਾ। ਇਹੋ ਕਾਰਣ ਹੈ ਕਿ ਵਿਦਿਆਰਥੀਆਂ ਨੇ ਅਧਿਆਪਕਾਂ ਦੇ ਆਪਸੀ ਸਬੰਧ ਪਹਿਲੇ ਵਰਗੇ ਨਹੀਂ ਰਹੇ। ਪਹਿਲੇ ਸਮੇਂ ਵਿਚ ਅਧਿਆਪਕ ਤੇ ਵਿਦਿਆਰਥੀ ਦਾ ਆਪਸੀ ਸਬੰਧ ਗੁਰੂ ਤੇ ਚੇਲੇ ਵਾਲਾ ਹੁੰਦਾ ਸੀ ਪਰ ਹੁਣ ਇਹ ਕਦਰਾਂ-ਕੀਮਤਾਂ ਖੰਭ ਲਾ ਕੇ ਉਡ ਰਹੀਆਂ ਹਨ ਤੇ ਵਿਦਿਆਰਥੀਆਂ ਦੇ ਦਿਲਾਂ ਵਿਚ ਅਧਿਆਪਕਾਂ ਲਈ ਕੋਈ ਅਦਬ ਤੇ ਪਿਆਰ ਨਹੀਂ ਰਿਹਾ। ਪਹਿਲੇ ਸਮੇਂ ਵਿਚ ਅਧਿਆਪਕ ਮਿਹਨਤੀ, ਜ਼ਿੰਮੇਵਾਰ ਹੁੰਦੇ ਸਨ ਤੇ ਬੱਚਿਆਂ ਨੂੰ ਮੁਫ਼ਤ ਪੜ੍ਹਾਇਆ ਕਰਦੇ ਸਨ। ਅਧਿਆਪਕ ਅਤਿ ਦੇ ਉੱਚੇ ਕਿਰਦਾਰ ਦੇ ਮਾਲਕ ਹੁੰਦੇ ਸਨ।

ਇਸੇ ਤਰ੍ਹਾਂ ਗਾਇਕੀ ਦਾ ਖੇਤਰ ਹੈ, ਇਸ ਵਿਚ ਵੀ ਉਹ ਪੁਰਾਣੀਆਂ ਕੀਮਤਾਂ ਨਹੀਂ ਰਹੀਆਂ ਲੱਚਰਤਾ ਤੇ ਅਸ਼ਲੀਲਤਾ ਗਾਇਕਾਂ ਵਿਚ ਭਾਰੂ ਹੋ ਰਹੀ ਹੈ ਪਰ ਕੁਝ ਚੰਗਾ ਵੀ ਹੋ ਰਿਹਾ ਹੈ ਤੇ ਕੁਝ ਗਾਇਕ ਬਹੁਤ ਚੰਗੇ ਵੀ ਹਨ ਤੇ ਉਨ੍ਹਾਂ ਨੇ ਆਪਣੇ ਪੁਰਾਣੇ ਸੱਭਿਆਚਾਰ ਨੂੰ ਸਾਂਭਿਆ ਹੋਇਆ ਹੈ। ਪੁਰਾਣੇ ਗਾਇਕ ਜਿਵੇਂ ਯਮਲਾ ਜੱਟ, ਸੁਰਿੰਦਰ ਕੌਰ, ਪ੍ਰਕਾਸ਼ ਕੌਰ ਤੇ ਆਸਾ ਸਿੰਘ ਮਸਤਾਨਾ ਵਰਗਿਆਂ ਨੂੰ ਦਹਾਕੇ ਹੀ ਬੀਤ ਗਏ ਹਨ ਪਰ ਉਨ੍ਹਾਂ ਦੇ ਗੀਤ ਅੱਜ ਵੀ ਨਵੇਂ ਲੱਗਦੇ ਹਨ ਤੇ ਮਨ ਨੂੰ ਸਕੂਨ ਦਿੰਦੇ ਹਨ, ਜਦੋਂਕਿ ਅੱਜ ਦੀ ਗਾਇਕੀ ਵਿਚ ਸ਼ੋਰ-ਸ਼ਰਾਬਾ ਜ਼ਿਆਦਾ ਹੈ ਤੇ ਕੰਨਾਂ ਨੂੰ ਖਾਣ ਵਾਲਾ ਹੈ ਤੇ ਸਕੂਨ ਘੱਟ ਹੈ। ਇਸੇ ਤਰ੍ਹਾਂ ਸਾਹਿਤ ਦੇ ਖੇਤਰ ਵਿਚ ਹੈ। ਇੰਨਾ ਸਾਹਿਤ ਲਿਖਿਆ ਗਿਆ ਹੈ ਅਤੇ ਬੜੇ ਵਿਦਵਾਨ, ਸ਼ਾਇਰ ਤੇ ਲੇਖਕ ਪੈਦਾ ਹੋਏ ਹਨ। ਪਰ ਅੱਜ ਤੱਕ ਸਾਹਿਤ ਨੇ ਮਨੁੱਖੀ ਜੀਵਨ ਵਿਚ ਕਿੰਨੀ ਕੁ ਤਬਦੀਲੀ ਲਿਆਂਦੀ ਹੈ। ਜਦੋਂਕਿ ਸਾਹਿਤ ਦਾ ਕੰਮ ਤਾਂ ਮਨੁੱਖੀ ਜੀਵਨ ਵਿਚ ਕੋਈ ਪ੍ਰੀਵਰਤਨ ਲਿਆਉਣਾ ਹੁੰਦਾ ਹੈ। ਇਸ ਦਾ ਕਾਰਣ ਇਹ ਹੈ ਕਿ ਬਹੁਤ ਸਾਰਾ ਸਾਹਿਤ ਤਾਂ ਪੜ੍ਹਨ ਯੋਗ ਵੀ ਨਹੀਂ ਹੁੰਦਾ ਤੇ ਉਸ ਵਿਚ ਲੱਚਰਤਾ ਤੇ ਅਸ਼ਲੀਲਤਾ ਹੀ ਨਜ਼ਰ ਆਉਂਦੀ। ਕੁਝ ਲੇਖਕ ਅਜਿਹਾ ਤਾਂ ਜ਼ਰੂਰ ਲਿਖਦੇ ਹਨ ਕਿ ਉਨ੍ਹਾਂ ਦੀਆਂ ਰਚਨਾਵਾਂ ਪੜ੍ਹਨਯੋਗ ਜ਼ਰੂਰ ਹੁੰਦੀਆਂ ਹਨ ਪਰ ਉਨ੍ਹਾਂ 'ਚ ਵਿਸ਼ਾ ਬਿਲਕੁਲ ਹੀ ਗਾਇਬ ਹੁੰਦਾ ਹੈ। ਇਹ ਪਤਾ ਹੀ ਨਹੀਂ ਲੱਗਦਾ ਕਿ ਉਹ ਕਹਿਣਾ ਕੀ ਚਾਹੁੰਦੇ ਹਨ। ਕੁਝ ਲੇਖਕ ਅਜਿਹੇ ਹਨ, ਜਿਨ੍ਹਾਂ ਦੀ ਰਚਨਾ ਦਾ ਮੁੱਖ ਉਦੇਸ਼, ਸਮਾਜ ਨੂੰ ਕੋਈ ਨਾ ਕੋਈ ਸੰਦੇਸ਼ ਦੇਣਾ ਹੁੰਦਾ ਹੈ। ਜਿਵੇਂ ਗੁਰਦਿਆਲ ਸਿੰਘ, ਪ੍ਰੋ. ਸੁਰਿੰਦਰ ਸਿੰਘ ਨਰੂਲਾ ਤੇ ਢਾਡੀ ਸੋਹਣ ਸਿੰਘ ਸ਼ੀਤਲ ਆਦਿ। ਗੁਰਦਿਆਲ ਸਿੰਘ ਤਾਂ ਆਖਦਾ ਹੈ ਕਿ ਜੇ ਕੋਈ ਪਾਤਰ ਅਣ-ਮਨੁੱਖੀ ਕਦਰਾਂ-ਕੀਮਤਾਂ ਦੇ ਵਿਰੁੱਧ ਕੋਈ ਸੱਟ ਨਹੀਂ ਮਾਰਦਾ। ਭਾਵ ਕੋਈ ਵਿਰੋਧਤਾ ਨਹੀਂ ਕਰਦਾ, ਤਾਂ ਮੈਂ ਉਸ ਰਚਨਾ ਨੂੰ ਸਾਹਿਤਕ ਰਚਨਾ ਨਹੀਂ ਮੰਨਦਾ। ਬਾਕੀ ਸਾਹਿਤ ਵਿਚ ਕੁਝ ਲੇਖਕ ਆਪਣੀਆਂ ਰਚਨਾਵਾਂ ਵਿਚ ਵਿਸ਼ਾ ਤਾਂ ਜ਼ਰੂਰ ਛੋਹਦੇ ਹਨ ਪਰ ਉਹ ਬੋਲੀ ਅਜਿਹੀ ਲਿਖਦੇ ਹਨ ਕਿ ਆਮ ਸਾਧਾਰਣ ਮਨੁੱਖ ਦੀ ਸਮਝ ਤੋਂ ਬਾਹਰ ਹੁੰਦੀ ਹੈ ਤੇ ਉਸ ਰਚਨਾ ਦਾ ਲਾਭ ਕੀ ਹੋਵੇਗਾ। ਇਸ ਲਈ ਰਚਨਾ ਆਮ ਲੋਕਾਂ ਦੀ ਬੋਲੀ ਵਿਚ ਸਮਝ ਆਉਣ ਵਾਲੀ ਹੋਣੀ ਚਾਹੀਦੀ ਹੈ। ਪਰ ਅਜਿਹਾ ਨਹੀਂ ਹੁੰਦਾ ਕਿਉਂਕਿ ਲੇਖਕ ਵਿਸ਼ੇ ਦੀ ਥਾਂ ਆਪਣੀ ਪ੍ਰਭਾਵਸ਼ਾਲੀ ਬੋਲੀ ਰਾਹੀਂ ਪ੍ਰਭਾਵ ਦੇਣਾ ਚਾਹੁੰਦਾ ਹੈ। ਬਾਕੀ ਕੁਝ ਕਵੀ, ਲੇਖਕ ਲਿਖਦੇ ਸੁਹਣਾ ਹਨ ਪਰ ਉਨ੍ਹਾਂ ਦਾ ਆਪਣਾ ਨਿੱਜੀ ਜੀਵਨ ਉਸ ਦੇ ਅਨੁਸਾਰ ਨਹੀਂ ਹੁੰਦਾ ਤੇ ਜਿਸ ਕਰਕੇ ਪਾਠਕਾਂ ਤੇ ਉਸ ਰਚਨਾ ਦਾ ਬਹੁਤ ਚੰਗਾ ਪ੍ਰਭਾਵ ਨਹੀਂ ਹੁੰਦਾ।

ਲੇਖਕ ਦਾ ਆਪਣਾ ਜੀਵਨ ਵੀ ਆਪਣੀ ਰਚਨਾ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ ਲੋੜ ਹੈ, ਅਸਲੀ ਨੁਕਤੇ ਨੂੰ ਆਪਣੇ ਫ਼ਰਜ਼ ਨੂੰ ਸਮਝਾਣ ਦੀ ਕੋਈ ਮਨੁੱਖ ਜੋ ਕਹਿੰਦਾ ਹੈ ਤੇ ਕਰਦਾ ਹੈ, ਉਸ ਦੀ ਭਾਵਨਾ ਕੀ ਹੈ? ਉਸ ਦਾ ਮਨੋਰਥ ਨਿੱਜੀ ਹੈ ਜਾਂ ਸਮੁੱਚੇ ਸਮਾਜ ਲਈ। ਇਸੇ ਤਰ੍ਹਾਂ ਹੀ ਸਾਡੇ ਘਰਾਂ ਤੇ ਸਮਾਜ ਦੀ ਦਸ਼ਾ ਹੈ। ਕੁਝ ਲੋਕ ਬੜਾ ਮਿੱਠਾ ਬੋਲਦੇ ਹਨ ਤੇ ਆਪਣੇ ਆਪ ਨੂੰ ਬਹੁਤ ਚੰਗਾ ਮਨੁੱਖ ਸਾਬਤ ਕਰਨ ਦਾ ਯਤਨ ਕਰਦੇ ਹਨ ਪਰ ਪਿੱਛੇ ਉਸ ਦੀ ਭਾਵਨਾ ਹੋਰ ਹੁੰਦੀ ਹੈ ਤੇ ਉਹ ਮਨੁੱਖ ਦੂਜਿਆਂ ਪ੍ਰਤੀ ਸੁਹਿਰਦ ਨਹੀਂ ਹੁੰਦਾ। ਅਜਿਹੇ ਭੇਖੀ ਲੋਕਾਂ ਨੂੰ ਪਰਖਣ ਦੀ ਲੋੜ ਹੁੰਦੀ ਹੈ ਤੇ ਦੂਜਿਆਂ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਤੇ ਚਾਲਾਂ ਤੋਂ ਬਚਣਾ ਚਾਹੀਦਾ ਹੈ। ਇਸੇ ਤਰ੍ਹਾਂ ਚੋਣ ਕਰਨ ਵੇਲੇ, ਵੋਟਰਾਂ ਨੂੰ ਚਾਹੀਦਾ ਹੈ ਕਿ ਭੇਖੀ ਭ੍ਰਿਸ਼ਟ ਰਾਜਨੀਤਿਕ ਦੀ ਚੋਣ ਨਾ ਕਰੋ ਤੇ ਆਪਣੇ ਨਿੱਜੀ ਸੁਆਰਥ ਤੋਂ ਉਪਰ ਉਠ ਕੇ ਯੋਗ ਉਮੀਦਵਾਰ ਦੀ ਚੋਣ ਕਰੋ। ਇਸ ਤਰ੍ਹਾਂ ਸਰਕਾਰੀ ਦਫ਼ਤਰਾਂ ਵਿਚ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਚੋਣ ਵੀ ਯੋਗ ਉਮੀਦਵਾਰ ਦੀ ਚੋਣ ਕਰਨੀ ਚਾਹੀਦੀ ਹੈ, ਤਾਂ ਜੋ ਸਾਰੀ ਸਰਕਾਰੀ ਮਸ਼ਨੀਰੀ ਚੰਗੀ ਤਰ੍ਹਾਂ ਕੰਮ ਕਰ ਸਕੇ ਤਾਂ ਸਮਾਜ ਦਾ ਹਰ ਵਿਅਕਤੀ ਆਪਣੀਆਂ ਲੋੜਾਂ ਤੇ ਸਮੱਸਿਆਵਾਂ ਦਾ ਹੱਲ ਪੂਰਾ ਕਰ ਸਕੇ।

ਇਨ੍ਹਾਂ ਸਾਰੇ ਵਿਚਾਰਾਂ ਦਾ ਸਬੰਧ ਧਰਮ ਨਾਲ ਹੈ ਕਿਉਂਕਿ ਧਰਮ ਸਿਰਫ਼ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦਾ ਹੀ ਸਾਧਨ ਨਹੀਂ, ਸਗੋਂ ਧਰਮ ਦਾ ਸਬੰਧ ਸਾਡੇ ਜੀਵਨ ਨਾਲ ਵੀ ਹੈ, ਭਾਵ ਧਰਮ ਇਕ ਮਨੁੱਖੀ ਜੀਵਨ ਜਾਂਚ ਹੈ। ਇਸ ਲਈ ਧਰਮ ਦਾ ਸਬੰਧ ਸਦਾਚਾਰ, ਈਮਾਨਦਾਰੀ, ਹਮਦਰਦੀ ਭਾਵ ਮੁੱਖੀ ਤੇ ਨੈਤਿਕ ਕਦਰਾਂ-ਕੀਮਤਾਂ ਨਾਲ ਹੁੰਦਾ ਹੈ।

ਪੱਤਰਕਾਰੀ ਕਿਸੇ ਵੀ ਦੇਸ਼ ਦਾ ਚੌਥਾ ਥੰਮ੍ਹ ਹੁੰਦੀ ਹੈ। ਪਰ ਅੱਜਕੱਲ੍ਹ ਪੱਤਰਕਾਰੀ ਵਿਚ ਵੀ ਭ੍ਰਿਸ਼ਟਾਚਾਰ ਆਰੰਭ ਹੋ ਗਿਆ ਹੈ। ਪੱਤਰਕਾਰ ਦਾ ਅਸਲੀ ਮਨੋਰਥ ਜੋ ਹੋਣਾ ਚਾਹੀਦਾ ਹੈ, ਉਹ ਗਾਇਬ ਹੀ ਹੁੰਦਾ ਹੈ। ਦੇਖਣਾ ਇਹ ਹੁੰਦਾ ਹੈ ਕਿ ਸੰਪਾਦਕ ਜਦੋਂ ਕੋਈ ਪਰਚਾ ਕੱਢਣਾ ਆਰੰਭ ਕਰਦਾ ਹੈ, ਤਾਂ ਉਸ ਦੀ ਭਾਵਨਾ ਕੀ ਹੁੰਦੀ ਹੈ, ਭਾਵ ਪੱਤਰਕਾਰ ਜਾਂ ਸੰਪਾਦਕ ਦਾ ਮੁੱਖ ਉਦੇਸ਼ ਕੀ ਹੁੰਦਾ ਹੈ? ਕੁਝ ਲੋਕ ਪਰਚਾ ਕੱਢਣ ਨੂੰ ਪੈਸਾ ਕਮਾਉਣ ਦਾ ਸਾਧਨ ਹੀ ਮੰਨਦੇ ਹਨ। ਇਹ ਠੀਕ ਹੈ ਪੈਸਾ ਵੀ ਜ਼ਿੰਦਗੀ ਦੀ ਲੋੜ ਹੈ ਪਰ ਪੈਸਾ ਜ਼ਿੰਦਗੀ ਲਈ means ਹੈ not end. ਪੱਤਰਕਾਰ ਦਾ ਪਹਿਲਾ ਕਰਤੱਵ ਹੈ ਕਿ ਉਹ ਹੱਕ, ਸੱਚ ਤੇ ਇਨਸਾਫ਼ ਬਾਰੇ ਲਿਖੇ ਤੇ ਭ੍ਰਿਸ਼ਟਾਚਾਰ ਤੇ ਜ਼ੁਲਮ-ਜਬਰ ਜਿੱਥੇ ਸਮਾਜ ਵਿਚ ਹੁੰਦਾ ਹੈ, ਉਸ ਨੂੰ ਨੰਗਿਆਂ ਕਰੇ ਤੇ ਆਪਣੀ ਆਵਾਜ਼ ਨੂੰ ਬੁਲੰਦ ਕਰੇ, ਲੇਖਕਾਂ ਦੀਆਂ ਉਨ੍ਹਾਂ ਰਚਨਾਵਾਂ ਨੂੰ ਵੀ ਪਹਿਲ ਦੇਵੇ, ਜਿਸ ਵਿਚ ਲੇਖਕ ਦੀ ਰਚਨਾ ਦਾ ਸਬੰਧ ਸਮਾਜ ਤੇ ਮਨੁੱਖੀ ਜੀਵਨ ਨਾਲ ਹੋਵੇ ਕਿਉਂਕਿ ਸਮਾਜ ਤੋਂ ਦੂਰ ਦਾ ਸਾਹਿਤ ਗੁਣਕਾਰੀ ਨਹੀਂ ਹੁੰਦਾ। ਸਾਹਿਤ ਉਹ ਚੰਗਾ ਹੁੰਦਾ ਹੈ ਜਿਹੜਾ ਮਨੁੱਖੀ ਜੀਵਨ ਦੇ ਦੁੱਖ-ਸੁੱਖ ਤੇ ਸੁਧਾਰ ਦੀ ਗੱਲ ਕਰੇ। ਸਿਰਜਣਾਤਮਿਕ ਸਾਹਿਤ ਦਾ ਇਹੋ ਹੀ ਫ਼ਰਜ਼ ਹੁੰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਈ ਪੱਤਰਕਾਰ ਬਹੁਤ ਚੰਗਾ ਕਰਤੱਵ ਵੀ ਨਿਭਾ ਰਹੇ ਹਨ। ਪਰ ਕਈਆਂ ਨੇ ਆਪਣੇ ਅਸਲੀ ਨੁਕਤੇ ਤੋਂ ਬਹੁਤ ਦੂਰ ਦੀ ਗੱਲ ਕਰਦੇ ਹਨ ਤੇ ਸਿਰਫ਼ ਉਨ੍ਹਾਂ ਦਾ ਮੁੱਖ ਉਦੇਸ਼ ਪੈਸਾ ਕਮਾਉਣਾ ਹੀ ਹੁੰਦਾ ਹੈ ਜਿਹੜਾ ਕਿ ਸਮਾਜ ਲਈ ਬਹੁਤ ਹੀ ਖ਼ਤਰਨਾਕ ਰੁਝਾਨ ਹੈ। ਪੱਤਰਕਾਰੀ ਕੋਈ ਫੁੱਲਾਂ ਦਾ ਵਿਛਾਉਣਾ ਨਹੀਂ, ਸਗੋਂ ਕੰਡਿਆਂ ਦਾ ਸਫ਼ਰ ਹੈ। ਸੱਚੀ ਪੱਤਰਕਾਰੀ ਨੂੰ ਕੁਰਬਾਨੀ ਦੀ ਲੋੜ ਹੁੰਦੀ ਹੈ। ਕਈ ਪੱਤਰਕਾਰਾਂ ਨੇ ਇਸ ਸੱਚਾਈ ਨੂੰ ਸੱਚ ਕਰ ਵੀ ਦਿਖਾਇਆ ਹੈ, ਉਨ੍ਹਾਂ ਨੇ ਸ਼ਹਾਦਤ ਦਾ ਜਾਮ ਤਾਂ ਪੀ ਲਿਆ ਪਰ ਉਹ ਆਪਣੀ ਸੋਚ ਤੋਂ ਭਾਵ ਵਿਚਾਰਧਾਰਾ ਤੋਂ ਪਿੱਛੇ ਨਹੀਂ ਹਟੇ।

ਹਰ ਮਨੁੱਖ ਦੇ ਕੋਈ ਕੰਮ ਕਰਨ ਦੇ ਪਿੱਛੇ ਉਸ ਦਾ ਨਿੱਜੀ ਹਿੱਤ ਲੁਕਿਆ ਹੋਇਆ ਹੁੰਦਾ ਹੈ ਤੇ ਅਸਲੀ ਨੁਕਤਾ ਭਾਵ ਮੁੱਦਾ ਤਾਂ ਗਾਇਬ ਹੀ ਹੁੰਦਾ ਹੈ। ਹਰ ਮਨੁੱਖ ਸਭ ਤੋਂ ਪਹਿਲਾਂ ਸ਼ੋਹਰਤ ਦਾ ਭੁੱਖਾ ਹੈ। ਇਸ ਦੀ ਖ਼ਾਤਰ ਮਨੁੱਖ ਪਤਾ ਨਹੀਂ ਕੀ-ਕੀ ਪਾਖੰਡ ਕਰਦਾ ਹੈ ਤੇ ਲੋਕਾਂ ਨਾਲ ਫ਼ਰੇਬ ਕਰਦਾ ਹੈ। ਇਸ ਤੋਂ ਬਾਅਦ ਹਰ ਮਨੁੱਖ ਪੈਸੇ ਤੇ ਸੱਤਾ ਦਾ ਭੁੱਖਾ ਹੈ ਕਿ ਉਸ ਨੂੰ ਕਿਵੇਂ ਨਾ ਕਿਵੇਂ ਸੱਤਾ ਦੀ ਪ੍ਰਾਪਤੀ ਹੋ ਜਾਏ ਤੇ ਸੱਤਾ ਪ੍ਰਾਪਤ ਕਰਕੇ ਉਸ ਆਦਮੀ ਦਾ ਲਕਸ਼ ਕੀ ਹੈ, ਭਾਵ ਉਹ ਕੀ ਕਰਨਾ ਚਾਹੁੰਦਾ ਹੈ, ਸ਼ਾਇਦ ਉਸ ਨੂੰ ਆਪ ਵੀ ਨਾ ਪਤਾ ਹੋਵੇ। ਆਪਣਾ ਫ਼ਰਜ਼ ਦਾ ਵੀ ਪਤਾ ਨਹੀਂ ਹੁੰਦਾ, ਜਿਸ ਕੁਰਸੀ ਤੇ ਬੈਠੇ ਹਨ। ਅਜਿਹੇ ਵਿਸੇਸ਼

# ਅੱਲਾ ਯਾਰ ਖਾਨ ਯੋਗੀ

ਪਰਗਟ ਸਿੰਘ
ਐੱਮ.ਐੱਲ.ਏ.
ਪੰਜਾਬ ਮੇਲ USA



ਲਾਹੌਰ ਦੇ ਵਸਨੀਕ "ਅੱਲਾ ਯਾਰ ਖਾਨ ਯੋਗੀ" ਇੱਕ ਪ੍ਰਸਿੱਧ ਉਰਦੂ ਕਵੀ ਸਨ, ਜਿਨ੍ਹਾਂ ਨੇ 1913 ਈ. ਵਿਚ ਸਿੱਖ ਪੰਥ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ "ਸ਼ਹੀਦਾਂ-ਏ-ਵਫਾ" ਅਤੇ 1915 ਈ. ਵਿਚ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ "ਗੰਜ-ਏ-ਸ਼ਹੀਦਾਂ" ਨਾਮਕ ਦੋ ਦਿਲ ਨੂੰ ਛੂਹ ਲੈਣ ਵਾਲੇ "ਮਰਸੀਏ" ਲਿਖ ਕੇ ਸਨਸਨੀ ਪੈਦਾ ਕਰ ਦਿੱਤੀ ਸੀ।

22 ਦਸੰਬਰ 1704 ਈ. ਨੂੰ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜ਼ਾਦਿਆਂ ਬਾਰੇ ਲਿਖੀਆਂ ਉਨ੍ਹਾਂ ਦੀਆਂ ਇਹ ਦੋ ਸਤਰਾਂ ਅੱਜ ਵੀ ਗੁਰਦੁਆਰਾ ਸ੍ਰੀ ਚਮਕੌਰ ਸਾਹਿਬ ਦੇ ਮੁੱਖ ਪ੍ਰਵੇਸ਼ ਦੁਆਰ 'ਤੇ ਵਿਸ਼ੇਸ਼ ਤੌਰ 'ਤੇ ਲਿਖੀਆਂ ਹੋਈਆਂ ਮਿਲਦੀਆਂ ਹਨ :

"ਬਸ ਏਕ ਹਿੰਦ ਮੇਂ ਤੀਰਥ ਹੈ, ਯਾਤਰਾ ਕੇ ਲੀਏ

ਕਟਾਏ ਬਾਪ ਨੇ ਬੇਟੇ ਯਹਾਂ, ਖੁਦਾ ਕੇ ਲੀਏ"

ਉਪਰੋਕਤ ਲਿਖਤਾਂ ਤੋਂ ਬਾਅਦ ਅੱਲ੍ਹਾ ਯਾਰ ਖਾਨ ਯੋਗੀ ਨੂੰ "ਕਾਫਿਰ" ਘੋਸ਼ਿਤ ਕਰਕੇ ਇਸਲਾਮ ਵਿਚੋਂ ਛੇਕ ਦਿੱਤਾ ਗਿਆ ਸੀ। ਪਰ ਉਨ੍ਹਾਂ ਦੀ ਜ਼ਿੰਦਗੀ ਦੇ ਆਖਰੀ ਪਲਾਂ ਵਿਚ ਮੌਲਵੀ ਨੇ ਉਨ੍ਹਾਂ ਦੇ ਕੋਲ ਆ ਕੇ ਕਿਹਾ ਕਿ, "ਕਾਫ਼ਰਾਂ ਦੀ ਪ੍ਰਸ਼ੰਸਾ ਵਿਚ ਲਿਖੀਆਂ ਆਪਣੀਆਂ ਲਿਖਤਾਂ ਲਈ ਗਲਤੀ ਮੰਨ ਕੇ ਮੁਆਫ਼ੀਨਾਮੇ 'ਤੇ ਦਸਤਖਤ ਕਰ ਦਿਉ, ਤਾਂ ਕਿ ਤੁਹਾਡਾ ਇਸਲਾਮੀ ਸ਼ਰਹਾ ਦੇ ਅਨੁਸਾਰ ਕਫਨ ਦਫ਼ਨ ਹੋ ਸਕੇ ਅਤੇ ਤੁਹਾਨੂੰ ਜੰਨਤ ਵਿਚ ਜਗ੍ਹਾ ਮਿਲ ਸਕੇ।"

ਇਹ ਸੁਣ ਕੇ ਯੋਗੀ ਜੀ ਨੇ ਸਪੱਸ਼ਟ ਕਿਹਾ ਕਿ, "ਮੈਂ ਸਿਰਫ਼ ਤੰਗ ਦਿਲ ਵਾਲੇ



ਕੱਟੜਪੰਥੀ ਮੁਸਲਮਾਨਾਂ ਲਈ ਹੀ 'ਕਾਫ਼ਿਰ' ਹਾਂ। ਪਰ ਇਨ੍ਹਾਂ ਲਿਖਤਾਂ ਦੇ ਕਾਰਨ ਮੈਂ ਸ੍ਰੀ ਗੁਰੂ ਗੋਬਿੰਦ ਜੀ ਦੇ ਗਲ ਲੱਗ ਕੇ ਜੰਨਤ ਵਿਚ ਹੀ ਵਸਾਂਗਾ। ਇਸ ਲਈ ਮੈਨੂੰ ਇਸਲਾਮੀ ਕਫਨ ਦਫ਼ਨ ਦੀ ਕੋਈ ਜ਼ਰੂਰਤ ਨਹੀਂ ਹੈ।"

ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਵੀ ਆਪਣੀਆਂ ਤੀਬਰ ਪ੍ਰੇਮ ਭਾਵਨਾਵਾਂ ਦਾ ਪ੍ਰਗਟਾਵਾ ਕਰਦੇ ਹੋਏ ਯੋਗੀ ਜੀ ਨੇ ਲਿਖਿਆ ਸੀ ਕਿ :

"ਇਨਸਾਫ ਕਰੇ ਜੀਅ ਮੇਂ ਜਮਾਨਾ ਤੋ ਯਕੀਂ ਹੈ,

ਕਹਿ ਦੋ ਕਿ ਗੁਰੂ ਗੋਬਿੰਦ ਕਾ ਸਾਨੀ ਕੋਈ ਨਹੀਂ ਹੈ

ਕਰਤਾਰ ਕੀ ਸੌਗੰਧ ਹੈ, ਨਾਨਕ ਕੀ ਕਸਮ ਹੈ

ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ, ਤਾਰੀਫ ਵੋ ਕਮ ਹੈ"

ਅੱਲ੍ਹਾ ਯਾਰ ਖਾਨ ਯੋਗੀ ਜੀ ਦੇ ਮਹਾਨ ਜਜ਼ਬੇ ਨੂੰ ਲੱਖ-ਲੱਖ ਵਾਰ ਨਮਸਕਾਰ।

# ਗੱਲ ਬਾਲਾਂ ਦੀ ਸਭਾ ਉਰਫ਼ ਬਾਲ ਸਭਾ ਦੀ



ਰਮੇਸ਼ ਬੱਗਾ ਚੋਹਲਾ
(ਲੁਧਿਆਣਾ)
ਮੋਬ: 94631-32719
ਪੰਜਾਬ ਮੇਲ USA




ਕੋਈ ਸਮਾਂ ਸੀ ਜਦੋਂ ਸਰਕਾਰੀ ਸਕੂਲਾਂ ਵਿਚ ਪੜ੍ਹਨ-ਪੜ੍ਹਾਉਣ ਤੋਂ ਇਲਾਵਾ ਵਿਦਿਆਰਥੀਆਂ ਦੇ ਮਨੋਰੰਜਨ ਦਾ ਵਕਤ ਵੀ ਨਿਰਧਾਰਿਤ ਹੋਇਆ ਕਰਦਾ ਸੀ। ਹਫ਼ਤੇ ਦੇ ਛੇਕੜਲੇ ਦਿਨ (ਜਿਹੜਾ ਕਿ ਆਮ ਤੌਰ 'ਤੇ ਸ਼ਨੀਵਾਰ ਹੁੰਦਾ ਸੀ) ਕੁੱਝ ਪੀਰੀਅਡ ਰਾਖਵੇਂ ਰੱਖ ਕੇ ਸਕੂਲ ਦੇ ਸਮੂਹ ਵਿਦਿਆਰਥੀਆਂ ਨੂੰ ਕਿਸੇ ਹਾਲ ਜਾਂ ਪੰਡਾਲ ਵਿਚ ਇਕੱਠੇ ਕਰ ਲਿਆ ਜਾਂਦਾ ਸੀ। ਇਸ ਇਕੱਠ ਨੂੰ ਬਾਲ-ਸਭਾ ਦਾ ਨਾਂ ਦਿੱਤਾ ਜਾਂਦਾ ਸੀ, ਜਿਸ ਵਿਚ ਤਾਲਿਬਇਲਮਾਂ ਨੂੰ ਆਪਾ ਪ੍ਰਗਟਾਉਣ/ਚਮਕਾਉਣ ਦੇ ਅਵਸਰ ਪ੍ਰਾਪਤ ਹੁੰਦੇ ਸਨ। ਇਸ ਬਾਲ ਸਭਾ ਵਿਚ ਸਕੂਲ ਦੇ ਅਧਿਆਪਕਾਂ ਦੀ ਨਾ ਸਿਰਫ਼ ਸਰਗਰਮ ਭਾਗੇਦਾਰੀ ਹੀ ਹੁੰਦੀ ਸੀ, ਸਗੋਂ ਕੁੱਝ ਰਚਨਾਤਮਿਕ ਅਤੇ ਕਲਾਤਮਿਕ ਸੋਚ ਵਾਲੇ ਅਧਿਆਪਕਾਂ ਵੱਲੋਂ ਵਿਸ਼ੇਸ਼ ਰੁਚੀਆਂ ਰੱਖਣ ਵਾਲੇ ਵਿਦਿਆਰਥੀਆਂ ਦਾ ਮਾਰਗਦਰਸ਼ਨ ਵੀ ਕੀਤਾ ਜਾਂਦਾ ਸੀ।

ਸਕੂਲ ਵਿਚ ਨਿਯਮਿਤ ਰੂਪ ਵਿਚ ਲਗਾਈ ਜਾਣ ਵਾਲੀ ਬਾਲ-ਸਭਾ ਜਿਥੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਮਨਪ੍ਰਚਾਵੇ ਦਾ ਸਬੱਬ ਬਣਦੀ ਸੀ, ਉਥੇ ਵਿਦਿਆਰਥੀਆਂ ਦੀ ਸਿਰਜਣਾਤਮਿਕ ਅਤੇ ਕਲਾਤਮਿਕ ਪਹੁੰਚ ਨੂੰ ਉਭਾਰਣ, ਨਿਖਾਰਣ ਅਤੇ ਸੰਵਾਰਣ ਵਿਚ ਵੀ ਵਿਸ਼ੇਸ਼ ਸਹਾਈ ਹੁੰਦੀ ਸੀ। ਇਸ ਸਭਾ ਰਾਹੀਂ ਵਿਲੱਖਣ ਪ੍ਰਤਿਭਾ ਵਾਲੇ ਵਿਦਿਅਰਥੀਆਂ ਨੂੰ ਇੱਕ ਅਜਿਹਾ ਮੰਚ ਪ੍ਰਦਾਨ ਕੀਤਾ ਜਾਂਦਾ ਸੀ, ਜਿਹੜਾ ਉਨ੍ਹਾਂ ਦੇ ਆਤਮ-ਵਿਸ਼ਵਾਸ ਵਿਚ ਵਾਧਾ ਕਰਕੇ ਉਨ੍ਹਾਂ ਦੁਆਰਾ ਮਿੱਥੀ ਹੋਈ ਮੰਜ਼ਿਲ ਦੇ ਨਜ਼ਦੀਕ ਲੈ ਜਾਂਦਾ ਸੀ।

ਜੇਕਰ ਰਸਮੀ ਸਿੱਖਿਆ ਦੇ ਉਦੇਸ਼ ਦੀ ਗੱਲ ਕੀਤੀ ਜਾਵੇ, ਤਾਂ ਉਸ ਦਾ ਉਦੇਸ਼ ਕੇਵਲ ਡਾਕਟਰ, ਇੰਜੀਨੀਅਰ, ਵਕੀਲ ਜਾਂ ਅਧਿਆਪਕ ਪੈਦਾ ਕਰਨਾ ਹੀ ਨਹੀਂ, ਸਗੋਂ ਅਜਿਹੇ ਕਲਾਕਾਰ, ਸਾਹਿਤਕਾਰ ਅਤੇ ਬੁਲਾਰੇ ਪੈਦਾ ਕਰਨਾ ਵੀ ਹੈ, ਜੋ ਆਪਣੀ ਅਗਾਂਹਵਧੂ ਸੋਚਣੀ, ਲੇਖਣੀ ਅਤੇ ਬੋਲਣੀ ਨਾਲ ਸਾਹਿਤ, ਸੱਭਿਆਚਾਰ ਅਤੇ ਸਮਾਜ ਨੂੰ ਅਮੀਰ ਬਣਾ ਸਕਣ। ਕਾਫੀ ਹੱਦ ਇਹ ਅਮੀਰੀ ਵੀ ਸਕੂਲ ਦੀ ਬਾਲ-ਸਭਾ ਦੀ ਹੀ ਦੇਣ ਰਹੀ ਹੈ। ਜਦੋਂ ਕਦੇ ਸਥਾਪਿਤ/ਕਾਮਯਾਬ ਕਲਾਕਾਰਾਂ ਵਿਸ਼ੇਸ਼ ਕਰਕੇ ਗਾਇਕਾਂ ਜਾਂ ਅਭਿਨੇਤਾਵਾਂ ਨਾਲ ਮੁਲਾਕਾਤ ਕੀਤੀ ਜਾਂਦੀ ਹੈ, ਤਾਂ ਉਹ ਵੀ ਆਪਣੀ ਸਥਾਪਤੀ/ਕਾਮਯਾਬੀ ਦਾ ਬਹੁਤਾ ਸਿਹਰਾ ਪੜ੍ਹਾਈ ਦੌਰਾਨ ਸਕੂਲ ਵਿਚ ਲੱਗਣ ਵਾਲੀ ਬਾਲ-ਸਭਾ ਨੂੰ ਹੀ ਦਿੰਦੇ ਹਨ।

ਸਕੂਲ ਦੁਆਰਾ ਨਿਯਮਿਤ ਰੂਪ ਵਿਚ ਕੀਤੀ ਜਾਣ ਵਾਲੀ ਬਾਲ-ਸਭਾ ਜਿਥੇ ਵਿਦਿਆਰਥੀ ਨੂੰ ਆਪਣਿਆਂ ਵਿਚ ਆਪਣੀ ਗੱਲ ਕਹਿ ਕੇ ਮਾਣ ਮਹਿਸੂਸ ਕਰਵਾਉਂਦੀ ਸੀ, ਉੱਥੇ ਉਨ੍ਹਾਂ ਨੂੰ ਸਮੇਂ ਦਾ ਹਾਣੀ ਬਣਾ ਕੇ ਬਿਗਾਨਿਆਂ (ਬਾਹਰਲੇ ਵਿਸ਼ਾਲ ਇਕੱਠਾਂ) ਦੇ ਸਨਮੁੱਖ ਹੋਣ ਦੇ ਸਮਰੱਥ ਵੀ ਬਣਾਉਂਦੀ ਸੀ। ਇਸ ਸਭਾ ਵਿਚ ਹੀ ਪਹਿਲਾਂ ਸਕੂਲ ਦੇ ਗੁਣਵਾਨ ਬੱਚਿਆਂ ਨੂੰ ਤਲਾਸ਼ਿਆ ਜਾਂਦਾ ਸੀ ਅਤੇ ਇਸ ਤਲਾਸ਼ੀ ਤੋਂ ਬਾਅਦ ਯੋਗ ਅਧਿਆਪਕਾਂ ਦੁਆਰਾ ਤਰਾਸ਼ਿਆ ਜਾਂਦਾ ਸੀ। ਇਸ ਤਰ੍ਹਾਂ ਸਕੂਲ-ਸਭਾਵਾਂ ਵਿਚੋਂ ਤਲਾਸ਼ੇ ਅਤੇ ਅਧਿਆਪਕਾਂ ਦੁਆਰੇ ਤਰਾਸ਼ੇ ਵਿਦਿਆਰਥੀ ਜ਼ਿੰਦਗੀ ਵਿਚ ਕਈ ਵੱਡ-ਅਕਾਰੀਆਂ ਅਤੇ ਨਿਆਰੀਆਂ ਪ੍ਰਾਪਤੀ ਦੇ ਹੱਕਦਾਰ ਬਣ ਜਾਂਦੇ ਸਨ।

ਸਕੂਲ ਦੀ ਬਾਲ-ਸਭਾ ਦਾ ਇਕ ਹਾਸਲ ਇਹ ਵੀ ਰਿਹਾ ਹੈ ਕਿ ਇਹ ਵਿਦਿਆਰਥੀਆਂ ਵਿਚਲੀ ਹਫ਼ਤਾ ਭਰ (ਜੋ ਅਕਸਰ ਬੋਝਲ ਅਤੇ ਔਖਿਆਲੇ ਪਾਠਕ੍ਰਮ ਕਰਕੇ ਪੈਦਾ ਹੁੰਦੀ ਹੈ) ਦੀ ਉਕਤਾਹਟ ਨੂੰ ਕੁਝ ਸਮੇਂ ਲਈ ਰੋਚਕ ਅਤੇ ਹੁਸੀਨ ਪਲਾਂ ਵਿਚ ਬਦਲ ਦਿੰਦੀ ਸੀ। ਇਸ ਸਭਾ ਵਿਚ ਹਾਜ਼ਰੀ ਭਰਕੇ ਸਕੂਲ ਦੇ ਪਾੜ੍ਹੇ-ਪਾੜ੍ਹੀਆਂ ਆਪਣੇ ਆਪ ਨੂੰ ਤਰੋਤਾਜ਼ਾ ਮਹਿਸੂਸ ਕਰਦੇ ਸਨ। ਇਹ ਤਾਜ਼ਗੀ ਉਨ੍ਹਾਂ ਨੂੰ ਅਗਲੇ ਹਫ਼ਤੇ ਲੱਗਣ ਵਾਲੀਆਂ ਜਮਾਤਾਂ ਵਿਚ ਗਿਆਨ-ਵਿਗਿਆਨ ਦੀਆਂ ਗੱਲਾਂ ਨੂੰ ਸੁਣਨ ਅਤੇ ਸਮਝਣ ਲਈ ਊਰਜਾ ਪ੍ਰਦਾਨ ਕਰਦੀ ਸੀ। ਇਸ ਊਰਜਾ ਦੀ ਬਾਦੌਲਤ ਹੀ ਉਹ ਵਿਦਿਆ ਨੂੰ ਵੀਚਾਰਨ ਅਤੇ ਪਰਉਪਕਾਰਣ ਲਈ ਤੱਤਪਰ ਰਹਿੰਦੇ ਸਨ।

ਸਕੂਲ ਦੀ ਬਾਲ-ਸਭਾ ਵਿਦਿਆਰਥੀ ਵਰਗ ਨੂੰ ਇੱਕ ਅਪਣਤਮਈ ਮਾਹੌਲ ਪ੍ਰਾਦਾਨ ਕਰਦੀ ਸੀ, ਜਿਹੜਾ ਉਨ੍ਹਾਂ ਦੇ ਬਿਆਨਾਤਮਿਕ ਅਤੇ ਪ੍ਰਦਰਸ਼ਨਾਤਮਿਕ ਪੱਖ ਨੂੰ ਮਜ਼ਬੂਤ ਕਰਦਾ ਸੀ। ਇਹ ਪੱਖ ਜਿਥੇ ਉਨ੍ਹਾਂ ਦੇ ਸਤਿਕਾਰ ਵਿਚ ਵਾਧਾ ਕਰਦਾ ਸੀ, ਉਥੇ ਉਨ੍ਹਾਂ ਦੀ ਪਹਿਚਾਣ ਨੂੰ ਵੀ ਅਡਰਿਉਂਦਾ ਸੀ। ਇਸ ਅੱਡਰੀ ਪਹਿਚਾਣ ਸਦਕਾ ਹੀ ਉਹ ਸਕੂਲ ਵੱਲੋਂ ਦਿੱਤੀਆਂ ਜਾਂਦੀਆਂ ਕਈ ਰਿਆਇਤਾਂ/ਸਹੂਲਤਾਂ ਦੇ ਭਾਗੀਦਾਰ ਵੀ ਬਣ ਜਾਂਦੇ ਸਨ।

ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਕਰਵਾਏ ਜਾਂਦੇ ਵਿਦਿਅਕ ਮੁਕਾਬਲਿਆਂ 'ਚ ਹਿੱਸਾ ਲੈਣ ਵਾਲੇ ਵਿਦਿਆਰਥੀ ਵੀ ਆਮ ਤੌਰ 'ਤੇ ਸਕੂਲ ਵਿਚ ਲਗਾਤਾਰਤਾ ਨਾਲ ਲਗਾਈ ਜਾਣ ਵਾਲੀ ਬਾਲ-ਸਭਾ ਦੀ ਹੀ ਪੈਦਾਵਾਰ ਹੁੰਦੇ ਸਨ, ਜੋ ਇਨ੍ਹਾਂ ਮੁਕਾਬਲਿਆਂ 'ਚ ਆਪਣੀਆਂ ਬਿਹਤਰੀਨ ਪੇਸ਼ਕਾਰੀਆਂ ਲਈ ਮਾਨ-ਸਨਮਾਨ ਹਾਸਲ ਕਰਕੇ ਆਪਣਾ ਅਤੇ ਆਪਣੇ ਸਕੂਲ ਦਾ ਨਾਮ ਰੌਸ਼ਨ ਕਰਦੇ ਸਨ। ਇਸ ਸਭਾ ਵਿਚੋਂ ਲੱਗੀ ਹੋਈ ਜਾਗ ਹੀ ਵਿਦਿਆਰਥੀਆਂ ਨੂੰ ਮਹਾਂਵਿਦਿਆਲਿਆਂ ਅਤੇ ਵਿਸ਼ਵ-ਵਿਦਿਆਲਿਆਂ ਦੇ ਯੁਵਕ-ਮੇਲਿਆਂ ਵਿਚ ਸ਼ਲਾਘਾਯੋਗ ਭੂਮਿਕਾ ਅਦਾ ਕਰਨ ਦੇ ਕਾਬਿਲ ਬਣਾ ਦਿੰਦੀ ਸੀ ਅਤੇ ਉਹ ਟਰਾਫੀਆਂ, ਸ਼ੀਲਡਾਂ ਅਤੇ ਗੋਲਡ ਮੈਡਲਾਂ ਨਾਲ ਨਿਵਾਜ਼ੇ ਜਾਂਦੇ ਸਨ।

ਅਜੋਕੇ ਸਮੇਂ ਸਕੂਲਾਂ (ਵਿਸ਼ੇਸ਼ ਕਰਕੇ ਸਰਕਾਰੀ) ਵਿਚ ਬਾਲ-ਸਭਾ ਦਾ ਰਿਵਾਜ਼ ਬਿਲਕੁੱਲ ਖਤਮ ਹੋ ਕੇ ਰਹਿ ਗਿਆ ਹੈ। ਹੁਣ ਸਕੂਲ ਦੀ ਸਮਾਂ-ਸਾਰਣੀ ਵਿਚ ਇਸ ਸਭਾ ਦੀ ਕੋਈ ਵਿਸ਼ੇਸ਼ ਵਿਵਸਥਾ ਨਹੀਂ ਕੀਤੀ ਜਾਂਦੀ। ਅਧਿਆਪਕ ਗ਼ੈਰ-ਵਿਦਿਅਕ ਕੰਮਾਂ ਦੇ ਬੋਝ ਥੱਲੇ ਦੱਬੇ ਹੋਏ ਹਨ ਅਤੇ ਵਿਦਿਆਰਥੀ ਨਵੀਂ ਟੈਕਨਾਲੌਜੀ ਦਾ ਸ਼ਿਕਾਰ ਹੋ ਕੇ ਰਹਿ ਗਏ ਹਨ। ਇਸ ਤਰ੍ਹਾਂ ਦੇ ਅਣਸੁਖਾਵੇਂ ਅਤੇ ਘੁੱਟਵੇਂ ਮਾਹੌਲ ਵਿਚ ਭਲਾ ਕੋਈ ਸਕੂਲ ਕਲਾਕਾਰ, ਨਾਟਕਕਾਰ ਅਤੇ ਸਾਹਿਤਕਾਰ ਕਿਵੇਂ ਪੈਦਾ ਕਰ ਸਕਦਾ ਹੈ?

# ਇਨਸਾਨ ਨੂੰ ਇਨਸਾਨ ਹੀ ਰਹਿਣ ਦਿਓ


ਜਸਵੰਤ ਸਿੰਘ ਜੋਗਾ
ਫੋਨ-6239643306
ਪੰਜਾਬ ਮੇਲ USA



ਅਕਸਰ ਅਸੀਂ ਜਾਣਦੇ ਹਾਂ ਕਿ ਸਾਰੀ ਦੁਨੀਆਂ ਦੇ ਇਨਸਾਨ ਇੱਕੋ ਮਾਸ ਮਿੱਟੀ ਦੇ ਬਣੇ ਹੋਏ ਹਨ। ਪਰ ਉਸੇ ਹੀ ਇੱਕੋ ਮਿੱਟੀ ਦੇ ਬਣੇ ਇਨਸਾਨਾਂ ਨੇ ਦੂਸਰੇ ਇਨਸਾਨ ਨੂੰ ਬਦਲ ਕੇ ਹੀ ਰੱਖ ਦਿੱਤਾ ਹੈ। ਇਹ ਬਦਲਾਅ ਸਦੀਆਂ ਤੋਂ ਚੱਲਦਾ ਆ ਰਿਹਾ ਹੈ। ਸਮੇਂ-ਸਮੇਂ 'ਤੇ ਖਾਲਸ ਇਨਸਾਨਾਂ ਨੇ ਦੁਨੀਆਂ ਨੂੰ ਵੀ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਕਿਸੇ ਨੂੰ ਵੱਖ ਨਾ ਸਮਝੋ। ਸਭ ਇੱਕੋ ਰਸਤੇ ਪੈਦਾ ਹੋਏ ਹਨ ਪਰ ਕੁਝ ਸਮਝ ਗਏ। ਕੁਝ ਨੇ ਇੰਝ ਕਰਨਾ ਆਪਣੇ ਆਪ ਨੂੰ ਠੀਕ ਨੀ ਲੱਗਿਆ।

ਪਰ ਇਨਸਾਨੀਅਤ ਤੋਂ ਉਲਟ ਚੱਲਣ ਵਾਲੇ ਅਜਿਹੇ ਲੋਕਾਂ ਦਾ ਚਲਾਇਆ ਮਾਇਆਜਾਲ ਅੱਜ ਤੱਕ ਕਾਬਜ਼ ਹੈ। ਕੁਝ ਸਮਾਂ ਪਹਿਲਾਂ ਆਮੀਰ ਖਾਨ ਦੀ ਫਿਲਮ "ਪੀ ਕੇ' ਆਈ ਸੀ। ਸਮਝਾਉਣ ਦੀ ਕੋਸ਼ਿਸ਼ ਸੀ। ਉਸ ਫਿਲਮ ਦਾ ਮੁੱਖ ਮੰਤਵ ਸਾਨੂੰ ਇਹੋ ਸੁਨੇਹਾ ਦੇਣਾ ਸੀ ਕਿ ਇਨਸਾਨ ਨੂੰ ਇਨਸਾਨ ਸਮਝੋ। ਸਭ ਤੋਂ ਵੱਡਾ ਇਨਸਾਨੀਅਤ ਦਾ ਵੈਰੀ ਜਾਤ-ਪਾਤ ਸਿਸਟਮ ਹੈ, ਜਿਸ ਵਿਚ ਲੋਕ ਲੁਪਤ ਹੋ ਚੁੱਕੇ ਹਨ। ਇਨਸਾਨ ਇਨਸਾਨ ਹੀ ਹੁੰਦਾ ਹੈ, ਚਾਹੇ ਉਹ ਜੱਟ, ਚਮਾਰ, ਬਾਜ਼ੀਗਰ, ਮਜ਼੍ਹਬੀ, ਛੀਂਬਾ, ਘੁਮਿਆਰ, ਪੰਡਤ, ਸੇਠ, ਬ੍ਰਾਹਮਣ, ਖੱਤਰੀ, ਆਦਿ ਹੋਵੇ ਪਰ ਉਪਰੋਕਤ ਜਾਤ-ਪਾਤ ਵਿਚ ਫਸੇ ਲੋਕ ਆਪਣੇ ਆਪ ਨੂੰ ਇੰਝ ਸਮਝਣਾ ਸ਼ੁਰੂ ਕਰ ਦਿੰਦੇ ਹਨ, ਜਿਵੇਂ ਉਨ੍ਹਾਂ ਨੂੰ ਲੱਗਦਾ ਹੋਵੇ ਕਿ ਉਨ੍ਹਾਂ ਦੇ ਕੁਝ ਅਲੱਗ ਸਿੰਗ ਲੱਗੇ ਹੋਣ। ਇਹ ਲੋਕ ਆਪਣੀ ਆਪਣੀ ਜਾਤ ਦਾ ਗੁਮਾਨ ਕਰਦਿਆਂ ਇੱਕ ਦੂਜੇ ਨੂੰ ਉੱਚਾ ਨੀਵਾਂ ਸਮਝਦੇ ਹਨ, ਜੋ ਕਿ ਸਭ ਤੋਂ ਘਟੀਆ ਵਰਤਾਰਾ ਹੈ।

ਸਿੱਖ ਇਤਿਹਾਸ ਵਿਚ ਇੱਕ ਗੰਗੂ ਦਾ ਨਾਮ ਆਉਂਦਾ ਹੈ, ਜੋ ਗੁਨਾਹਗਾਰ ਸੀ ਪਰ ਕੀ ਉਸ ਨਾਲ ਸਾਰੇ ਉਸਦੇ ਉਸ ਸਮੇਂ ਦੇ ਜਾਂ ਹੁਣ ਉਸ ਦੇ ਅਗਲੇਰਿਆਂ ਪਰਿਵਾਰਾਂ ਨੂੰ ਭੰਡਣਾ ਕਿ ਉਹ ਗੰਗੂ ਦੀ ਔਲਾਦ ਨੇ, ਕੀ ਉਹ ਸਹੀ ਹੈ। ਇੱਕ ਇਨਸਾਨ ਗਲਤ ਹੋ ਸਕਦਾ ਪਰ ਸਾਰੇ ਨਹੀਂ। ਜੇ ਇਹੀ ਜਾਤਾਂ-ਪਾਤਾਂ ਦੇ ਚੁੰਗਲ ਵਿਚ ਫਸੇ ਲੋਕ ਹਰ ਇੱਕ ਨੂੰ ਇਨਸਾਨ ਸਮਝਣ, ਤਾਂ ਮੈਨੂੰ ਨੀਂ ਲੱਗਦਾ ਕਿ ਇਨ੍ਹਾਂ ਵਿਚ ਕੋਈ ਹੀਣ ਭਾਵਨਾ ਆਵੇਗੀ। ਜਾਤ-ਪਾਤ ਦਾ ਪਾੜਾ ਇੰਨਾ ਵਿਸ਼ਾਲ ਹੈ ਕਿ ਇਨ੍ਹਾਂ ਦੇ ਮਰਨ 'ਤੇ ਵੀ ਇਨਸਾਨ ਇੱਕ ਸਿਵੇ 'ਚ ਨਹੀਂ, ਵੱਖ-ਵੱਖ ਸਿਵਿਆਂ ਵਿਚ ਸਾੜੇ ਜਾਂਦੇ ਨੇ। ਜਾਤ-ਪਾਤ ਤੋਂ ਅੱਗੇ ਚੱਲੋ ਤਾਂ ਅਗਲਾ ਪਾੜਾ ਧਰਮ ਦਾ ਹੈ। ਅਸਲ ਵਿਚ ਧਰਮ ਇੱਕੋ ਹੀ ਹੈ, ਉਹ ਹੈ ਇਨਸਾਨੀਅਤ ਮਜ਼੍ਹਬਾਂ ਦਾ ਪਾਲਣ ਕਰਕੇ ਇਨਸਾਨ ਨੇ ਇਸਸਾਨੀਅਤ ਦਾ ਧਰਮ ਕਮਾਉਣਾ ਸੀ ਪਰ ਹੋਊ ਰਿਹਾ ਹੈ, ਮਜ਼੍ਹਬਾਂ ਨੂੰ ਧਰਮ ਬਣਾ ਕੇ ਇਨਸਾਨੀਅਤ ਦਾ ਘਾਣ ਕੀਤਾ ਜਾ ਰਿਹਾ। ਹਰ ਮਜ਼੍ਹਬ ਦੇ ਇਨਸਾਨ ਮਾੜੇ ਨਹੀਂ ਤੇ ਸਾਰੇ ਚੰਗੇ ਵੀ ਨਹੀਂ। ਅਜਿਹੇ ਅਜੋਕੇ ਧਰਮਾਂ ਦਾ ਕੋਈ ਫਾਇਦਾ ਨਹੀਂ, ਜੋ ਦਾਅਵਾ ਕਰਦੇ ਨੇ ਕਿ ਅਸੀਂ ਰੱਬ ਨਾਲ ਮਿਲਣਾ ਹੈ ਪਰ ਉਸੇ ਇੱਕ ਜੋਤ ਦੇ ਬਣਾਏ ਇਨਸਾਨ ਤੋਂ ਨਫ਼ਰਤ ਕਰਦੇ। ਇਨਸਾਨ ਨੂੰ ਇਨਸਾਨ ਸਮਝਣ ਵਾਲੀ ਸੋਚ ਦੇ ਧਾਰਣੀਆਂ ਨੂੰ ਸਭ ਇੱਕ ਲੱਗਦੇ ਨੇ ਪਰ ਦਿਖਾਇਆ ਇੰਝ ਜਾਂਦਾ ਕਿ "ਮੁਸਲਮਾਨਾਂ ਨੂੰ ਲੱਗਦਾ ਕਿ ਹਿੰਦੂ ਮਾੜੇ ਨੇ ਹਿੰਦੂਆਂ ਨੂੰ ਲੱਗਦਾ ਸਿੱਖ ਮਾੜੇ ਨੇ ਤੇ ਸਾਡੇ ਵਰਗੇ ਸਿੱਖਾਂ ਨੂੰ ਲੱਗਦਾ ਕਿ ਸਿਰਫ ਅਸੀ ਚੰਗੇ ਹਾਂ ਬਾਕੀ ਸਭ ਮਾੜੇ ਨੇ। ਇਨਸਾਨ ਦੀ ਕਦਰ ਕਰਨ ਵਾਲਾ ਹਰ ਸਿੱਖੀ ਸਰੂਪ ਵਾਲਾ ਇਨਸਾਨ ਹਰ ਇਨਸਾਨ ਨੂੰ ਰੱਬੀ ਜੋਤ ਸਮਝਦਾ ਹੈ, ਚਾਹੇ ਉਹ ਕਿਸੇ ਮਜ਼੍ਹਬ ਦਾ ਹੋਵੇ। ਪਰ ਜਿਨ੍ਹਾਂ ਅਖੌਤੀ ਧਰਮੀਆਂ ਦਾ ਕੰਮ ਜੋੜਨਾ ਨੀ ਤੋੜਨਾ ਹੁੰਦਾ, ਉਨ੍ਹਾਂ ਭਾਅ ਦੇ ਸਭ ਉਸਨੂੰ ਉਸਦੇ ਧਰਮ ਦੇ ਵਿਰੋਧੀ ਹੀ ਲੱਗਦੇ ਨੇ। ਜੇ ਇਨਸਾਨੀਅਤ ਨੂੰ ਹਰ ਇਨਸਾਨ ਧਰਮ ਸਮਝੇ ਤਾਂ ਹਰ ਇਨਸਾਨ ਨੂੰ ਇਨਸਾਨ ਕਹਿਣ ਦਾ ਮਾਦਾ ਰੱਖੇਗਾ।



ਗੱਲ ਰਾਸ਼ਟਰੀ ਪੱਧਰ ਦੀ ਕਰੀਏ, ਤਾਂ ਭਾਰਤ ਵਿਚ ਹੀ ਇਹ ਆਮ ਸੁਣਨ ਨੂੰ ਮਿਲਦਾ ਕਿ ਇਹ ਭਈਆ, ਇਹ ਗੁਜਰਾਤੀ ਆ, ਇਹ ਬਿਹਾਰੀ ਆ, ਇਹ ਹਿਮਾਚਲੀ ਆ, ਇਹ ਬੰਗਾਲੀ ਆ ਆਦਿ। ਲੋਕਾਂ ਦਾ ਉਸਦੇ ਸੂਬੇ ਤੋਂ ਹੋਣ ਕਰਕੇ ਉਸਨੂੰ ਇੰਝ ਕਹਿਣਾ ਠੀਕ ਹੈ ਪਰ ਉਸ ਪ੍ਰਤੀ ਸੂਬਾਈ ਵੱਖਰਤਾ ਹੋਣ ਕਰਕੇ ਹੀਣ ਭਾਵਨਾ ਕਰਨੀ ਸਿਰੇ ਦੀ ਬਕਵਾਸ ਨੀਤੀ ਹੈ। ਇਸ ਵਿਚੋਂ ਵੀ ਲੋਕਾਂ ਨੂੰ ਨਿਕਲ ਕੇ ਇਨਸਾਨ ਨੂੰ ਇਨਸਾਨ ਦੀ ਨਜ਼ਰ ਨਾਲ ਵੇਖੋ, ਨਾ ਕਿ ਸੂਬਾਈ ਵੱਖਰਤਾ ਦੀ ਨਜ਼ਰ ਨਾਲ। ਗੱਲ ਅੰਤਰਰਾਸ਼ਟਰੀ ਪੱਧਰ ਦੀ ਕਰੀਏ ਤਾਂ ਭਾਰਤ ਆਲਿਆਂ ਨੂੰ ਲੱਗਦਾ ਪਾਕਿਸਤਾਨ ਮਾੜਾ, ਪਾਕਿਸਤਾਨ ਨੂੰ ਲੱਗਦਾ ਭਾਰਤ ਮਾੜਾ। ਕੀ ਕਦੇ ਇਹ ਦੇਸ਼ ਵੀ ਇੱਕ ਦੂਜੇ ਨੂੰ ਆਪਸੀ ਇਨਸਾਨੀਅਤ ਦੀ ਸਾਂਝ ਨਾਲ ਵੇਖਣਗੇ? ਅੱਜ ਨੀਂ ਕੱਲ੍ਹ ਇਨ੍ਹਾਂ ਨੂੰ ਵੇਖਣਾ ਚਾਹੀਦਾ ਕਿ ਪਰਲੇ ਪਾਰੋਂ ਵਸਦੇ ਲੋਕ ਵੀ ਇਨਸਾਨ ਹੀ ਨੇ।

ਸੋ ਇੱਕ ਇਨਸਾਨ ਨੂੰ ਦੁਨੀਆਂ ਕੀ-ਕੀ ਬਣਾਉਂਦੀ ਆ, ਇਸਦੇ ਬਹੁਤ ਭੇਦ ਨੇ ਦਾੜੀ ਮੁੱਛ ਰੱਖਣ 'ਤੇ, ਮੁੱਛ ਰੱਖਣ 'ਤੇ, ਮੱਥੇ ਤਿਲਕ ਲਗਾਉਣ 'ਤੇ, ਇਨਸਾਨ ਦਾ ਨਾਮ ਬਦਲ ਜਾਂਦਾ, ਫਿਰ ਉਸਦਾ ਗੋਤ ਹੁੰਦਾ, ਫਿਰ ਉਸਦੀ ਜਾਤ ਦਿੱਤੀ ਜਾਂਦੀ ਆ, ਫਿਰ ਉਸਨੂੰ ਧਰਮ ਦਿੱਤਾ ਜਾਂਦਾ, ਫਿਰ ਉਸਨੂੰ ਪਾਰਟੀ ਦਿੱਤੀ ਜਾਂਦੀ ਆ ਕਿ ਕਿਸ ਪਾਰਟੀ ਦਾ ਬੰਦਾ ਹੈ ਪਰ ਕੋਈ ਉਸਨੂੰ ਇਹ ਅਧਿਕਾਰ ਨਹੀਂ ਯਾਦ ਕਰਵਾਉਂਦਾ ਕਿ ਤੂੰ ਇੱਕ ਇਨਸਾਨ ਹੈ, ਬੱਸ ਇਨਸਾਨ ਬਣ ਕੇ ਰਹੀਂ ਤੇ ਦੂਜਿਆਂ ਨੂੰ ਇਨਸਾਨ ਹੀ ਰਹਿਣ ਦੇਈਂ। ਸਾਨੂੰ ਲੋੜ ਹੈ ਇਨਸਾਨ ਨੂੰ ਇਨਸਾਨ ਰਹਿਣ ਦੀ, ਸੋਚ ਨੂੰ ਹੁੰਗਾਰਾ ਦੇਣ ਦੀ।

ਗੁਰਭਿੰਦਰ ਗੁਰੀ
ਵਟਸਐਪ : +447951 590424
ਪੰਜਾਬ ਮੇਲ USA



# ਡਾਲਰਾਂ-ਪੌਂਡਾਂ ਦੀ ਚਮਕ ਅਤੇ ਪੰਜਾਬੀ ਨੌਜਵਾਨਾਂ ਦੀ ਤ੍ਰਾਸਦੀ

## ਗੈਰ-ਕਾਨੂੰਨੀ 'ਡੌਂਕੀ ਰੂਟ' ਨੇ ਕਿਵੇਂ ਪੰਜਾਬੀ ਨੌਜਵਾਨੀ ਨੂੰ ਮੌਤ ਦੇ ਮੂੰਹ ਧੱਕਿਆ

ਰੁਜ਼ਗਾਰ ਦੀ ਘਾਟ, ਸਿਸਟਮ ਦੀ ਨਾਕਾਮੀ ਅਤੇ ਲੁਟੇਰੇ ਏਜੰਟ ਨੌਜਵਾਨੀ ਨੂੰ ਨਿਗਲ ਰਹੇ ਹਨ। ਪੰਜਾਬ 'ਚ ਪੜ੍ਹੇ-ਲਿਖੇ ਨੌਜਵਾਨ ਡਿਗਰੀਆਂ ਹੱਥਾਂ 'ਚ ਫੜ ਕੇ ਵਿਹਲੇ ਫਿਰ ਰਹੇ ਹਨ।

ਪੰਜਾਬ ਦੇ ਪੜ੍ਹੇ-ਲਿਖੇ ਨੌਜਵਾਨ ਰੁਜ਼ਗਾਰ ਦੀ ਤਲਾਸ਼ 'ਚ ਠੱਗ ਟ੍ਰੈਵਲ ਏਜੰਟਾਂ ਦੇ ਝਾਂਸੇ 'ਚ ਆ ਕੇ ਅਫਰੀਕਾ ਦੇ ਰੇਗਿਸਤਾਨਾਂ, ਜੰਗਲਾਂ ਅਤੇ ਸਮੁੰਦਰਾਂ ਰਾਹੀਂ ਯੂਰਪ ਪਹੁੰਚੇ। ਲੱਖਾਂ ਰੁਪਏ, ਪਾਸਪੋਰਟ, ਸਿਹਤ ਅਤੇ ਸਾਥੀਆਂ ਦੀਆਂ ਜਾਨਾਂ ਗੁਆ ਕੇ ਸਪੇਨ ਪਹੁੰਚੇ ਇਹ ਨੌਜਵਾਨ ਅੱਜ ਵੀ ਬੇਇਨਸਾਫ਼ੀ ਦੀ ਕੈਦ 'ਚ ਹਨ। ਇਹ ਰਿਪੋਰਟ ਏਜੰਟ ਮਾਫੀਆ, ਸਰਕਾਰੀ ਨਾਕਾਮੀ ਅਤੇ ਮਨੁੱਖੀ ਤਸਕਰੀ ਦੇ ਨੰਗੇ ਸੱਚ ਨੂੰ ਬੇਨਕਾਬ ਕਰਦੀ ਹੈ। ਡਾਲਰਾਂ-ਪੌਂਡਾਂ ਦੀ ਚਮਕ ਨੇ ਪੰਜਾਬੀ ਨੌਜਵਾਨਾਂ ਦੀਆਂ ਅੱਖਾਂ 'ਚ ਐਸਾ ਭਰਮ ਭਰ ਦਿੱਤਾ ਹੈ ਕਿ ਉਹ ਆਪਣੀ ਮਾਂ-ਮਿੱਟੀ, ਪਰਿਵਾਰ, ਸਿਹਤ ਅਤੇ ਜ਼ਿੰਦਗੀ ਤੱਕ ਦਾਅ 'ਤੇ ਲਗਾ ਦਿੰਦੇ ਹਨ। ਵਿਦੇਸ਼ਾਂ ਦੇ ਸੁਪਨੇ – ਜੋ ਏਜੰਟ ਮਾਫੀਆ ਵੱਲੋਂ ਰੰਗੀਨ ਕਾਗ਼ਜ਼ਾਂ 'ਤੇ ਵੇਚੇ ਜਾਂਦੇ ਹਨ, ਅਕਸਰ ਕਾਲੇ ਸਫ਼ਰਾਂ, ਰੇਗਿਸਤਾਨੀ ਮੌਤਾਂ, ਸਮੁੰਦਰੀ ਕਿਸ਼ਤੀਆਂ ਅਤੇ ਕੈਂਪਾਂ ਦੀ ਕੈਦ 'ਚ ਬਦਲ ਜਾਂਦੇ ਹਨ। ਇਹ ਰਿਪੋਰਟ ਇਕੱਲੀ ਘਟਨਾ ਨਹੀਂ; ਇਹ ਪੰਜਾਬ ਦੀ ਉਸ ਸਮੂਹਿਕ ਪੀੜ੍ਹਾ ਦਾ ਇਲਜ਼ਾਮਨਾਮਾ ਹੈ, ਜਿੱਥੇ ਰੁਜ਼ਗਾਰ ਦੀ ਘਾਟ, ਸਿਸਟਮ ਦੀ ਨਾਕਾਮੀ ਅਤੇ ਲੁਟੇਰੇ ਏਜੰਟ ਨੌਜਵਾਨੀ ਨੂੰ ਨਿਗਲ ਰਹੇ ਹਨ। ਪੰਜਾਬ 'ਚ ਪੜ੍ਹੇ-ਲਿਖੇ ਨੌਜਵਾਨ ਡਿਗਰੀਆਂ ਹੱਥਾਂ 'ਚ ਫੜ ਕੇ ਵਿਹਲੇ ਫਿਰ ਰਹੇ ਹਨ। ਉਦਯੋਗਿਕ ਢਾਂਚਾ ਕਮਜ਼ੋਰ, ਸਰਕਾਰੀ ਭਰਤੀਆਂ ਅਨਿਯਮਿਤ ਅਤੇ ਨਿੱਜੀ ਖੇਤਰ ਅਸਥਿਰ—ਇਸ ਸਾਰੇ ਦਬਾਅ ਨੇ ਨੌਜਵਾਨਾਂ ਨੂੰ 'ਕਿਸੇ ਨਾ ਕਿਸੇ ਤਰ੍ਹਾਂ ਬਾਹਰ ਨਿਕਲਣ' ਦੀ ਸੋਚ ਵੱਲ ਧੱਕਿਆ। ਇਹੀ ਥਾਂ ਏਜੰਟ ਮਾਫੀਆ ਲਈ ਸੁਨਹਿਰੀ ਮੌਕਾ ਬਣਦੀ ਹੈ।

ਲਾਇਸੰਸਾਂ ਦੇ ਨਾਂ 'ਤੇ ਧੋਖਾ, ਨਕਲੀ ਵਰਕ ਪਰਮਿਟ, ਝੂਠੇ ਵਾਅਦੇ — ਏਜੰਟ ਮਾਫੀਆ ਨੇ ਮਨੁੱਖੀ ਤਸਕਰੀ ਨੂੰ ਧੰਦਾ ਬਣਾ ਲਿਆ ਹੈ। ਥਾਣਿਆਂ ਦੀ ਢਿੱਲ, ਰਜਿਸਟ੍ਰੇਸ਼ਨ ਦੀ ਕਮੀ ਅਤੇ ਸਿਆਸੀ ਸਹਿਯੋਗ ਦੇ ਦੋਸ਼ ਇਸ ਧੰਦੇ ਨੂੰ ਹੋਰ ਮਜ਼ਬੂਤ ਕਰਦੇ ਹਨ। ਪੀੜਤ ਪਰਿਵਾਰ ਜਦੋਂ ਦਰਖ਼ਾਸਤਾਂ ਲੈ ਕੇ ਜਾਂਦੇ ਹਨ, ਤਾਂ ਉਨ੍ਹਾਂ ਨੂੰ ਉਲਟਾ ਧਮਕੀਆਂ ਮਿਲਦੀਆਂ ਹਨ।

**ਮੌਤ ਦੇ ਰਸਤੇ ਤੋਂ ਸਪੇਨ ਤੱਕ**

ਦਸ ਪੰਜਾਬੀ ਨੌਜਵਾਨ – ਰਿਸ਼ਤੇਦਾਰ ਤੇ ਦੋਸਤ – ਲੱਖਾਂ ਰੁਪਏ ਦੇ ਕੇ 'ਸਿੱਧਾ ਸਪੇਨ' ਦੇ ਸੁਪਨੇ ਨਾਲ ਨਿਕਲੇ। ਹਕੀਕਤ 'ਚ ਇਹ ਸਫ਼ਰ ਕੀਨੀਆ, ਸ਼ੇਨੇਗਲ, ਮਰੌਕ ਦੇ ਰੇਗਿਸਤਾਨਾਂ, ਜੰਗਲਾਂ ਅਤੇ ਸਮੁੰਦਰਾਂ ਰਾਹੀਂ ਹੋਇਆ। ਭੁੱਖ, ਪਿਆਸ, ਕੁੱਟਮਾਰ, ਲੁੱਟ, ਪਾਸਪੋਰਟ ਖੋਹੇ ਜਾਣਾ – ਹਰ ਪੜਾਅ 'ਤੇ ਮੌਤ ਸਾਹਮਣੇ ਖੜ੍ਹੀ ਸੀ। ਇੱਕ ਬਿਮਾਰ ਸਾਥੀ ਨੂੰ ਚਾਕੂ ਮਾਰ ਕੇ ਮਾਰ ਦੇਣਾ, ਇਹ ਮਨੁੱਖੀ ਤਸਕਰੀ ਦਾ ਉਹ ਨੰਗਾ ਚਿਹਰਾ ਹੈ, ਜੋ ਅਕਸਰ ਰਿਪੋਰਟਾਂ 'ਚ ਦੱਬ ਜਾਂਦਾ ਹੈ।

ਸਪੇਨ ਪਹੁੰਚ ਕੇ ਰੈੱਡ ਕਰਾਸ ਦੀ ਸਹਾਇਤਾ ਮਿਲੀ, ਕੈਂਪਾਂ 'ਚ ਰੋਟੀ, ਕੰਬਲ ਅਤੇ ਡਾਕਟਰੀ ਮਦਦ ਮਿਲੀ। ਪਰ ਪਾਸਪੋਰਟਾਂ ਤੋਂ ਬਿਨਾਂ ਕਾਨੂੰਨੀ ਜੀਵਨ ਅਸੰਭਵ। ਮੈਡਰਿਡ ਦੀਆਂ ਸੜਕਾਂ 'ਤੇ ਰਾਤਾਂ, ਕੂੜੇ 'ਚੋਂ ਰੋਟੀ, ਫਿਰ ਗੁਰਦੁਆਰੇ ਦੀ ਛਾਂ – ਇਹ ਹੈ 'ਵਿਦੇਸ਼ੀ ਸੁਪਨੇ' ਦੀ ਅਸਲ ਤਸਵੀਰ।

ਸੰਤਰੇ ਤੇ ਮੌਸੰਮੀਆਂ ਤੋੜਨ ਦਾ ਕੰਮ – ਸਵੇਰ ਤੋਂ ਸ਼ਾਮ ਤੱਕ – 10 ਤੋਂ 20 ਯੂਰੋ। ਨਾ ਸਥਿਰਤਾ, ਨਾ ਸੁਰੱਖਿਆ। ਘਰ ਪੈਸੇ ਭੇਜਣ ਦੀ ਗੱਲ ਤਾਂ ਦੂਰ, ਆਪਣਾ ਗੁਜ਼ਾਰਾ ਮੁਸ਼ਕਲ। ਸਿਹਤ ਡਿੱਗੀ, ਵਜ਼ਨ ਘਟਿਆ, ਮਨੋਵਿਗਿਆਨਕ ਸਦਮੇ ਗਹਿਰੇ।





ਪੰਜਾਬ 'ਚ ਮਾਪੇ, ਪਤਨੀਆਂ ਅਤੇ ਬੱਚੇ ਉਡੀਕ 'ਚ। ਜ਼ਮੀਨ ਵੇਚੀ, ਕਰਜ਼ੇ ਚੁੱਕੇ, ਪਰ ਨਤੀਜਾ ਸੁੰਨਾਪਣ। ਏਜੰਟਾਂ ਵੱਲੋਂ ਧਮਕੀਆਂ ਅਤੇ ਝੂਠੀਆਂ ਸ਼ਿਕਾਇਤਾਂ – ਇਨਸਾਫ਼ ਦੂਰ।

ਕੀ ਕੇਂਦਰ ਅਤੇ ਰਾਜ ਸਰਕਾਰਾਂ ਦੀ ਰੁਜ਼ਗਾਰ ਨੀਤੀ ਨਾਕਾਮ ਨਹੀਂ? ਕੀ ਇਮੀਗ੍ਰੇਸ਼ਨ ਏਜੰਟਾਂ ਦੀ ਰਜਿਸਟ੍ਰੇਸ਼ਨ ਅਤੇ ਨਿਗਰਾਨੀ ਢਿੱਲੀ ਨਹੀਂ? ਕੀ ਮਨੁੱਖੀ ਤਸਕਰੀ ਦੇ ਕੇਸਾਂ 'ਚ ਤੇਜ਼ ਟਰੈਕ ਅਦਾਲਤਾਂ ਨਹੀਂ ਬਣਨੀਆਂ ਚਾਹੀਦੀਆਂ?

ਇਸ ਰਿਪੋਰਟ ਰਾਹੀਂ ਏਜੰਟ ਮਾਫੀਆ 'ਤੇ ਸਖਤ ਕਾਰਵਾਈ, ਸੰਪਤੀ ਜ਼ਬਤ, ਪੀੜਤਾਂ ਲਈ ਕਾਨੂੰਨੀ ਅਤੇ ਮਨੋਵਿਗਿਆਨਕ ਸਹਾਇਤਾ, ਪੰਜਾਬ 'ਚ ਰੁਜ਼ਗਾਰ ਸਿਰਜਣਾ ਅਤੇ ਸਕਿੱਲ ਮੈਪਿੰਗ, ਵਿਦੇਸ਼ੀ ਦੂਤਾਵਾਸਾਂ ਨਾਲ ਸਹਿਯੋਗ, ਮੀਡੀਆ ਦੀ ਜ਼ਿੰਮੇਵਾਰ ਕਵਰੇਜ ਦੀ ਮੰਗ ਕੀਤੀ ਜਾਂਦੀ ਹੈ।

### 'ਡੌਂਕੀ ਰੂਟ' ਕੀ ਹੈ

'ਡੌਂਕੀ ਰੂਟ' ਉਸ ਗੈਰ-ਕਾਨੂੰਨੀ ਰਸਤੇ ਨੂੰ ਕਿਹਾ ਜਾਂਦਾ ਹੈ, ਜਿੱਥੇ ਏਜੰਟ ਨੌਜਵਾਨਾਂ ਨੂੰ ਏਸ਼ੀਆ ਤੋਂ ਅਫਰੀਕਾ, ਫਿਰ ਰੇਗਿਸਤਾਨਾਂ, ਜੰਗਲਾਂ ਅਤੇ ਸਮੁੰਦਰਾਂ ਰਾਹੀਂ ਯੂਰਪ ਪਹੁੰਚਾਉਂਦੇ ਹਨ। ਇਹ ਰਸਤਾ ਸਸਤਾ ਨਹੀਂ, ਸਿਰਫ਼ ਕਾਗ਼ਜ਼ਾਂ 'ਚ। ਅਸਲ 'ਚ ਇਹ ਮੌਤ ਦਾ ਰਸਤਾ ਹੈ।

- ਪਿਛਲੇ 5 ਸਾਲਾਂ 'ਚ ਹਜ਼ਾਰਾਂ ਪੰਜਾਬੀ ਨੌਜਵਾਨ ਗੈਰ-ਕਾਨੂੰਨੀ ਤਰੀਕੇ ਨਾਲ ਯੂਰਪ ਗਏ।
- ਸੈਂਕੜੇ ਨੌਜਵਾਨ ਰਸਤੇ 'ਚ ਲਾਪਤਾ ਹੋ ਗਏ, ਕੋਈ ਰਿਕਾਰਡ ਨਹੀਂ।
- ਪੰਜਾਬ 'ਚ ਹਜ਼ਾਰਾਂ ਟ੍ਰੈਵਲ ਏਜੰਟ ਕੰਮ ਕਰ ਰਹੇ ਹਨ, ਪਰ ਰਜਿਸਟਰਡ ਗਿਣਤੀ ਨਾਂ ਮਾਤਰ। ਭਾਰਤ 'ਚ ਮਨੁੱਖੀ ਤਸਕਰੀ ਰੋਕਣ ਲਈ ਕਾਨੂੰਨ ਮੌਜੂਦ ਹਨ, ਪਰ ਲਾਗੂ ਨਹੀਂ। ਟ੍ਰੈਵਲ ਏਜੰਟਾਂ ਲਈ ਲਾਇਸੰਸ ਲਾਜ਼ਮੀ ਹੈ, ਪਰ ਨਿਗਰਾਨੀ ਨਾ ਹੋਣ ਕਾਰਨ ਇਹ ਕਾਗ਼ਜ਼ੀ ਕਾਰਵਾਈ ਬਣ ਕੇ ਰਹਿ ਗਈ ਹੈ। ਐੱਫ.ਆਈ.ਆਰ. ਦਰਜ ਹੋਣ 'ਚ ਦੇਰੀ, ਜਾਂਚ ਦੀ ਸੁਸਤ ਰਫ਼ਤਾਰ ਅਤੇ ਸਜ਼ਾਵਾਂ ਦੀ ਘਾਟ – ਇਹ ਸਭ ਏਜੰਟ ਮਾਫੀਆ ਨੂੰ ਹੌਂਸਲਾ ਦਿੰਦੇ ਹਨ। ਇਨ੍ਹਾਂ ਨੌਜਵਾਨਾਂ ਨੇ ਸਿਰਫ਼ ਸਰੀਰਕ ਤਕਲੀਫ਼ ਨਹੀਂ ਸਹੀ, ਮਾਨਸਿਕ ਤੌਰ 'ਤੇ ਵੀ ਟੁੱਟ ਗਏ। ਡਰਾਉਣੇ ਸੁਪਨੇ, ਨੀਂਦ ਦੀ ਕਮੀ, ਭਰੋਸੇ ਦਾ ਖ਼ਤਮਾ – ਇਹ ਸਦਮੇ ਸਾਲਾਂ ਤੱਕ ਪਿੱਛਾ ਨਹੀਂ ਛੱਡਦੇ। ਮੀਡੀਆ ਅਕਸਰ ਇਕ ਦਿਨ ਦੀ ਖ਼ਬਰ ਬਣਾਕੇ ਅੱਗੇ ਵਧ ਜਾਂਦਾ ਹੈ। ਪਰ ਜਦ ਤੱਕ ਲਗਾਤਾਰ ਫਾਲੋਅਪ ਨਹੀਂ, ਤਦ ਤੱਕ ਇਨਸਾਫ਼ ਨਹੀਂ ਮਿਲਦਾ।

ਇਹ ਲੇਖ ਕੇਂਦਰ ਸਰਕਾਰ, ਪੰਜਾਬ ਸਰਕਾਰ, ਨਿਆਂਪਾਲਿਕਾ, ਐੱਸ.ਜੀ.ਪੀ.ਸੀ., ਐੱਨ.ਆਰ.ਆਈ. ਸੰਸਥਾਵਾਂ ਅਤੇ ਮੀਡੀਆ ਨੂੰ ਸਿੱਧੀ ਚੁਣੌਤੀ ਦਿੰਦਾ ਹੈ:

ਏਜੰਟ ਮਾਫੀਆ 'ਤੇ ਰਾਸ਼ਟਰੀ ਪੱਧਰ ਦੀ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾਈ ਜਾਵੇ। ਸਾਰੇ ਗੈਰ-ਕਾਨੂੰਨੀ ਟ੍ਰੈਵਲ ਏਜੰਟਾਂ ਦੀ ਸੰਪਤੀ ਜ਼ਬਤ ਕੀਤੀ ਜਾਵੇ। ਵਿਦੇਸ਼ 'ਚ ਫਸੇ ਪੰਜਾਬੀਆਂ ਲਈ ਕੌਂਸਲਰ ਸਹਾਇਤਾ ਸੈਂਟਰ ਬਣਾਏ ਜਾਣ। ਪੰਜਾਬ 'ਚ ਤੁਰੰਤ ਰੁਜ਼ਗਾਰ ਗਾਰੰਟੀ ਯੋਜਨਾ ਲਾਗੂ ਕੀਤੀ ਜਾਵੇ। ਹਰ ਪਿੰਡ 'ਚ ਜਾਗਰੂਕਤਾ ਮੁਹਿੰਮ – 'ਡੌਂਕੀ ਰੂਟ = ਮੌਤ ਦਾ ਰਸਤਾ' ਚਲਾਈ ਜਾਵੇ।

ਜੇ ਅੱਜ ਵੀ ਸਿਸਟਮ ਨਾ ਜਾਗਿਆ, ਤਾਂ ਇਤਿਹਾਸ ਮਾਫ਼ ਨਹੀਂ ਕਰੇਗਾ।

ਇਹ ਰਿਪੋਰਟ ਹਰ ਉਸ ਮਾਂ-ਪਿਉ ਦੇ ਨਾਂ, ਜੋ ਅੱਜ ਵੀ ਆਪਣੇ ਪੁੱਤ ਦੀ ਉਡੀਕ 'ਚ ਦਰਵਾਜ਼ੇ ਵੱਲ ਤੱਕ ਰਿਹਾ ਹੈ।





-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



# ਕਲਾਕ੍ਰਿਤੀ ਦਾ ਕੌਮੀ ਨਾਟਕ ਫ਼ੈਸਟੀਵਲ ਅਮਿਟ ਛਾਪ ਛੱਡ ਗਿਆ

ਕਲਾਕ੍ਰਿਤੀ ਪਟਿਆਲਾ ਵੱਲੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਅਤੇ ਉਤਰੀ ਖੇਤਰੀ ਸੱਭਿਆਚਾਰਕ ਕੇਂਦਰ ਦੇ ਸਹਿਯੋਗ ਨਾਲ 25 ਨਵੰਬਰ ਤੋਂ 1 ਦਸੰਬਰ 2025 ਤੱਕ ਕਾਲੀਦਾਸ ਆਡੋਟੋਰੀਅਮ ਵਿੱਚ ਆਯੋਜਿਤ ਕੀਤੇ ਗਏ 'ਸਪਤਾਹਕ ਕੌਮੀ ਨਾਟਕ ਮੇਲੇ' ਨੇ ਪਟਿਆਲਵੀਆਂ ਦਾ ਦਿਲ ਜਿੱਤ ਲਿਆ। ਹਫ਼ਤਾ ਭਰ ਚੱਲਣ ਵਾਲੇ ਇਸ ਮੇਲੇ ਵਿੱਚ ਦੇਸ਼ ਭਰ ਵਿੱਚੋਂ ਆਏ 80 ਕਲਾਕਾਰਾਂ ਨੇ ਆਪਣੀ ਕਲਾ ਦੇ ਵੱਖੋ-ਵੱਖਰੇ ਰੰਗਾਂ ਨਾਲ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕੀਤਾ। ਇਸ ਨਾਟਕ ਮੇਲੇ ਵਿੱਚ ਉਤਰ ਪ੍ਰਦੇਸ਼, ਰਾਜਸਥਾਨ, ਦਿੱਲੀ, ਚੰਡੀਗੜ੍ਹ ਅਤੇ ਪੰਜਾਬ ਦੇ ਕੌਮੀ ਪੱਧਰ ਦੇ ਕਲਾਕਾਰਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਹਫ਼ਤੇ ਵਿੱਚ ਸੱਤ ਨਾਟਕਾਂ ਦਾ ਮੰਚਨ ਕੀਤਾ ਗਿਆ। ਵਰਤਮਾਨ ਸਮੇਂ ਸਮਾਜ ਅਨੇਕ ਅਲਾਮਤਾਂ ਦਾ ਸ਼ਿਕਾਰ ਹੋਇਆ ਹੈ। ਨਾਟਕ ਮੇਲੇ ਵਿੱਚ ਇੱਕ ਨਾਟਕ ਮਾਨਵਤਾ ਦੇ ਹੱਕਾਂ 'ਤੇ ਪਹਿਰਾ ਦੇਣ ਦੀ ਪ੍ਰੇਰਨਾ ਵਾਲਾ, ਇੱਕ ਨਾਟਕ ਗ਼ੈਰਕਾਨੂੰਨੀ ਢੰਗ ਨਾਲ ਪਰਵਾਸ ਕਰਨ ਵਾਲੇ ਪੰਜਾਬੀਆਂ ਦੇ ਸੰਤਾਪ ਦੇ ਦੁਖਾਂਤ ਅਤੇ ਬਾਕੀ ਪੰਜ ਨਾਲ ਮਨੁੱਖੀ ਰਿਸ਼ਤਿਆਂ ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਇਨਸਾਨੀ ਰਿਸ਼ਤਿਆਂ, ਜਿਨ੍ਹਾਂ ਵਿੱਚ ਮਾਂ-ਧੀ, ਪਤੀ-ਪਤਨੀ ਅਤੇ ਆਸ਼ਕ-ਮਾਸ਼ੂਕ ਦੇ ਰਿਸ਼ਤਿਆਂ ਵਿੱਚ ਆਈ ਗਿਰਾਵਟ ਨੂੰ ਦਰਸਾਉਣ ਵਾਲੇ ਸਨ, ਜਿਨ੍ਹਾਂ ਕਰਕੇ ਭਾਰਤੀ ਮਜ਼ਬੂਤ ਪਰਿਵਾਰਿਕ/ਸਮਾਜਿਕ ਤਾਣਾ-ਬਾਣਾ ਰਿਸ਼ਤਿਆਂ ਦੇ ਗਹਿਰੇ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਇਸ ਨਾਟਕ ਮੇਲੇ ਦੀ ਖ਼ੂਬੀ ਰਹੀ ਕਿ ਮੇਲੇ ਦਾ ਆਗਾਜ਼ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੇਂ ਸ਼ਹੀਦੀ ਦਿਵਸ ਦੇ ਸੰਬੰਧ ਵਿੱਚ ਪਹਿਲੇ ਦਿਨ 25 ਨਵੰਬਰ ਨੂੰ ਪ੍ਰਸਿੱਧ ਵਿਦਵਾਨ ਸ਼੍ਰੀ ਰਵਿੰਦਰ ਸਿੰਘ ਸੋਢੀ ਦੁਆਰਾ ਲਿਖਿਆ ਗਿਆ ਤੇ ਰੰਗ ਕਰਮੀ ਤੇ ਫ਼ਿਲਮ ਅਦਾਕਾਰ ਬਨਿੰਦਰਜੀਤ ਸਿੰਘ ਬਨੀ ਵੱਲੋਂ ਨਿਰਦੇਸ਼ਤ ਕੀਤਾ ਗਿਆ 'ਹਿੰਦ ਦੀ ਚਾਦਰ' ਖੇਡਿਆ ਗਿਆ। ਇੱਕ ਕਿਸਮ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਰਧਾਂਜ਼ਲੀ ਭੇਂਟ ਕਰਕੇ ਨਾਟਕ ਮੇਲਾ ਸ਼ੁਰੂ ਕੀਤਾ ਗਿਆ। ਇਹ ਨਾਟਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ 'ਤੇ ਆਧਾਰਿਤ ਹੈ, ਜਿਸ ਵਿੱਚ ਵਿਖਾਇਆ ਗਿਆ ਹੈ ਕਿ ਉਨ੍ਹਾਂ ਨੇ ਮਾਨਵਤਾ ਦੇ ਹੱਕਾਂ ਦੀ ਰਾਖੀ ਲਈ ਆਪਣੀ ਜ਼ਿੰਦਗੀ ਦੀ ਆਹੂਤੀ ਦਿੱਤੀ ਸੀ। ਸੰਸਾਰ ਵਿੱਚ ਮਨੁੱਖੀ ਹੱਕਾਂ ਲਈ ਉਨ੍ਹਾਂ ਦੀ ਪਹਿਲੀ ਕੁਰਬਾਨੀ ਹੈ। ਹਿੰਦ ਦੀ ਚਾਦਰ ਨਾਟਕ ਮਨੁੱਖੀ ਹੱਕਾਂ ਦੀ ਹਿਫ਼ਾਜ਼ਤ ਲਈ ਲੜਾਈ ਲੜਨ ਦੀ ਪ੍ਰੇਰਨਾ ਦਿੰਦਾ ਹੈ। ਨਾਟਕ ਵਿੱਚ ਅਦਾਕਾਰਾਂ ਵੱਲੋਂ ਕੀਤੀ ਅਦਾਕਾਰੀ ਨੇ ਦਰਸ਼ਕਾਂ ਨੂੰ ਇਤਨਾ ਪ੍ਰਭਾਵਤ ਕੀਤਾ ਕਿ ਉਹ ਭਾਵਨਾਵਾਂ ਦੇ ਵਹਿਣ ਵਿੱਚ ਵਹਿੰਦੇ ਹੋਏ ਅਤਿਅੰਤ ਭਾਵੁਕ ਹੋ ਗਏ। ਇਹ ਨਾਟਕ 'ਇਮਪੈਕਟ ਆਰਟਸ ਮੋਹਾਲੀ' ਗਰੁੱਪ ਦੇ ਕਲਾਕਾਰਾਂ ਵੱਲੋਂ ਖੇਡਿਆ ਗਿਆ।

ਡਾ. ਕੁਲਦੀਪ ਸਿੰਘ ਦੀਪ ਦਾ ਲਿਖਿਆ 'ਛੱਲਾ' ਤੇ ਪਰਮਿੰਦਰ ਪਾਲ ਕੌਰ ਦਾ ਨਿਰਦੇਸ਼ਤ ਕੀਤਾ ਗਿਆ ਨਾਟਕ ਕਲਾਕ੍ਰਿਤੀ ਪਟਿਆਲਾ ਦੇ ਕਲਾਕਾਰਾਂ ਦੁਆਰਾ ਖੇਡਿਆ ਗਿਆ। ਪਹਿਲੀ ਵਾਰ 'ਛੱਲਾ' ਨੂੰ ਨਵੇਂ ਢੰਗ ਨਾਲ ਪੇਸ਼ ਕਰਕੇ ਕਲਾਕਾਰਾਂ ਨੇ ਪੰਜਾਬੀਆਂ ਨੂੰ ਆਪਣੀ ਵਿਰਾਸਤ ਨਾਲ ਜੁੜੇ ਰਹਿਣ ਲਈ ਮਾਪਿਆਂ ਦੀ ਅਗਵਾਈ ਅਤੇ ਸਲਾਹ ਅਨੁਸਾਰ ਵਿਚਰਣ ਦੀ ਪ੍ਰੇਰਨਾ ਕੀਤੀ ਹੈ। ਭਾਵਨਾਵਾਂ ਵਿੱਚ ਵਹਿਕੇ ਪਰਵਾਸ ਵੱਲ ਭੱਜਕੇ ਆਪਣੀ ਵਿਰਾਸਤ ਨਾਲੋਂ ਮੂੰਹ ਨਹੀਂ ਮੋੜਨਾ ਚਾਹੀਦਾ। ਇਸ ਨਾਟਕ ਦਾ ਵਿਸ਼ਾ ਪੰਜਾਬੀਆਂ ਦੇ ਗ਼ੈਰਕਾਨੂੰਨੀ ਢੰਗ ਨਾਲ ਪਰਵਾਸ ਜਾਣ ਦੀ ਤ੍ਰਾਸਦੀ ਦਾ ਦੁੱਖਦਾਈ ਅੰਤ ਵਿਖਾਇਆ ਗਿਆ ਹੈ, ਜਿਸ ਵਿੱਚ ਏਜੰਟਾਂ ਦੇ ਧੱਕੇ ਚੜ੍ਹਕੇ ਗਏ ਪੰਜਾਬੀਆਂ ਦੇ ਮਾਰੇ ਜਾਣ ਦੀ ਹਿਰਦੇਵੇਦਿਕ ਘਟਨਾ ਨੇ ਪੰਜਾਬੀਆਂ ਨੂੰ ਝੰਜੋੜ ਕੇ ਰੱਖ ਦਿੱਤਾ। ਉਨ੍ਹਾਂ ਦੇ ਪਿੱਛੇ ਰਹਿ ਗਏ ਮਾਪਿਆਂ ਦੇ ਦਰਦਨਾਕ ਦੁਖਾਂਤ ਨੇ ਦਰਸ਼ਕਾਂ ਨੂੰ ਪਸੀਜਕੇ ਰੱਖ ਦਿੱਤਾ, ਜਿਸਦਾ ਸਿੱਟਾ ਇਹ ਨਿਕਲਿਆ ਕਿ ਗ਼ੈਰਕਾਨੂੰਨੀ ਢੰਗ ਨਾਲ ਪਰਵਾਸ ਜਾਣਾ ਨਹੀਂ ਚਾਹੀਦਾ। ਨਾਟਕ ਦਾ ਸਮੁੱਚਾ ਘਟਨਾਕ੍ਰਮ ਉਨ੍ਹਾਂ ਸਾਰੇ ਛੱਲਿਆਂ ਦੇ ਨਾਂ ਸੀ, ਜੋ ਘਰਾਂ ਤੋਂ ਜ਼ਿੰਦਗੀ ਦੀਆਂ ਝਨਾਵਾਂ ਤਰਨ ਲਈ ਨਿਕਲੇ, ਪ੍ਰੰਤੂ ਸਿਸਟਮ ਦੀ ਹਨ੍ਹੇਰੀ ਉਨ੍ਹਾਂ ਨੂੰ ਰਾਹ ਵਿੱਚ ਹੀ ਖਾ ਗਈ। ਦੁਆ ਕੀਤੀ ਗਈ ਕਿ ਮੁੜ ਇਸ ਧਰਤੀ 'ਤੇ ਕਦੇ ਅਜਿਹੇ ਛੱਲੇ ਨਾ ਜੰਮਣ। ਇਸ ਹਨ੍ਹੇਰੀ 'ਚੋਂ ਜਿਹੜਾ ਬਚਕੇ ਨਿਕਲਿਆ, ਉਹ ਇਸ ਨਾਟਕ ਦਾ ਕਾਲਪਨਿਕ ਪਾਤਰ ਪ੍ਰੋਫ਼ੈਸਰ ਨੇ ਮਨੀ ਦੇ ਰੂਪ ਵਿੱਚ ਆਪਣੀਆਂ ਹੱਡਬੀਤੀਆਂ ਸੁਣਾਈਆਂ, ਜਿਨ੍ਹਾਂ ਨਾਲ ਨਾਟਕ ਦੇ ਦੁਖਾਂਤ ਨੇ ਦਰਸ਼ਕਾਂ ਨੂੰ ਝੰਜੋੜ ਕੇ ਰੱਖ ਦਿੱਤਾ। ਪਰਮਿੰਦਰ ਪਾਲ ਕੌਰ ਨੇ ਛੱਲੇ ਦੀ ਮਾਂ ਦਾ ਕਿਰਦਾਰ ਬਾਖ਼ੂਬੀ ਨਾਲ ਨਿਭਾਕੇ ਦਰਸ਼ਕਾਂ ਦੀਆਂ ਅੱਖਾਂ ਸੇਜਲ ਕਰ ਦਿੱਤੀਆਂ। ਪਰਮਿੰਦਰਪਾਲ ਕੌਰ ਦੀ ਨਿਰਦੇਸ਼ਨਾ ਨੇ ਕੁਲਦੀਪ ਸਿੰਘ ਦੀਪ ਦੀ ਲਿਖਤ ਨੂੰ ਚਾਰ ਚੰਦ ਲਾ ਦਿੱਤੇ।



ਪਰਵਾਸ ਨੂੰ ਜਾਣ ਸਮੇਂ ਮਨੀ ਮਾਂ ਪਰਮਿੰਦਰ ਪਾਲ ਕੌਰ ਦੀ ਆਗਿਆ ਲੈਂਦਾ ਹੋਇਆ।

ਡਾ. ਕੁਲਦੀਪ ਸਿੰਘ ਦੀਪ ਦਾ ਲਿਖਿਆ 'ਛੱਲਾ' ਤੇ ਪਰਮਿੰਦਰ ਪਾਲ ਕੌਰ ਦਾ ਨਿਰਦੇਸ਼ਤ ਕੀਤਾ ਗਿਆ ਨਾਟਕ ਕਲਾਕ੍ਰਿਤੀ ਪਟਿਆਲਾ ਦੇ ਕਲਾਕਾਰਾਂ ਦੁਆਰਾ ਖੇਡਿਆ ਗਿਆ। ਪਹਿਲੀ ਵਾਰ 'ਛੱਲਾ' ਨੂੰ ਨਵੇਂ ਢੰਗ ਨਾਲ ਪੇਸ਼ ਕਰਕੇ ਕਲਾਕਾਰਾਂ ਨੇ ਪੰਜਾਬੀਆਂ ਨੂੰ ਆਪਣੀ ਵਿਰਾਸਤ ਨਾਲ ਜੁੜੇ ਰਹਿਣ ਲਈ ਮਾਪਿਆਂ ਦੀ ਅਗਵਾਈ ਅਤੇ ਸਲਾਹ ਅਨੁਸਾਰ ਵਿਚਰਣ ਦੀ ਪ੍ਰੇਰਨਾ ਕੀਤੀ ਹੈ। ਭਾਵਨਾਵਾਂ ਵਿੱਚ ਵਹਿਕੇ ਪਰਵਾਸ ਵੱਲ ਭੱਜਕੇ ਆਪਣੀ ਵਿਰਾਸਤ ਨਾਲੋਂ ਮੂੰਹ ਨਹੀਂ ਮੋੜਨਾ ਚਾਹੀਦਾ। ਇਸ ਨਾਟਕ ਦਾ ਵਿਸ਼ਾ ਪੰਜਾਬੀਆਂ ਦੇ ਗ਼ੈਰਕਾਨੂੰਨੀ ਢੰਗ ਨਾਲ ਪਰਵਾਸ ਜਾਣ ਦੀ ਤ੍ਰਾਸਦੀ ਦਾ ਦੁੱਖਦਾਈ ਅੰਤ ਵਿਖਾਇਆ ਗਿਆ ਹੈ, ਜਿਸ ਵਿੱਚ ਏਜੰਟਾਂ ਦੇ ਧੱਕੇ ਚੜ੍ਹਕੇ ਗਏ ਪੰਜਾਬੀਆਂ ਦੇ ਮਾਰੇ ਜਾਣ ਦੀ ਹਿਰਦੇਵੇਦਿਕ ਘਟਨਾ ਨੇ ਪੰਜਾਬੀਆਂ ਨੂੰ ਝੰਜੋੜ ਕੇ ਰੱਖ ਦਿੱਤਾ।

ਪਾਲੀ ਭੁਪਿੰਦਰ ਸਿੰਘ ਦਾ ਲਿਖਿਆ ਤੇ ਪਰਵੀਨ ਅਰੋੜਾ ਦਾ ਨਿਰਦੇਸ਼ਤ ਕੀਤਾ ਹੋਇਆ ਨਾਟਕ 'ਤੁਮਹੇ ਕੌਨ ਸਾ ਰੰਗ ਪਸੰਦ ਹੈ' 'ਨਤਿਆ ਵਾਸਤੂ ਸੰਸਕ੍ਰਿਤਿਕ ਤੇ ਸਮਾਜਿਕ ਸੰਸਥਾ ਕਾਨਪੁਰ' ਉਤਰ ਪ੍ਰਦੇਸ਼ ਦੇ ਗਰੁੱਪ ਵੱਲੋਂ ਖੇਡਿਆ ਗਿਆ। ਇਸ ਨਾਟਕ ਵਿੱਚ ਬਹੁਤ ਹੀ ਸੰਵੇਦਨਸ਼ੀਲ ਵਿਸ਼ੇ, ਵਿਆਹ ਤੋਂ ਪਹਿਲਾਂ ਸਰੀਰਕ ਸੰਬੰਧ ਬਣਾਉਣ ਅਤੇ ਲਿਵ ਇਨ ਰਿਲੇਸ਼ਨ ਵਿੱਚ ਰਹਿਣ ਲਈ ਪ੍ਰਾਈਵੇਟ ਕੰਪਨੀਆਂ ਵੱਲੋਂ ਆਪਣੇ ਹਿਤਾਂ ਲਈ ਭਾਰਤ ਦੇ ਮਜ਼ਬੂਤ ਪਰਿਵਾਰਿਕ ਢਾਂਚੇ ਨੂੰ ਤਹਿਸ-ਨਹਿਸ ਕਰਨ ਦੀ ਵਕਾਲਤ 'ਤੇ ਚਿੰਤਾ ਪ੍ਰਗਟ ਕੀਤੀ ਗਈ ਹੈ। ਜੇਕਰ ਭਾਰਤੀ ਅਨੈਤਿਕ ਸੰਬੰਧਾਂ ਦੀ ਪ੍ਰੋੜ੍ਹਤਾ ਕਰਨਗੇ, ਤਾਂ ਉਨ੍ਹਾਂ ਦੀਆਂ ਸਮਾਜਿਕ ਪ੍ਰੰਪਰਾਵਾਂ ਲਈ ਬੜਾ ਵੱਡਾ ਖ਼ਤਰਾ ਪੈਦਾ ਹੋਵੇਗਾ। ਕਲਾਕਾਰਾਂ ਦੀ ਅਦਾਕਾਰੀ ਨੇ ਦਰਸ਼ਕਾਂ ਨੂੰ ਬਹੁਤ ਹੀ ਪ੍ਰਭਾਵਤ ਕੀਤਾ। ਇਹ ਨਾਟਕ ਮੇਲਾ ਕਲਾਕ੍ਰਿਤੀ ਪਟਿਆਲਾ ਨੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸਪਾਂਸਰ ਅਤੇ ਉਤਰੀ ਖੇਤਰੀ ਸੱਭਿਅਚਾਰਕ ਕੇਂਦਰ ਦੇ ਸਹਿਯੋਗ ਨਾਲ ਕੀਤਾ ਗਿਆ।

ਕਾਸ਼ੀ ਨਾਥ ਸਿੰਘ ਅਤੇ ਵਿਨੋਦ ਮਿਸ਼ਰਾ ਦੀਆਂ ਕਹਾਣੀਆਂ 'ਤੇ ਆਧਾਰਿਤ ਨਾਟਕ 'ਰਿਲੇਸ਼ਨਸ਼ਿਪ ਰਿਦਮ 2.0' ਰਾਜ ਨਰਾਇਣ ਦੀਕਸ਼ਤ ਦੁਆਰਾ ਨਿਰਦੇਸ਼ਤ ਕੀਤਾ ਗਿਆ। ਰੰਗਮੰਡਲ ਦਿੱਲੀ ਦੁਆਰਾ ਪ੍ਰਸਤੱਤ ਕੀਤੇ ਗਏ ਨਾਟਕ ਨੇ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ ਕਿਉਂਕਿ ਇਸ ਨਾਟਕ ਵਿੱਚ ਵਰਤਮਾਨ ਅਖੌਤੀ ਆਧੁਨਿਕਤਾ ਦੇ ਵਿੱਚ ਗ੍ਰਸਤ ਮਾਨਵਤਾ ਦੇ ਮਨੁੱਖੀ ਰਿਸ਼ਤਿਆਂ ਦੀਆਂ ਗੁੰਝਲਾਂ, ਜੋ ਪਿਆਰ ਅਤੇ ਸਰੀਰਕ ਇੱਛਾ ਸ਼ਕਤੀ ਵਿਚਕਾਰਲੇ ਸੰਕਟਮਈ ਸੰਘਰਸ਼ ਨੂੰ ਅਦਾਕਾਰਾਂ ਨੇ ਆਪਣੀ ਕਲਾ ਦੀ ਪਿਉਂਦ ਨਾਲ ਵਿਖਾਇਆ ਸੀ। ਪਾਤਰ ਆਪਣੀਆਂ ਭਾਵਨਾਵਾਂ ਅਤੇ ਉਮੀਦਾਂ ਵਿੱਚਕਾਰਲੇ ਦਵੰਦ ਵਿੱਚ ਫਸੇ ਹੋਏ ਜੀਵਨ ਦੀਆਂ ਹਕੀਕਤਾਂ ਦਾ ਪ੍ਰਗਟਾਵਾ ਕਰਦੇ ਸਨ।

ਕੌਮੀ ਨਾਟਕ ਮੇਲੇ ਦੇ ਛੇਵੇਂ ਦਿਨ ਸਅਦਤ ਹਸਨ ਮੰਟੋ ਦੀ ਪ੍ਰਸਿੱਧ ਰਚਨਾ 'ਤੇ ਆਧਾਰਿਤ 'ਬਾਦਸ਼ਾਹਤ ਦਾ ਖ਼ਾਤਮਾ' ਦਾ ਮੰਚਨ ਰਾਜਸਥਾਨ ਦੇ 'ਰੰਗ ਸੰਸਕਾਰ ਥੇਟਰ' ਗਰੁੱਪ ਅਲਵਰ ਵੱਲੋਂ ਕੀਤਾ ਗਿਆ। ਇਹ ਨਾਟਕ ਅਖਤਾਰ ਅਲੀ ਵੱਲੋਂ ਅਡਾਪਟ ਕੀਤਾ ਅਤੇ ਡਾ. ਦੇਸ਼ਰਾਜ ਮੀਨਾ ਦੁਆਰਾ ਨਿਰਦੇਸ਼ਤ ਕੀਤਾ ਗਿਆ ਸੀ। ਇਸ ਨਾਟਕ ਦੀ ਕਮਾਲ ਰਹੀ ਕਿ ਇਹ ਨਾਟਕ ਸਿਰਫ ਦੋ ਪਾਤਰਾਂ ਵੱਲੋਂ ਖੇਡਿਆ ਗਿਆ, ਦੋਹਾਂ ਪਾਤਰਾਂ ਦੀ ਅਦਾਕਰੀ ਨੇ ਦਰਸ਼ਕਾਂ ਦੇ ਦਿਲ ਮੋਹ ਲਏ। ਇਹ ਕਹਾਣੀ ਦੋ ਥਾਵਾਂ ਦਫ਼ਤਰ ਅਤੇ ਘਰ ਤੋਂ ਸ਼ੁਰੂ ਹੁੰਦੀ ਹੈ।

ਅਸ਼ੋਕ ਸਿੰਘ ਵੱਲੋਂ ਲਿਖਿਆ ਤੇ ਡਾ. ਓਮਿੰਦਰਾ ਕੁਮਾਰ ਦਾ ਨਿਰਦੇਸ਼ਤ ਕੀਤਾ ਹੋਇਆ ਨਾਟਕ 'ਕੋਈ ਏਕ ਰਾਤ' ਅਨੁਕ੍ਰਿਤੀ ਕਾਨਪੁਰ ਉੱਤਰ ਪ੍ਰਦੇਸ਼ ਵੱਲੋਂ ਖੇਡਿਆ ਗਿਆ। ਇਸ ਨਾਟਕ ਵਿੱਚ ਮਾਂ ਪੂਰਵਾ ਤੇ ਬੇਟੀ ਸੁੰਮੀ ਦੇ ਵਿਚਾਲੇ ਉਸ ਇੱਕ ਰਾਤ ਦੀ ਕਹਾਣੀ ਵਿਚਲੇ ਤਕਰਾਰ, ਜਿਸ ਵਿੱਚ ਬੀਤੇ ਹੋਏ ਸਾਲਾਂ ਦਾ ਦਰਦ, ਸਮਝੌਤਾ ਅਤੇ ਨਾਰਾਜ਼ਗੀ ਦ੍ਰਿਸ਼ਟਾਂਤਿਕ ਰੂਪ ਵਿੱਚ ਵਿਖਾਈ ਦਿੰਦੀ ਸੀ। ਮਾਂ ਤੇ ਬੇਟੀ ਦੇ ਰਿਸ਼ਤੇ ਫ਼ਿਲਮੀ ਦੁਨੀਆਂ ਅਤੇ ਰੰਗਮੰਚ ਨਾਲ ਜੁੜਦੇ ਸਨ, ਪਰ ਉਨ੍ਹਾਂ ਦੀ ਸੋਚ, ਅਨੁਭਵ ਬਿਲਕੁਲ ਇੱਕ ਦੂਜੇ ਤੋਂ ਉਲਟ ਹੈ। ਮਾਂ ਨੇ ਫ਼ਿਲਮਾਂ ਵਿੱਚ ਕੰਮ ਕਰਨ ਲਈ ਅਨੇਕਾਂ ਗ਼ੈਰਕਾਨੂੰਨੀ ਸਮਝੌਤੇ ਕੀਤੇ, ਪਹਿਲਾਂ ਕੰਮ ਲੈਣ ਲਈ ਫਿਰ ਦੂਜਾ ਸਮਝੌਤਾ ਫ਼ਿਲਮ ਇੰਡਸਟਰੀ ਵਿੱਚ ਬਣੇ ਰਹਿਣ ਲਈ ਅਤੇ ਅੰਤ ਆਪਣੇ ਸਟੇਟਸ ਅਤੇ ਜੀਵਨ ਸ਼ੈਲੀ ਨੂੰ ਬਰਕਰਾਰ ਰੱਖਣ ਲਈ, ਪ੍ਰੰਤੂ ਬੇਟੀ ਆਤਮ ਸਨਮਾਨ ਨੂੰ ਸਰਵਉੱਚ ਮੰਨਦੀ ਹੋਈ ਸਮਝੌਤੇ ਨਹੀਂ ਕਰਦੀ। ਇਹ ਟਕਰਾਓ ਸਿਰਫ਼ ਦੋ ਸੋਚਾਂ ਦਾ ਨਹੀਂ, ਸਗੋਂ ਸਮੁੱਚੀ ਇਸਤਰੀ ਜਾਤੀ ਦੇ ਆਤਮ ਸਨਮਾਨ ਦਾ ਹੈ।

'ਅਜ਼ੀਬ ਦਾਸਤਾਂ' ਨਾਟਕ ਅਲੋਕ ਸ਼ੁਕਲਾ ਦਾ ਲਿਖਿਆ ਅਤੇ ਨਿਰਦੇਸ਼ਤ ਕੀਤਾ ਹੋਇਆ 'ਪ੍ਰਸੰਗਿਕ ਦਿੱਲੀ' ਗਰੁੱਪ ਦੇ ਕਲਾਕਾਰਾਂ ਨੇ ਖੇਡਿਆ। ਇਹ ਨਾਟਕ ਮਹਾਂ ਨਗਰ ਮੁੰਬਈ ਦੇ ਰਹਿਣ ਵਾਲੇ ਦੋ ਤਲਾਕਸ਼ੁਦਾ ਜੋੜੀਆਂ ਦੇ ਆਲੇ-ਦੁਆਲੇ ਘੁੰਮਦਾ ਹੈ, ਦੋਹਾਂ ਜੋੜੀਆਂ ਦੀਆਂ ਵੱਖੋ-ਵੱਖਰੇ ਹਾਲਾਤਾਂ ਕਰਕੇ, ਉਨ੍ਹਾਂ ਦੇ ਵਿਆਹ ਟੁੱਟ ਜਾਂਦੇ ਹਨ। ਦੋਵੇਂ ਔਰਤਾਂ ਸਮੱਸਿਆਵਾਂ ਦੇ ਹੱਲ ਲਈ ਇੱਕ ਔਰਤ ਦੋਸਤ ਦੇ ਰੂਪ ਵਿੱਚ ਸਾਥੀ ਲੱਭ ਲੈਂਦੀ ਤੇ ਦੂਜੀ ਦੁਬਾਰਾ ਵਿਆਹ ਕਰਕੇ ਸਮੱਸਿਆਵਾਂ ਨੂੰ ਖ਼ਤਮ ਕਰਨਾ ਚਾਹੁੰਦੀ ਹੈ, ਪ੍ਰੰਤੂ ਸਮੱਸਿਆਵਾਂ ਜਿਉਂ ਦੀ ਤਿਉਂ ਰਹਿੰਦੀਆਂ। ਉਨ੍ਹਾਂ ਵਿੱਚੋਂ ਇੱਕ ਦਾ ਬੱਚਾ ਨਸ਼ੇ ਕਰਨ ਲੱਗਦਾ ਹੈ ਤੇ ਹਾਲਾਤ ਵਿਗੜਨ ਕਰਕੇ ਉਸ ਬੱਚੇ ਨੂੰ ਪੁਨਰਵਾਸ ਕੇਂਦਰ ਵਿੱਚ ਭੇਜ ਦਿੱਤਾ ਜਾਂਦਾ ਹੈ। ਇਹ ਨਾਟਕ ਰਿਸ਼ਤਿਆਂ ਦੇ ਟੁੱਟਣ, ਨਵੀਂ ਸ਼ੁਰੂਆਤ, ਆਧੁਨਿਕ ਮਹਾਂ ਨਗਰ ਜੀਵਨ ਦੀਆਂ ਗੁੰਝਲਾਂ ਅਤੇ ਉਨ੍ਹਾਂ ਦਾ ਵਿਵਾਹਕ ਪਰਿਵਾਰਾਂ 'ਤੇ ਪੈਣ ਵਾਲੇ ਭਾਵਨਾਤਮਿਕ ਪ੍ਰਭਾਵਾਂ ਦੀ ਸੰਵੇਦਨਸ਼ੀਲਤਾ ਦੀ ਕਹਾਣੀ ਪੇਸ਼ ਕਰਦਾ ਹੈ।

# ਲਵਾਰਸ-ਬੇਘਰ ਬਜ਼ੁਰਗਾਂ ਤੇ ਮਰੀਜ਼ਾਂ ਦੀ ਸੇਵਾ ਕਰਨ ਵਾਲੇ ਡਾ. ਨੌਰੰਗ ਸਿੰਘ ਮਾਂਗਟ ਸਰਕਾਰ ਵੱਲੋਂ ਸਨਮਾਨਿਤ

16 ਜਨਵਰੀ 2026 ਨੂੰ ਮੁਹਾਲੀ ਵਿਖੇ ਹੋਏ "ਸਾਡੇ ਬਜ਼ੁਰਗ ਸਾਡਾ ਮਾਣ" ਰਾਜ ਪੱਧਰੀ ਸਮਾਗਮ ਵਿਚ ਲਾਵਾਰਸ-ਬੇਘਰ ਬਜ਼ੁਰਗਾਂ ਤੇ ਮਰੀਜ਼ਾਂ ਦੀ ਸੇਵਾ-ਸੰਭਾਲ ਕਰਨ ਵਾਲੇ ਡਾ. ਨੌਰੰਗ ਸਿੰਘ ਮਾਂਗਟ ਨੂੰ ਪੰਜਾਬ ਦੇ ਸਮਾਜਿਕ ਸੁਰੱਖਿਆ ਕੈਬਨਿਟ ਮੰਤਰੀ ਮਾਨਯੋਗ ਡਾ. ਬਲਜੀਤ ਕੌਰ ਵੱਲੋਂ ਸਰਟੀਫਿਕੇਟ ਤੇ ਸ਼ਾਲ ਦੇ ਕੇ ਸਨਮਾਨਤ ਕੀਤਾ ਗਿਆ। ਗੁਰੂ ਅਮਰ ਦਾਸ ਅਪਾਹਜ ਆਸ਼ਰਮ ਦੇ ਫ਼ਾਊਂਡਰ ਤੇ ਪ੍ਰਧਾਨ ਡਾ. ਨੌਰੰਗ ਸਿੰਘ ਮਾਂਗਟ ਨੂੰ ਇਹ ਪੁਰਸਕਾਰ ਉਨ੍ਹਾਂ ਵੱਲੋਂ ਪਿਛਲੇ 21 ਸਾਲਾਂ ਤੋਂ ਲਾਵਾਰਸ-ਬੇਘਰ ਬਜ਼ੁਰਗਾਂ ਤੇ ਮਰੀਜ਼ਾਂ ਦੀ ਲਗਾਤਰ ਕੀਤੀ ਜਾ ਰਹੀ ਨਿਰਸਵਾਰਥ ਸੇਵਾ ਨੂੰ ਮੁੱਖ ਰੱਖਦੇ ਹੋਏ ਦਿੱਤਾ ਗਿਆ।

ਪੁਰਸਕਾਰ ਦੇਣ ਸਮੇਂ ਕੈਬਨਿਟ ਮੰਤਰੀ ਮਾਨਯੋਗ ਡਾ. ਬਲਜੀਤ ਕੌਰ ਤੋਂ ਇਲਾਵਾ ਉਨ੍ਹਾਂ ਨਾਲ ਪੰਜਾਬ ਦੇ ਐਡੀਸ਼ਨਲ ਚੀਫ਼ ਸੈਕਟਰੀ ਸ਼੍ਰੀ ਵਿਕਾਸ ਪ੍ਰਤਾਪ ਸਿੰਘ, ਐਮ.ਐੱਲ.ਏ. ਸ. ਕੁਲਜੀਤ ਸਿੰਘ ਰੰਧਾਵਾ, ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ, ਡਿਪਟੀ ਕਮਿਸ਼ਨਰ ਸ਼੍ਰੀਮਤੀ ਕੋਮਲ ਮਿੱਤਲ, ਜੁਆਇੰਟ ਸੈਕਟਰੀ ਸਮਾਜਿਕ ਸੁਰੱਖਿਆ ਅਨੰਦ ਸਾਗਰ, ਜੁਆਇੰਟ ਡਾਇਰੈਕਟਰ ਸ. ਚਰਨਜੀਤ ਸਿੰਘ ਮਾਨ, ਲੁਧਿਆਣਾ ਜ਼ਿਲ੍ਹਾ ਦੇ ਸਮਾਜਿਕ ਤੇ ਭਲਾਈ ਅਫ਼ਸਰ ਸ. ਵਰਿੰਦਰ ਸਿੰਘ ਟਿਵਾਣਾ ਅਤੇ ਪੰਜਾਬ ਸਰਕਾਰ ਦੇ ਹੋਰ ਬਹੁਤ ਸਾਰੇ ਸੀਨਅਰ ਅਫਸਰ ਅਤੇ ਨਾਮਵਰ ਸ਼ਖਸੀਅਤਾਂ ਮੌਜੂਦ ਸਨ। ਇਸ ਮੌਕੇ ਪੰਜਾਬ ਦੇ ਕੁੱਝ ਹੋਰ ਜ਼ਿਲ੍ਹਿਆਂ ਦੇ ਨਿਸ਼ਕਾਮ ਸੇਵਾ ਕਰਨ ਵਾਲੇ ਵਿਅਕਤੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਪਰ ਲੁਧਿਆਣਾ ਜ਼ਿਲ੍ਹੇ 'ਚੋਂ ਇਸ ਸਨਮਾਨ ਲਈ ਡਾ. ਨੌਰੰਗ ਸਿੰਘ ਮਾਂਗਟ ਨੂੰ ਹੀ ਚੁਣਿਆ ਗਿਆ ਸੀ।

ਪੀ.ਏ.ਯੂ. ਲੁਧਿਆਣਾ, ਯੂਨੀਵਰਸਿਟੀ ਆਫ਼ ਵਿੰਡਸਰ (ਕੈਨੇਡਾ) ਅਤੇ ਮੌਰੀਸਨ ਸਾਇੰਟਿਫਿਕ ਰੀਸਰਚ ਕੰਪਨੀ ਕੈਲਗਰੀ (ਕੈਨੇਡਾ) ਦੇ ਸਾਬਕਾ ਪ੍ਰੋਫੈਸਰ ਅਤੇ ਸਾਇੰਸਦਾਨ ਡਾ. ਨੌਰੰਗ ਸਿੰਘ ਮਾਂਗਟ ਨੇ ਕਈ ਸਾਲ ਲੁਧਿਆਣਾ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਸਾਇਕਲ 'ਤੇ ਫਿਰਕੇ ਸੜਕਾਂ ਕੰਢੇ ਪਏ ਲਾਵਾਰਸ, ਬੇਘਰ, ਅਪਾਹਜ ਅਤੇ ਬਿਮਾਰ ਲੋੜਵੰਦਾਂ ਦੀ ਸੇਵਾ-ਸੰਭਾਲ ਕੀਤੀ। ਅਜਿਹੇ ਲੋਕਾਂ ਦੀ ਹੋਰ ਬਿਹਤਰ ਢੰਗ ਨਾਲ ਸੇਵਾ-ਸੰਭਾਲ ਕਰਨ ਲਈ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਦੇ ਨਜ਼ਦੀਕ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਬਣਵਾਇਆ।

ਡਾ. ਨੌਰੰਗ ਸਿੰਘ ਮਾਂਗਟ ਨੇ ਦੱਸਿਆ ਕਿ ਇਸ ਆਸ਼ਰਮ ਵਿਚ ਹੁਣ 235 (ਦੋ ਸੌ ਪੈਂਤੀ) ਦੇ ਕਰੀਬ ਅਪਾਹਜ, ਬੇਸਹਾਰਾ, ਨੇਤਰਹੀਣ, ਅਧਰੰਗ ਦੀ ਬਿਮਾਰੀ ਵਾਲੇ, ਸ਼ੂਗਰ, ਏਡਜ਼, ਕਾਲਾ ਪੀਲੀਆ, ਟੀ.ਬੀ., ਦਿਮਾਗੀ ਸੰਤੁਲਨ ਗੁਆ ਚੁੱਕੇ, ਲਾਇਲਾਜ ਰੋਗਾਂ ਨਾਲ ਪੀੜਤ ਲਾਵਾਰਸ, ਬੇਘਰ ਬਜ਼ੁਰਗ ਤੇ ਗਰੀਬ ਲੋਕ ਪੱਕੇ ਤੌਰ 'ਤੇ ਰਹਿ ਰਹੇ ਹਨ। ਇਨ੍ਹਾਂ 'ਚ ਜ਼ਿਆਦਾਤਰ ਉਹ ਹਨ, ਜਿਨ੍ਹਾਂ ਨੂੰ ਸੜਕਾਂ ਤੋਂ ਬਹੁਤ ਤਰਸਯੋਗ ਹਾਲਤ 'ਚ ਚੁੱਕ ਕੇ ਲਿਆਂਦਾ ਗਿਆ ਸੀ। ਇਨ੍ਹਾਂ ਮਰੀਜ਼ਾਂ 'ਚ ਸਵਾ ਸੌ (125) ਦੇ ਕਰੀਬ ਮਰੀਜ਼ਾਂ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ। ਅੱਸੀ ਦੇ ਕਰੀਬ ਅਜਿਹੇ ਹਨ, ਜਿਨ੍ਹਾਂ ਨੂੰ ਆਪਣੀ ਸੁੱਧ-ਬੁੱਧ ਨਹੀਂ ਹੈ, ਉਹ ਆਪਣੇ ਬਾਰੇ ਕੁੱਝ ਵੀ ਦੱਸਣ ਤੋਂ ਅਸਮਰੱਥ ਹਨ। ਸੱਠ (60) ਦੇ ਕਰੀਬ ਮਰੀਜ਼ ਅਜਿਹੇ ਹਨ, ਜੋ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ-ਮੂਤਰ ਵੀ ਕੱਪੜਿਆਂ ਵਿਚ ਹੀ ਕਰਦੇ ਹਨ। ਅਜਿਹੇ ਲੋੜਵੰਦਾਂ ਦੀ ਨਿਸ਼ਕਾਮ ਸੇਵਾ-ਸੰਭਾਲ ਕਰਨ ਦੇ ਨਾਲ-ਨਾਲ ਮੁਫ਼ਤ ਮੈਡੀਕਲ ਸਹਾਇਤਾ ਦੇ ਕੇ ਉਨ੍ਹਾਂ ਦੀ ਜ਼ਿੰਦਗੀ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ। ਆਸ਼ਰਮ ਵਿਚ ਰਹਿਣ ਵਾਲੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਭੋਜਨ, ਕੱਪੜੇ ਆਦਿ ਹਰ ਜ਼ਰੂਰੀ ਵਸਤੂ ਮੁਫ਼ਤ ਮੁਹੱਈਆ ਕਰਵਾਈ ਜਾਂਦੀ ਹੈ।

ਚਾਲੀ (40) ਦੇ ਕਰੀਬ ਸਟਾਫ਼ ਤੇ ਸੇਵਾਦਾਰ ਆਸ਼ਰਮ 'ਚ ਕੰਮ ਕਰਦੇ ਹਨ। ਸੇਵਾਦਾਰ ਇਨ੍ਹਾਂ ਮਰੀਜ਼ਾਂ ਨੂੰ ਇਸ਼ਨਾਨ ਕਰਾਉਂਦੇ ਹਨ, ਕੱਪੜੇ ਬਦਲੀ ਕਰਦੇ ਹਨ। ਲਾਚਾਰ ਮਰੀਜ਼ਾਂ ਨੂੰ ਖਾਣਾ ਵੀ ਆਪ ਖੁਆਉਂਦੇ ਹਨ। ਡਾਕਟਰ ਤੇ ਨਰਸਾਂ ਮਰੀਜ਼ਾਂ ਨੂੰ ਦੁਆਈਆਂ ਦਿੰਦੇ ਹਨ। ਇੱਥੇ ਤਕਰੀਬਨ ਤਿੰਨ ਸੌ ਮਰੀਜ਼ਾਂ ਤੇ ਸੇਵਾਦਾਰਾਂ ਲਈ ਲੰਗਰ ਤਿਆਰ ਹੁੰਦਾ ਹੈ। ਇਨ੍ਹਾਂ ਮਰੀਜ਼ਾਂ 'ਤੇ ਆਉਣ ਵਾਲਾ ਚਾਰ ਕਰੋੜ ਦੇ ਕਰੀਬ ਸਾਲਾਨਾ ਖਰਚਾ ਸੰਗਤਾਂ ਦੇ ਸਹਿਯੋਗ ਅਤੇ ਅਸੀਸਾਂ ਨਾਲ ਹੀ ਚੱਲਦਾ ਹੈ।




*ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਤੋਂ ਸਨਮਾਨ ਪ੍ਰਾਪਤ ਕਰਦੇ ਹੋਏ ਡਾ. ਨੌਰੰਗ ਸਿੰਘ ਮਾਂਗਟ ਅਤੇ ਨਾਲ ਖੜੀਆਂ ਹੋਰ ਨਾਮਵਰ ਸ਼ਖ਼ਸੀਅਤਾਂ।*

# ਕੁਦਰਤ ਦੇ ਨਾਲ ਰਹਿਣ ਤੋਂ ਬਿਹਤਰ ਸਿਹਤ




ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA


ਮਾਨਸਿਕ ਸਿਹਤ ਸੰਬੰਧੀ ਸਮੱਸਿਆਵਾਂ ਵਿਚ ਕੁਦਰਤ ਨਾਲ ਜੁੜਨ ਦੇ ਫਾਇਦੇ ਹਨ। ਇੱਕ ਅਧਿਐਨ ਵਿਚ ਇਹ ਗੱਲ ਪੁਖਤਾ ਹੋਈ ਹੈ ਕਿ ਘਰ ਦੇ ਵਿਹੜੇ ਵਿਚ ਅਤੇ ਬਾਹਰ ਕੁਦਰਤ ਨਾਲ ਜੁੜੀਆਂ ਗਤੀਵਿਧੀਆਂ ਸਾਡੇ ਅੰਦਰਲੇ ਤਣਾਅ ਨੂੰ ਘਟਾਉਂਦੀਆਂ ਹਨ, ਮੂਡ ਚੰਗਾ ਕਰਦੀਆਂ ਹਨ ਅਤੇ ਸਕਾਰਾਤਮਕ ਭਾਵਨਾਵਾਂ ਨੂੰ ਵਧਾਉਂਦੀਆਂ ਹਨ।

ਇੱਕ ਹਾਲੀਆ ਅਧਿਐਨ ਵਿਚ ਪਾਇਆ ਗਿਆ ਕਿ ਕੁਦਰਤ ਨਾਲ ਜੁੜੀਆਂ ਗਤੀਵਿਧੀਆਂ ਸਾਡੀ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਂਦੀਆਂ ਹਨ, ਜੋ ਲੋਕ ਮਾਨਸਿਕ ਸਿਹਤ ਨਾਲ ਸਬੰਧਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ, ਉਨ੍ਹਾਂ ਨੂੰ ਵੀ ਕੁਦਰਤ ਦੇ ਨਾਲ ਜੁੜਨ ਤੋਂ ਲਾਭ ਹੁੰਦਾ ਹੈ। ਇਹ ਅਧਿਐਨ ਯੌਰਕ ਯੂਨੀਵਰਸਿਟੀ ਦੁਆਰਾ ਕੀਤਾ ਗਿਆ ਸੀ, ਜਿਸ ਵਿਚ ਦੱਸਿਆ ਗਿਆ ਹੈ ਕਿ ਘਰ ਤੋਂ ਬਾਹਰ ਕੁਦਰਤ ਨਾਲ ਜੁੜੀਆਂ ਗਤੀਵਿਧੀਆਂ ਸਾਡੇ ਅੰਦਰਲੇ ਤਣਾਅ ਨੂੰ ਘਟਾਉਂਦੀਆਂ ਹਨ, ਮੂਡ ਨੂੰ ਵਧਾਉਂਦੀਆਂ ਹਨ ਅਤੇ ਸਾਡੇ ਅੰਦਰ ਸਕਾਰਾਤਮਕ ਭਾਵਨਾਵਾਂ ਨੂੰ ਉਤਸ਼ਾਹਿਤ ਕਰਦੀਆਂ ਹਨ। ਇਸ ਵਿਚ ਇਹ ਵੀ ਪਾਇਆ ਗਿਆ ਹੈ ਕਿ 8 ਤੋਂ 12 ਹਫ਼ਤਿਆਂ ਦੇ ਅੰਦਰ ਅਸੀਂ ਜੋ 20 ਤੋਂ 90 ਮਿੰਟ ਦੀ ਗਤੀਵਿਧੀ ਕਰਦੇ ਹਾਂ, ਉਸ ਨਾਲ ਬਿਹਤਰ ਨਤੀਜੇ ਨਿਕਲਦੇ ਹਨ।

## ਅਧਿਐਨ ਨੇ ਪੁਖਤਾ ਕੀਤੇ ਫਾਇਦੇ

ਨੀਂਦ ਨੂੰ ਲੈ ਕੇ ਇਸ ਅਧਿਐਨ ਦੇ ਮੁੱਖ ਲੇਖਕ ਡਿਪਾਰਟਮੈਂਟ ਆਫ਼ ਹੈਲਥ ਸਾਇੰਸਜ਼ ਦੇ ਡਾ. ਪੀਟਰ ਕਨਵੈਂਟਰੀ ਦਾ ਕਹਿਣਾ ਹੈ ਕਿ ਅਸੀਂ ਪਹਿਲਾਂ ਹੀ ਇਸ ਤੱਥ ਤੋਂ ਜਾਣੂ ਹਾਂ ਕਿ ਕੁਦਰਤ ਨਾਲ ਜੁੜਨਾ ਸਾਡੀ ਸਰੀਰਕ ਅਤੇ ਮਾਨਸਿਕ ਸਿਹਤ ਲਈ ਲਾਭਦਾਇਕ ਹੁੰਦਾ ਹੈ। ਪਰ ਸਾਡੇ ਇਸ ਅਧਿਐਨ ਨੇ ਇਸ ਗੱਲ ਨੂੰ ਹੋਰ ਵੀ ਮਜ਼ਬੂਤ ਕੀਤਾ ਹੈ ਕਿ ਕੁਦਰਤ ਨਾਲ ਜੁੜੀਆਂ ਗਤੀਵਿਧੀਆਂ ਵਿਚ ਸ਼ਾਮਲ ਹੋਣ ਨਾਲ ਸਾਡਾ ਮਾਨਸਿਕ ਸਿਹਤ ਬਿਹਤਰ ਹੁੰਦਾ ਹੈ। ਕੁਦਰਤ ਨਾਲ ਜੁੜੀਆਂ ਇਨ੍ਹਾਂ ਗਤੀਵਿਧੀਆਂ ਨੂੰ ਆਪਣੇ ਆਪ ਕਰਨ ਜਾਂ ਦੂਜਿਆਂ ਨਾਲ ਮਿਲ ਕੇ ਕਰਨ ਤੋਂ ਸਾਰਿਆਂ ਨੂੰ ਫਾਇਦਾ ਹੁੰਦਾ ਹੈ। ਇਸ ਅਧਿਐਨ ਵਿਚ ਇਹ ਵੀ ਪਾਇਆ ਗਿਆ ਕਿ ਬਾਹਰੀ ਗਤੀਵਿਧੀਆਂ ਸਰੀਰਕ ਤੰਦਰੁਸਤੀ ਨੂੰ ਘੱਟ, ਮਾਨਸਿਕ ਸਿਹਤ ਨੂੰ ਜ਼ਿਆਦਾ ਸੁਧਾਰਦੀਆਂ ਹਨ। ਇਸ ਅਧਿਐਨ ਨੇ ਲੋਕਾਂ ਨੂੰ ਇੱਕ ਦੂਜੇ ਨਾਲ ਮਿਲ ਕੇ ਕੁਦਰਤ ਨਾਲ ਜੁੜਨ ਲਈ ਉਤਸ਼ਾਹਿਤ ਕੀਤਾ ਹੈ। ਕੁਦਰਤ ਨਾਲ ਜੁੜੀਆਂ ਇਹ ਗਤੀਵਿਧੀਆਂ ਸਾਡੇ ਲਈ ਅਰਥਪੂਰਨ ਹੁੰਦੀਆਂ ਹਨ ਅਤੇ ਕੁਦਰਤ ਦੇ ਵਿਚਕਾਰ ਰਹਿ ਕੇ ਅਸੀਂ ਇੱਕ ਦੂਜੇ ਪ੍ਰਤੀ ਸਕਾਰਾਤਮਕ ਹੁੰਦੇ ਹਾਂ।



## ਤਣਾਅ, ਥਕਾਵਟ ਦੇ ਵਿਚਕਾਰ ਸੁੱਖ ਦਾ ਅਹਿਸਾਸ

ਆਧੁਨਿਕ ਜੀਵਨ ਸ਼ੈਲੀ ਵਿਚ ਲੋਕ ਆਪਣਾ ਜ਼ਿਆਦਾਤਰ ਸਮਾਂ ਘਰ ਜਾਂ ਦਫ਼ਤਰ ਦੇ ਅੰਦਰ ਫੋਨ, ਟੈਲੀਵਿਜ਼ਨ ਜਾਂ ਕੰਪਿਊਟਰ ਦੀ ਸਕ੍ਰੀਨ 'ਤੇ ਬਿਤਾਉਂਦੇ ਹਨ। ਦਿਨ ਭਰ ਦਫ਼ਤਰ ਵਿਚ ਰਹਿਣ ਦੌਰਾਨ ਮਾਨਸਿਕ ਤੌਰ 'ਤੇ ਥੱਕੇ ਹੋਣ ਦੇ ਕਾਰਨ ਅਸੀਂ ਤਣਾਅ ਦਾ ਸ਼ਿਕਾਰ ਹੁੰਦੇ ਹਾਂ ਅਤੇ ਅਜਿਹੇ ਵਾਤਾਵਰਣ ਵਿਚ ਜੇਕਰ ਸਾਡਾ ਤਨ ਅਤੇ ਮਨ ਆਰਾਮ ਪਾਉਂਦੇ ਹਨ, ਤਾਂ ਸਾਡੀ ਇਕਾਗਰਤਾ ਵਧਦੀ ਹੈ ਅਤੇ ਸਾਨੂੰ ਖੁਸ਼ੀ ਦਾ ਅਨੁਭਵ ਹੁੰਦਾ ਹੈ। ਦਿਲ ਨੂੰ ਸੁੱਖ ਮਿਲਦਾ ਹੈ, ਰੋਜ਼ਾਨਾ ਦੀ ਭੱਜ-ਦੌੜ ਵਾਲੀ ਜ਼ਿੰਦਗੀ ਤੋਂ ਕੁਝ ਸਮੇਂ ਲਈ ਕੁਦਰਤ ਦੀ ਮੌਜੂਦਗੀ ਵਿਚ ਸਾਨੂੰ ਮਾਨਸਿਕ ਸ਼ਾਂਤੀ ਵੀ ਮਿਲਦੀ ਹੈ ਅਤੇ ਸਾਡੀ ਰਚਨਾਤਮਕ ਸਮਰੱਥਾ ਵੀ ਵਧਦੀ ਹੈ। ਕਈ ਵਾਰ ਜਦੋਂ ਅਸੀਂ ਮਾਨਸਿਕ ਤੌਰ 'ਤੇ ਥੱਕ ਜਾਂਦੇ ਹਾਂ ਅਤੇ ਤਾਜ਼ੀ ਹਵਾ ਲਈ ਬਾਹਰ ਕੁਦਰਤ ਦੇ ਨੇੜੇ ਰਹਿੰਦੇ ਹਾਂ, ਤਾਂ ਸਾਨੂੰ ਆਪਣੇ ਆਪ ਨੂੰ ਬਿਹਤਰ ਲੱਗਦਾ ਹੈ।

## ਇਹ ਗਤੀਵਿਧੀਆਂ ਲਾਭਦਾਇਕ ਹਨ

ਕੁਦਰਤ ਵਿਚ ਆਪਣਾ ਸਮਾਂ ਬਿਤਾਉਣ ਲਈ ਸੈਰ ਕਰਨਾ, ਸਾਈਕਲ ਚਲਾਉਣਾ ਜਾਂ ਲੰਬੀ ਦੂਰੀ 'ਤੇ ਤੁਰਨਾ ਚੰਗਾ ਲੱਗਦਾ ਹੈ। ਇਸ ਨਾਲ ਅਸੀਂ ਭਾਰ ਨੂੰ ਕਾਬੂ ਵਿਚ ਰੱਖ ਸਕਦੇ ਹਾਂ। ਮਾਸਪੇਸ਼ੀਆਂ ਵਿਚ ਤਣਾਅ ਘੱਟ ਹੁੰਦਾ ਹੈ। ਦਿਲ ਦੀ ਪ੍ਰਣਾਲੀ 'ਤੇ ਘੱਟ ਦਬਾਅ ਹੋਣ ਨਾਲ ਦਿਲ ਦੀ ਧੜਕਣ ਅਤੇ ਬਲੱਡ ਪ੍ਰੈਸ਼ਰ ਵੀ ਘੱਟ ਜਾਂਦਾ ਹੈ। ਜਿਹੜੇ ਲੋਕ ਕੁਦਰਤ ਦੇ ਬਹੁਤ ਨੇੜੇ ਰਹਿੰਦੇ ਹਨ, ਉਨ੍ਹਾਂ ਵਿਚ ਦਿਲ ਦੀ ਬਿਮਾਰੀ ਦੀ ਦਰ ਵੀ ਘੱਟ ਹੁੰਦੀ ਹੈ। ਖੁੱਲ੍ਹੇ ਮਾਹੌਲ ਵਿਚ ਰਹਿਣ ਨਾਲ ਸਰੀਰ ਵਿਚ ਵਿਟਾਮਿਨ ਡੀ ਦਾ ਪੱਧਰ ਵਧਦਾ ਹੈ, ਜੋ ਕਿ ਹੱਡੀਆਂ, ਖੂਨ ਦੀਆਂ ਸੈੱਲਾਂ ਅਤੇ ਇਮਿਊਨ ਸਿਸਟਮ ਲਈ ਮਹੱਤਵਪੂਰਨ ਹੈ। ਕੁਦਰਤ ਸਾਡੀ ਚਿੰਤਾ ਨੂੰ ਘਟਾਉਂਦੀ ਹੈ। ਤਣਾਅ ਅਤੇ ਗੁੱਸਾ ਘਟਦਾ ਹੈ। ਹਰੀਆਂ ਥਾਵਾਂ 'ਤੇ ਰਹਿਣ ਨਾਲ ਸਾਨੂੰ ਉਦਾਸੀ ਘੱਟ ਹੁੰਦੀ ਹੈ। ਦੂਜਿਆਂ ਦੇ ਨਾਲ ਅਜਿਹੇ ਸਥਾਨ 'ਤੇ ਰਹਿਣ ਨਾਲ ਸਾਡਾ ਸਮਾਜਿਕ ਦਾਇਰਾ ਵਧਦਾ ਹੈ ਅਤੇ ਅਣਜਾਣ ਲੋਕਾਂ ਨਾਲ ਮੁਲਾਕਾਤਾਂ ਹੁੰਦੀਆਂ ਹਨ।

## ਹਰਿਆਲੀ ਦਾ ਸਕਾਰਾਤਮਕ ਪ੍ਰਭਾਵ

ਕੁਦਰਤੀ ਰੌਸ਼ਨੀ ਵਿਚ ਰਹਿਣ ਨਾਲ ਨੀਂਦ ਵੀ ਚੰਗੀ ਆਉਂਦੀ ਹੈ। ਕੁਦਰਤ ਸਿਰਫ਼ ਵੱਡੇ ਲੋਕਾਂ ਲਈ ਹੀ ਨਹੀਂ, ਸਗੋਂ ਬੱਚਿਆਂ ਲਈ ਵੀ ਲਾਭਦਾਇਕ ਹੁੰਦੀ ਹੈ। ਡੈਨਮਾਰਕ ਵਿਚ 1985 ਅਤੇ 2003 ਦੇ ਵਿਚਕਾਰ ਪੈਦਾ ਹੋਏ 9,00,000 ਲੋਕਾਂ ਦੀ ਜਾਂਚ ਕੀਤੀ ਗਈ, ਜਿਸ ਵਿਚ ਪਾਇਆ ਗਿਆ ਕਿ ਹਰਿਆਲੀ ਵਾਲੀਆਂ ਥਾਵਾਂ 'ਤੇ ਰਹਿਣ ਵਾਲੇ ਬੱਚਿਆਂ ਨੂੰ ਮਾਨਸਿਕ ਵਿਕਾਰਾਂ ਦਾ ਘੱਟ ਖ਼ਤਰਾ ਹੁੰਦਾ ਹੈ। ਜਿਹੜੇ ਲੋਕ ਨਿਯਮਿਤ ਤੌਰ 'ਤੇ ਪਾਰਕਾਂ ਅਤੇ ਹਰੀਆਂ ਥਾਵਾਂ ਦੇ ਨੇੜੇ ਰਹਿੰਦੇ ਹਨ, ਕੁਦਰਤ ਨਾਲ ਆਪਣਾ ਸਬੰਧ ਰੱਖਦੇ ਹਨ, ਉਹ ਵਧੇਰੇ ਸਿਹਤਮੰਦ ਹੁੰਦੇ ਹਨ ਅਤੇ ਲੰਬੇ ਸਮੇਂ ਤੱਕ ਜੀਉਂਦੇ ਹਨ। ਕੁਦਰਤ ਦੇ ਸੰਪਰਕ ਵਿਚ ਰਹਿਣ, ਕਸਰਤ ਕਰਨ ਨਾਲ ਉਨ੍ਹਾਂ ਦੀ ਸਿਹਤ 'ਤੇ ਸਕਾਰਾਤਮਕ ਪ੍ਰਭਾਵ ਪੈਂਦਾ ਹੈ।

ਅਸੀਂ 10-15 ਮਿੰਟ ਬਾਹਰ ਖੜ੍ਹੇ ਹੋ ਕੇ ਧੁੱਪ ਪਾਉਂਦੇ ਹਾਂ, ਤਾਂ ਸ਼ਾਂਤੀ ਦਾ ਅਹਿਸਾਸ ਹੁੰਦਾ ਹੈ। ਥੋੜ੍ਹੀ ਦੇਰ ਲਈ ਘਾਹ 'ਤੇ ਤੁਰੋ, ਤੁਹਾਨੂੰ ਬਹੁਤ ਵਧੀਆ ਲੱਗੇਗਾ। ਸੈਰ ਕਰਨ ਲਈ, ਡੂੰਘੇ ਸਾਹ ਲਓ। ਆਪਣੇ ਘਰ ਦੀ ਬਾਲਕੋਨੀ ਵਿਚ ਹਰਿਆਲੀ ਦਾ ਆਨੰਦ ਮਾਣੋ। ਉੱਥੇ ਲੈਪਟਾਪ ਤੋਂ ਕੰਮ ਕਰੋ। ਪਿਕਨਿਕ 'ਤੇ ਜਾਓ, ਉੱਥੇ ਗੇਮਾਂ ਖੇਡੋ। ਨਦੀ ਵਿਚ ਕਿਸ਼ਤੀ ਚਲਾਓ। ਘਰ ਦੇ ਨੇੜੇ ਕਿਸੇ ਰੁੱਖ ਹੇਠ ਬੈਠ ਕੇ ਕਿਤਾਬ ਪੜ੍ਹੋ। ਆਪਣੀ ਛੱਤ 'ਤੇ ਇੱਕ ਗਾਰਡਨ ਬਣਾ ਕੇ ਉੱਥੇ ਖਾਣਾ ਪਕਾਓ ਅਤੇ ਖਾਓ। ਕੁਝ ਵੀ ਅਜਿਹੀ ਗਤੀਵਿਧੀ ਕਰੋ, ਜਿਸ ਨਾਲ ਤੁਹਾਨੂੰ ਕੁਦਰਤ ਦੇ ਨਾਲ ਸਮਾਂ ਬਿਤਾਉਣ ਦਾ ਮੌਕਾ ਮਿਲੇ।

# ਇੰਝ ਨਾ ਸੋਚ ਹਾਕਮਾਂ

ਇੰਝ ਨਾ ਸੋਚ ਹਾਕਮਾਂ,
ਕਿ ਤੂੰ ਸੱਚੀ ਕਲਮ ਨੂੰ,
ਤੋੜ ਕੇ ਖਤਮ ਕਰ ਦਿੱਤਾ,
ਇਹ ਤਾਂ ਭੁਲੇਖਾ ਹੈ ਤੇਰਾ,
ਸੱਚ ਤਾਂ ਇਹ ਹੈ ਕਿ,
ਜੇ ਤੂੰ ਇੱਕ ਸੱਚੀ ਕਲਮ ਤੋੜੇਂਗਾ,
ਤਾਂ ਇੱਕ ਤੋਂ ਦੋ ਹੋ ਜਾਣੀਆਂ,
ਪਰ ਖਤਮ ਨਹੀਂ....

ਜਿਸਨੂੰ ਤੂੰ ਇੱਕਲੀ ਸਮਝਦੈਂ,
ਉਹ ਇੱਕ ਦਿਨ ਕਾਫਲਾ ਬਣੇਗਾ ,
ਜਿਸਨੂੰ ਚਾਹੁੰਦਾ ਹੈ ਤੂੰ ਰੋਕਣਾ,
ਉਹ ਤੈਨੂੰ ਲੰਘੇਗੀ ਮਿੱਧ ਕੇ,
ਨਾਲ ਹੀ ਤੇਰੀਆਂ ਕੀਤੀਆਂ,
ਕਾਲੀਆਂ ਕਰਤੂਤਾਂ ਉਜਾਗਰ ਕਰੇਗੀ,
ਇਸ ਕਲਮ ਨੂੰ ਇੰਝ ਨਾ ਵੇਖ,
ਕਿ ਇਹ ਤੇਰੇ ਵਰਗੀ ਹੋਵੇਗੀ....

ਇਸਨੇ ਮੌਤ ਤੋਂ ਥੋੜੀ ਡਰਨਾ,
ਉਹ ਤਾਂ ਚੜ ਕੇ ਆਉਗੀ ਤੇਰੇ 'ਤੇ,
ਬਹਿ ਜਾਂਦੀ ਆ ਤੱਤੀਆਂ ਤਵੀਆਂ 'ਤੇ,
ਚੜ੍ਹ ਜਾਂਦੀ ਆ ਸੂਲੀਆਂ 'ਤੇ,
ਸਫਰ ਹੀ ਮੜੀਆਂ 'ਚੋਂ ਸ਼ੁਰੂ ਕਰਦੀ,
ਉਹਨੂੰ ਤੇਰੇ ਵਰਗਿਆ ਦਾ ਕੀ ਖੌਫ,
"ਜੋਗਿਆ" ਪੈਂਡਾ ਕੰਢਿਆਲੀ ਹੈ,
ਪਰ ਸੁੰਨਸਾਨ ਹੈ ਭੀੜ ਵਾਲਾ ਨਹੀਂ,

ਤੇਰਿਆਂ ਚਾਪਲੂਸਾਂ ਕਲਮਾਂ ਵਾਂਗੂੰ,
ਤੈਨੂੰ ਝੁਕ ਕੇ ਸਲਾਮ ਥੋੜਾ ਕਰਨਾ,
ਉਹਨੇ ਤੇ ਕਰਨਾ ਇਹ ਵਾਰ ਮੱਥੇ 'ਚ,
ਬਚਿੱਤਰ ਸਿਓਂ ਦੀ ਨਾਗਣੀ ਵਾਗੂੰ,
ਜਿਸਨੂੰ ਤੂੰ ਮੌਤ ਦੇ ਡਰਾਵੇ ਦੇਨਾਂ,
ਉਸਦਾ ਤਾਂ ਜਨਮ ਹੀ ਮੌਤ 'ਚੋਂ ਹੋਇਆ,



ਜਸਵੰਤ ਸਿੰਘ ਜੋਗਾ
ਫੋਨ : 62396-43306

ਪੰਜਾਬ ਮੇਲ USA

# ਅਰਦਾਸ

ਹੌਕਿਆਂ ਦੇ ਨਾਲ ਮੌਸਮ ਵੀ ਸਰਦ ਹੋ ਗਏ
ਸਾਡੇ ਖੁੱਸ਼ੀਆਂ ਦੇ ਹੰਝੂ ਸਿੱਲ੍ਹੇ ਹੋ ਦਰਦ ਹੋ ਗਏ।

ਪੰਜਾਬ ਨੂੰ ਲੱਗੀ ਨਜ਼ਰ ਕੋਈ ਮਿਰਚਾਂ ਵਾਰੋ
ਜੁਆਨੋ ਨਸ਼ਿਆਂ ਮੂਹਰੇ ਨਾ ਤੁਸੀਂ ਸਿਦਕ ਹਾਰੋ॥

ਸੋਨੇ ਰੰਗੀਂ ਧਰਤ ਨੂੰ ਸਿਵਿਆਂ ਦੀ ਰਾਖ ਦਾ ਵੱਟਣਾ
ਮਾਵਾਂ ਦੇ ਪੁੱਤ ਜਹਾਨੋਂ ਤੁਰ ਗਏ ਹੋਰ ਕੀ ਖੱਟਣਾ।

ਸੁੰਨੇ ਪਏ ਵਿਹੜੇ ਸੱਖਣੀਆਂ ਹੋਈਆਂ ਕੁੱਖਾਂ
ਨੀਵੀਂ ਪਾ ਬਾਬੁਲ ਬੈਠਾਂ ਜਿੰਦ ਖਾ ਲਈ ਦੁੱਖਾਂ॥

ਦਰ ਤੇਰਾ ਬਲ ਤੇਰਾ, ਦਾਤਾ ਹੁਕਮ ਵੀ ਚਲੇ ਤੇਰਾ
ਇਕੋ ਅਰਜ਼ ਰੱਬਾਂ ਮੋੜ ਦੇ ਨੱਚਦਾ ਪੰਜਾਬ ਮੇਰਾ।

ਛਿੰਝਾਂ, ਮੇਲਿਆਂ, ਅਖਾੜਿਆਂ, ਤ੍ਰਿੰਝਣਾ, ਤੀਆਂ, ਮੇਲੇ
ਅਰਦਾਸ ਮੇਰੀ ਬਾਬਿਆਂ ਨਾਲ ਸੱਥਾਂ ਵਿਚ ਜੁਆਨੀ ਖੇਲੇ॥



-ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ , ਪੰਜਾਬ।

ਪੰਜਾਬ ਮੇਲ USA

# ਮੇਰਾ ਪਿੰਡ

ਮੈਨੂੰ ਮੇਰਾ ਪਿੰਡ ਹੁਣ ਪਹਿਲਾਂ ਵਰਗਾ ਨਜ਼ਰੀਂ ਆਉਂਦਾ ਨਹੀਂ।
ਮੇਰੇ ਪਿੰਡ ਵਿਚ ਪਹਿਲਾਂ ਵਾਂਗੂੰ ਹੁਣ ਕੋਈ ਪਿਆਰ ਜਤਾਉਂਦਾ ਨਹੀਂ।
ਸਾਰੇ ਪਿੰਡ ਦੀਆਂ ਗਲੀਆਂ ਦੇ ਵਿਚ ਗੇੜਾ ਲਾ ਕੇ ਵੇਖਿਆ ਮੈਂ,
ਹਾਕ ਮਾਰ ਕੇ ਹੁਣ ਕੋਈ ਆਪਣੇ ਘਰ ਦੇ ਵਿਚ ਬਿਠਾਉਂਦਾ ਨਹੀਂ।
ਪਿੰਡ ਦੀ ਸਾਂਝੀ ਥਾਂ 'ਤੇ ਹੁਣ ਕੋਈ ਢਾਣੀ ਜੁੜਕੇ ਬਹਿੰਦੀ ਨਾ,
ਬਹਿਕੇ ਬੋਹੜ ਦੀ ਛਾਵੇਂ ਹੁਣ ਕੋਈ ਤਾਸ਼ ਦੀ ਬਾਜ਼ੀ ਲਾਉਂਦਾ ਨਹੀਂ।
ਕੰਮ ਕਿਸੇ ਦਾ ਵੇਖ ਵਿਗੜਦਾ ਤਾੜੀਆਂ ਲੋਕ ਵਜਾਉਂਦੇ ਨੇ,
ਇੱਕ-ਦੂਜੇ ਦੀ ਮਦਦ ਹੁਣ ਕੋਈ ਆਪਣੇ-ਆਪ ਕਰਾਉਂਦਾ ਨਹੀਂ।
ਆਪਣੇ ਘਰ ਦੀ ਚਾਰਦੀਵਾਰੀ ਦੇ ਅੰਦਰ ਸਭ ਕੈਦੀ ਨੇ,
ਸੁਣਕੇ ਚੀਖ-ਚਿਹਾੜਾ ਵੀ ਹੁਣ ਘਰ ਤੋਂ ਬਾਹਰ ਕੋਈ ਆਉਂਦਾ ਨਹੀਂ।
ਪਿੰਡ ਦੇ ਮੁੰਡੇ-ਕੁੜੀਆਂ ਪਿੰਡ ਵਿਚ ਖੇਡ ਰਚਾਉਂਦੇ ਇਸ਼ਕੇ ਦੀ,
ਚੁੱਪ-ਚੁਪੀਤੇ ਜਰਦੇ ਲੋਕੀਂ ਸ਼ਾਇਦ ਕੋਈ ਬੁਰਾ ਮਨਾਉਂਦਾ ਨਹੀਂ।
ਆਪਣੇ-ਆਪ 'ਚ ਰਹਿਣ ਦੀ ਆਦਤ ਪਾ ਲਈ ਪਿੰਡ ਦੇ ਲੋਕਾਂ ਨੇ,
ਆਂਢ-ਗੁਆਂਢ ਦੇ ਵਿਚ ਵੀ ਹੁਣ ਕੋਈ ਆਪਸੀ ਸਾਂਝ ਵਧਾਉਂਦਾ ਨਹੀਂ।
ਪਿੰਡ ਮੇਰੇ ਵਿਚ ਧੜੇਬੰਦੀ ਨੇ ਵੈਰ ਪੁਆਤੇ ਲੋਕਾਂ ਦੇ,
ਭਾਈਆਂ ਦੇ ਭਾਈ ਜਾਨ ਦੇ ਵੈਰੀ ਹੁਣ ਕੋਈ ਸੁਲ੍ਹਾ ਕਰਾਉਂਦਾ ਨਹੀਂ।
ਕੁੱਝ ਨਸ਼ੇ ਨੇ ਨਿਗਲੇ ਗੱਭਰੂ ਕੁੱਝ ਪਰਦੇਸੀਂ ਤੁਰ ਗਏ ਨੇ,
ਪਿੰਡ ਵਿਚ ਰਹਿ ਗਿਆਂ ਵਿਚੋਂ ਹੁਣ ਕੋਈ ਕੰਮ ਨੂੰ ਹੱਥ ਵੀ ਲਾਉਂਦਾ ਨਹੀਂ।
ਇੱਕ-ਦੂਜੇ ਦੀ ਰੀਸੋ-ਰੀਸੀ ਖਰਚ ਵਧਾ ਲਏ ਲੋਕਾਂ ਨੇ,
ਆਪਣੀ ਹਾਲਤ ਵੇਖਕੇ ਹੁਣ ਕੋਈ 'ਨਾਗਰਾ' ਵਕਤ ਲੰਘਾਉਂਦਾ ਨਹੀਂ।

-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'
ਪੋਰਟਲੈਂਡ, ਓਰੇਗਨ (ਅਮਰੀਕਾ)
ਫੋਨ : +1-360-448-1989



ਪੰਜਾਬ ਮੇਲ USA

# ਸ਼ਾਇਰਾਂ ਦੀ ਦੁਨੀਆਂ

ਬੜੀ ਅਜਬ ਹੈ ਇਹ ਸ਼ਾਇਰਾਂ ਦੀ ਦੁਨੀਆਂ,
ਹੁੰਦੀ ਗਜ਼ਬ ਹੈ ਇਹ ਸ਼ਾਇਰਾਂ ਦੀ ਦੁਨੀਆਂ।
ਬਿਨਾਂ ਪਰਾਂ ਤੋਂ ਉਡਾਰੀ ਲਾਵੇ ਖਿਆਲਾਂ 'ਚ,
ਜਜ਼ਬੇ ਭਰੀ ਹੈ ਇਹ ਸ਼ਾਇਰਾਂ ਦੀ ਦੁਨੀਆਂ।

ਕਦੇ ਬਚਪਨਾ ਕਦੇ ਲੜਕਪਨ ਵੀ ਰੱਖਦੀ,
ਬੁਢਾਪੇ 'ਚ ਗੱਭਰੂ ਹੈ ਸ਼ਾਇਰਾਂ ਦੀ ਦੁਨੀਆਂ।
ਟਿੱਚਰਾਂ ਕਰੇ ਕਦੇ ਅਲ੍ਹਾਣੀਆਂ ਹੈ ਗਾਉਂਦੀ,
ਮੁਹੱਬਤ ਵਾਲੀ ਹੈ ਇਹ ਸ਼ਾਇਰਾਂ ਦੀ ਦੁਨੀਆਂ।

ਬੇਦ ਕਤੇਬ ਕੁਰਾਨ ਪੁਰਾਨ ਹੋਵੇ ਰਮਾਇਣ,
ਮਹਾਂਭਾਰਤ ਗਾਉਂਦੇ ਸ਼ਾਇਰਾਂ ਦੀ ਦੁਨੀਆਂ।
ਰਿਸ਼ੀਆਂ ਮੁਨੀਆਂ ਗੁਰੂ-ਪੀਰਾਂ ਨੇ ਪਛਾਣੀ,
ਕਾਦਰ ਸਲਾਹੁੰਦੀ ਹੈ ਸ਼ਾਇਰਾਂ ਦੀ ਦੁਨੀਆਂ।

ਕਹੇ ਬਾਬਰ ਨੂੰ ਜਾਬਰ ਕਰੇ ਨਹੀਂ ਖੁਸ਼ਾਮਦ,
ਹਿੱਕ ਡਾਹ ਲੜੇ ਇਹ ਸ਼ਾਇਰਾਂ ਦੀ ਦੁਨੀਆਂ।
ਜ਼ਹਿਰ ਦਾ ਪਿਆਲਾ ਤੱਕ ਡਰੇ ਨ ਸੁਕਰਾਤ,
ਸੱਚ 'ਤੇ ਖੜ੍ਹੀ ਹੈ ਇਹ ਸ਼ਾਇਰਾਂ ਦੀ ਦੁਨੀਆਂ।

ਤੱਤੀ ਤਵੀ 'ਤੇ ਬੈਠੇ ਨਾਲ਼ੇ ਸੁਖਮਨੀ ਉਚਾਰੇ,
ਹਾਰੀ ਨ ਜ਼ੁਲਮ ਅੱਗੇ ਸ਼ਾਇਰਾਂ ਦੀ ਦੁਨੀਆਂ।
'ਦੇਹੁ ਸ਼ਿਵਾ ਬਰ' ਮੈਦਾਨੇ-ਜੰਗ ਵਿਚ ਗਾਵੇ,
ਸਦਾ ਚੜ੍ਹਦੀ ਕਲਾ ਹੈ ਸ਼ਾਇਰਾਂ ਦੀ ਦੁਨੀਆਂ।

ਜ਼ਾਲਿਮ ਨਾਲ ਲੜਦੀ ਸੱਚ ਇਨਸਾਫ਼ ਲਈ,
ਸੱਚ-ਹੱਕ 'ਤੇ ਖੜ੍ਹੀ ਹੈ ਸ਼ਾਇਰਾਂ ਦੀ ਦੁਨੀਆਂ।
ਮਜ਼ਬਾਂ ਦੀ ਨਫ਼ਰਤ ਜੇ ਫਿਰਕਾਪ੍ਰਸਤੀ ਛਾਈ,
ਪਿਆਰ ਦਾ ਸੰਦੇਸ਼ ਹੈ ਸ਼ਾਇਰਾਂ ਦੀ ਦੁਨੀਆਂ।

ਪਰਬਤ ਆਰੋਹੀ ਹੈ ਕਦੇ ਸਮੁੰਦਰਾਂ ਦੀ ਤਾਰੂ,
ਅੰਬਰ 'ਚ ਉਡਾਰੀ ਹੈ ਸ਼ਾਇਰਾਂ ਦੀ ਦੁਨੀਆਂ।
ਨਦੀਆਂ, ਨਾਲ਼ੇ ਪਹਾੜੋਂ ਕਲ ਕਲ ਨੇ ਵਹਿੰਦੇ,
ਬਹੁਤ ਚੰਚਲ ਦਿਲ ਹੈ ਸ਼ਾਇਰਾਂ ਦੀ ਦੁਨੀਆਂ।

-ਸੇਵਾ ਸਿੰਘ "ਨੂਰਪੁਰੀ"



ਪੰਜਾਬ ਮੇਲ USA

# ਬਾਬਾ ਦੀਪ ਸਿੰਘ ਸ਼ਹੀਦ



ਦੀਪ ਸਿੰਘ ਨੇ ਵਿਚ ਸ਼ਹੀਦਾਂ, ਵੱਡਾ ਰੁਤਬਾ ਪਾਇਆ।
ਭਾਈ ਭਗਤਾ ਦਾ ਬਲੀ ਬੇਟਾ ਸੀ, ਜੀਉਣੀ ਮਾਂ ਦਾ ਜਾਇਆ॥
ਸਿੰਘ ਸੂਰਮਾ ਸਿਰਲੱਥ ਜੰਮਿਆ, ਯੋਧਾ ਤੇ ਵਿਦਵਾਨ।
ਗੁਣੀ-ਗਿਆਨੀ, ਸੰਤ-ਸਿਪਾਹੀ, ਦੀਪਾ ਮੁੱਢਲਾ ਨਾਮ॥
ਛਕ ਅੰਮ੍ਰਿਤ ਦਸ਼ਮੇਸ਼ ਪਿਤਾ ਤੋਂ, ਗੁਰੂ ਤੋਂ ਲਈ ਅਸੀਸ।
ਹਰਿਮੰਦਰ ਦੀ ਰੱਖਿਆ ਖਾਤਰ, ਤਲੀ ਤੇ ਰੱਖਿਆ ਸੀਸ॥
ਗੁਰੂ ਦੀ ਸੈਨਾ ਵਿੱਚ ਰਹਿ ਉਸਨੇ, ਕੀਤੇ ਯੁੱਧ ਅਨੇਕ।
ਸੱਚੇ ਪਰਵਦਗਾਰ ਤੇ ਉਸਨੇ, ਰੱਖੀ ਹਮੇਸ਼ਾ ਟੇਕ॥
ਸਾਬੋ ਕੀ ਤਲਵੰਡੀ ਆਇਆ, ਗੁਰੂ ਦੀ ਸਿੱਖਿਆ ਧਾਰੀ।
ਖੁਸ਼ ਹੋ ਉਹਦੀ ਸੇਵਾ ਤੋਂ ਗੁਰ, ਸੌਂਪੀ ਸੀ ਜੱਥੇਦਾਰੀ॥
ਗੁਰੂ ਗ੍ਰੰਥ ਸਾਹਿਬ ਦੇ ਬਾਬੇ, ਕੀਤੇ ਚਾਰ ਉਤਾਰੇ।
ਉਹਦੇ ਕੌਤਕ ਅਜਬ-ਅਨੋਖੇ, ਜਾਵਾਂ ਮੈਂ ਬਲਿਹਾਰੇ॥
ਬਾਬਾ ਜੀ ਨੇ ਵਿੱਚ ਤਲਵੰਡੀ, ਖੂਹ ਸੀ ਇੱਕ ਲਗਵਾਇਆ।
ਠੰਡੇ-ਮਿੱਠੇ ਪਾਣੀ ਦਾ ਪਿਆ, ਵਗੇ ਅਜੇ ਸਰਮਾਇਆ॥
ਭੋਰੇ ਬੈਠ ਤਪੱਸਿਆ ਕੀਤੀ, ਉਸ ਬਹਾਦਰ ਸੂਰੇ।
ਬੁਰਜ ਉਸਦੀ ਯਾਦ 'ਚ ਅੱਜ ਤੱਕ, ਪਿਆ ਵੈਰੀ ਨੂੰ ਘੂਰੇ॥
ਮਿਲ ਕੇ ਨਾਲ 'ਬਹਾਦਰ ਬੰਦੇ', ਦੁਸ਼ਮਣ ਸਨ ਕਈ ਸੋਧੇ।
ਕੋਈ ਮੁਗਲ ਨਾ ਟਿਕਿਆ ਸਾਹਵੇਂ, ਏਸ ਬਹਾਦਰ ਯੋਧੇ॥
ਕਰਕੇ ਇੱਕਮੁੱਠ ਸਿੱਖਾਂ ਨੂੰ ਉਸ, 'ਮਿਸਲ ਸ਼ਹੀਦ' ਬਣਾਈ।
ਥਰ-ਥਰ ਜ਼ਾਲਮ ਕੰਬਣ ਲੱਗੇ, ਐਸੀ ਧਾਕ ਜਮਾਈ॥
ਅਬਦਾਲੀ ਨੇ ਹਮਲਾ ਕਰਕੇ, ਹਿੰਦੋਸਤਾਨ ਡਰਾਇਆ।
ਬਾਬਾ ਨੇ ਫ਼ਿਰ ਬੋਲ ਕੇ ਹੱਲਾ, ਔਰਤਾਂ ਨੂੰ ਛੁਡਵਾਇਆ॥
ਖਾਨ ਜਹਾਨ ਬੇਅਦਬੀ ਕੀਤੀ, ਸਾਡੇ ਅੰਮ੍ਰਿਤ-ਸਰ ਦੀ।
ਪੂਰ ਦਿੱਤਾ ਉਸ ਪਾਕ ਸਰੋਵਰ, ਜੀਭ ਆਖਣੋਂ ਡਰਦੀ॥
ਸੁਣੀ ਖ਼ਬਰ ਜਦ ਦੀਪ ਸਿੰਘ ਨੇ, ਖਾਧਾ ਖ਼ੂਨ ਉਬਾਲੇ।
ਸਿੰਘ ਝੱਈਆਂ ਲੈ ਉੱਠੇ, ਸਨ ਜੋ ਮਰਨ-ਮਾਰਨ ਨੂੰ ਕਾਹਲੇ॥
ਅੱਗੇ ਵਧ ਕੇ ਦੀਪ ਸਿੰਘ ਨੇ, ਖਿੱਚੀ ਇੱਕ ਲਕੀਰ।
'ਜਾਨ ਵਾਰਨੀ ਜਾਣੇ ਜਿਹੜਾ, ਵਧੇ ਅੱਗੇ ਉਹ ਵੀਰ'॥
ਅੰਮ੍ਰਿਤਸਰ ਤੋਂ ਕੁਝ ਦੂਰੀ 'ਤੇ, ਸਖ਼ਤ ਟਾਕਰਾ ਹੋਇਆ।
ਵੇਖ ਮੁਗਲ ਦੀ ਫ਼ੌਜ ਵਡੇਰੀ, ਜ਼ਰਾ ਨਾ ਧੀਰਜ ਖੋਇਆ॥
ਰੋਹ ਵਿਚ ਆ ਕੇ ਬਾਬੇ ਨੇ ਫ਼ਿਰ, ਉਹ ਖੜਕਾਇਆ ਖੰਡਾ।
ਏਦੂੰ ਪਾਰੋਂ ਓਸ ਪਾਰ ਉਸ, ਕੀਤਾ ਦੁਸ਼ਮਣ ਠੰਡਾ॥
ਗਹਿਗੱਚ ਉਸ ਲੜਾਈ ਦੇ ਵਿਚ, ਸਿੰਘ ਜ਼ਰਾ ਨਾ ਡੋਲੇ।
ਹੱਸ-ਹੱਸ ਦੇਣ ਸ਼ਹੀਦੀ ਜੰਗ ਵਿਚ, ਗਾਉਂਦੇ ਗੁਰੂ ਦੇ ਸੋਹਲੇ॥
ਸਿੰਘ ਸੂਰਮੇ ਰਣ-ਭੂਮੀ ਵਿਚ, ਸ਼ੇਰਾਂ ਵਾਂਗੂੰ ਗੱਜੇ।
ਸੀਸ ਤਲੀ 'ਤੇ ਰੱਖ ਕੇ ਬਾਬੇ, ਵੈਰੀ ਲਾ ਲਿਆ ਅੱਗੇ॥
ਸੀਸ ਭੇਟ ਕਰ ਗੁਰ-ਚਰਨਾਂ ਵਿਚ, ਅੰਤਿਮ ਫ਼ਤਹਿ ਬੁਲਾਈ।
ਬਾਬਾ ਦੀਪ ਸਿੰਘ ਨੇ ਏਦਾਂ, ਸਿੱਖੀ ਤੋੜ ਨਿਭਾਈ॥
ਪ੍ਰੀਤ ਦੀ ਰੀਤ ਨਿਭਾਉਣੀ ਔਖੀ, ਸੌਖਾ ਬੜਾ ਹੈ ਕਹਿਣਾ।
ਦਰ ਦਾਤੇ ਦੇ ਢਹਿ ਪੈ ਬੰਦਿਆ, ਚਾਹਵੇਂ ਜੇ ਕੁਝ ਲੈਣਾ॥
ਖੰਨਿਓਂ ਤਿੱਖੀ, ਵਾਲੋਂ ਨਿੱਕੀ, ਪਾਕ-ਪਵਿੱਤਰ ਸਿੱਖੀ।
ਹੋ ਨਤਮਸਤਕ ਦੀਪ ਸਿੰਘ ਨੂੰ, ਕਵੀ ਨੇ ਕਵਿਤਾ ਲਿਖੀ॥

* ਪ੍ਰੋ. ਨਵ ਸੰਗੀਤ ਸਿੰਘ, ਪਟਿਆਲਾ
94176-92015



ਪੰਜਾਬ ਮੇਲ USA

# PUNJAB MAIL USA

TV Channel, Newspaper, Radio




24 Hours 7 Days

## All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

For any Information & Advertisement Call at

**+1-916-320-9444**



## FOR SALE & PURCHASE OF ANY KIND OF PROPERTY

RE/MAX



RE/MAX®
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567

**916-320-9444**